विश्व भर में सबसे ज्यादा पढ़ा जाने वाला

@Qpatrika | @qaumipatrika punjabi | instagram.com/qaumipatrika

DAK EDITION
Largest Circulated

ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 3 December 2024

Punjabi National Daily

Qaumi Patrika NO.1

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 3 ਦਸੰਬਰ, 2024, 19 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 23, qpatrika@gmail.com ਫੋਨ : 9971359517 www.qaumipatrika.org



## ਨਗਮ ਨਿਗਮ ਨੇ ਕੰਗਣਵਾਲ ’ਚ ਨਾਜਾਇਜ਼ ਤੌਰ ’ਤੇ ਬਣ ਰਹੀ ਕਾਲੋਨੀ ’ਚ ਚਲਾਈ ਜੇ. ਸੀ. ਬੀ.

ਲੁਧਿਆਣਾ 2 ਦਸੰਬਰ। ਗਲਾਡਾ ਵੱਲੋਂ ਵੀਰਵਾਰ ਨੂੰ ਮੇਹਰਬਾਨ ਅਤੇ ਕਨੀਜਾ ਇਲਾਕੇ ’ਚ ਸਥਿਤ 2 ਨਾਜਾਇਜ਼ ਕਾਲੋਨੀਆਂ ’ਤੇ ਐਕਸ਼ਨ ਕਰਨ ਤੋਂ ਬਾਅਦ ਨਗਰ ਨਿਗਮ ਨੂੰ ਵੀ ਨਾਜਾਇਜ਼ ਤੌਰ ’ਤੇ ਬਣ ਰਹੀ ਕਾਲੋਨੀ ਖਿਲਾਫ ਕਾਰਵਾਈ ਕਰਨ ਦੀ ਯਾਦ ਆ ਗਈ। ਇਸ ਤਹਿਤ ਸ਼ੁੱਕਰਵਾਰ ਨੂੰ ਕੰਗਣਵਾਲ ਇਲਾਕੇ ’ਚ ਸਥਿਤ ਕਾਲੋਨੀ ’ਚ ਜੇ. ਸੀ. ਬੀ. ਚਲਾਈ ਗਈ। ਇਹ ਇਲਾਕਾ ਜ਼ੋਨ-ਸੀ ਦੇ ਅਧੀਨ ਆਉਂਦਾ ਹੈ, ਜਿਥੇ ਪਿਛਲੇ ਦਿਨੀਂ ਕਮਿਸ਼ਨਰ ਆਦਿੱਤਿਆ ਵੱਲੋਂ ਖੁਦ ਫੀਲਡ ’ਚ ਉਤਰ ਕੇ ਨਾਜਾਇਜ਼ ਤੌਰ ’ਤੇ ਬਣ ਰਹੀਆਂ ਕਾਲੋਨੀਆਂ ਅਤੇ ਬਿਲਡਿੰਗਾਂ ਫੜੀਆਂ ਗਈਆਂ ਸਨ ਅਤੇ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੇ ਨਾਲ ਹੀ ਇੰਸਪੈਕਟਰ ਹਰਜੀਤ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਸੀ। ਹੁਣ ਜ਼ੋਨ-ਸੀ ਦੇ ਏਰੀਆ ਕੰਗਣਵਾਲ ’ਚ ਨਗਰ ਨਿਗਮ ਦੀ ਮਨਜ਼ੂਰੀ ਤੋਂ ਬਿਨਾਂ ਇਕ ਹੋਰ ਕਾਲੋਨੀ ਬਣਨ ਦੀ ਸ਼ਿਕਾਇਤ ਮਿਲਣ ’ਤੇ ਕਮਿਸ਼ਨਰ ਵੱਲੋਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਕਾਲੋਨੀ ’ਚ ਬਣੀਆਂ ਸੜਕਾਂ ਅਤੇ ਚਾਰਦੀਵਾਰੀ ਨੂੰ ਤੋੜ ਦਿੱਤਾ ਗਿਆ ਹੈ ਅਤੇ ਮਾਲਕ ਵੱਲੋਂ ਫੀਸ ਜਮ੍ਹਾਂ ਨਾ ਕਰਵਾਉਣ ਦੀ ਹਾਲਤ ’ਚ ਉਸ ਖਿਲਾਫ ਪੁਲਸ ਕੇਸ ਦਰਜ ਕਰਵਾਉਣ ਲਈ ਸਿਫਾਰਸ਼ ਕਰਨ ਦੀ ਗੱਲ ਨਗਰ ਨਿਗਮ ਅਧਿਕਾਰੀਆਂ ਵੱਲੋਂ ਕਹੀ ਗਈ ਹੈ। ਇਸ ਤੋਂ ਇਲਾਵਾ ਜ਼ੋਨ-ਸੀ ਦੀ ਟੀਮ ਵੱਲੋਂ ਸ਼ੁੱਕਰਵਾਰ ਨੂੰ ਗਿਆਸਪੁਰਾ ਇਲਾਕੇ ’ਚ ਸੋਮਲ ਇੰਡਸਟਰੀ ਨੇੜੇ ਕੁਝ ਲੋਕਾਂ ਵੱਲੋਂ ਸੜਕ ਦੀ ਜਗ੍ਹਾ ’ਤੇ ਪੂਰੇ ਕੀਤੇ ਪੱਕੇ ਕਬਜ਼ੇ ਹਟਾਉਣ ਦੀ ਕਾਰਵਾਈ ਵੀ ਕੀਤੀ ਗਈ ਹੈ। ਨਗਰ ਨਿਗਮ ਦੇ ਜ਼ੋਨ-ਡੀ ਦੀ ਟੀਮ ਨੇ ਰਿਹਾਇਸ਼ੀ ਇਲਾਕੇ ’ਚ ਹੋ ਰਿਹਾ ਫੈਕਟਰੀ ਅਤੇ ਲੇਬਰ ਕੁਆਰਟਰਾਂ ਦਾ ਨਿਰਮਾਣ ਰੁਕਵਾ ਦਿੱਤਾ ਗਿਆ ਹੈ। ਇਨ੍ਹਾਂ ’ਚ ਹੈਬੋਵਾਲ ਦੇ ਰਾਜ਼ੌਰੀ ਗਾਰਡਨ ਇਲਾਕੇ ’ਚ ਔਰਤਾਂ ਵੱਲੋਂ ਰਿਹਾਇਸ਼ੀ ਇਲਾਕੇ ’ਚ ਫੈਕਟਰੀ ਬਣਾਉਣ ਦੀ ਕੋਸ਼ਿਸ਼ ਦਾ ਵਿਰੋਧ ਕੀਤਾ ਗਿਆ, ਜਦਕਿ ਬਾੜੇਵਾਲ ਦੇ ਰਿਹਾਇਸ਼ੀ ਇਲਾਕੇ ’ਚ ਲੇਬਰ ਕੁਆਰਟਰਾਂ ਦਾ ਨਿਰਮਾਣ ਹੋਣ ਨੂੰ ਲੈ ਕੇ ਵੀ ਇਲਾਕੇ ਦੇ ਲੋਕਾਂ ਵੱਲੋਂ ਸ਼ਿਕਾਇਤ ਕੀਤੀ ਗਈ ਹੈ।

# ਪ੍ਰੇਮੀ ਨੇ ਪ੍ਰੇਮਿਕਾ ‘ਤੇ ਚਾਕੂ ਨਾਲ ਕੀਤੇ ਕਈ ਵਾਰ, ਵਿਆਹ ਕੀਤੇ ਹੋਰ ਤੈਅ ਹੋਣ ਤੋਂ ਸੀ ਨਾਰਾਜ

ਇਟਾਵਾ 2 ਦਸੰਬਰ। ਉੱਤਰ ਪ੍ਰਦੇਸ਼ ‘ਚ ਇਟਾਵਾ ਜ਼ਿਲ੍ਹੇ ਦੇ ਕੋਤਵਾਲੀ ਇਲਾਕੇ ‘ਚ ਇਕ ਸਨਕੀ ਨੌਜਵਾਨ ਨੇ ਆਪਣੀ ਪ੍ਰੇਮਿਕਾ ਦਾ ਵਿਆਹ ਕੀਤੇ ਹੋਰ ਤੈਅ ਹੋਣ ਤੋਂ ਨਾਰਾਜ ਹੋ ਕੇ ਉਸ ‘ਤੇ ਚਾਕੂ ਮਾਰ ਕੇ ਬੁਰੀ ਤਰ੍ਹਾਂ ਜਖਮੀ ਦਿੱਤਾ। ਕੁੜੀ ਨੂੰ ਨਾਜੁਕ ਹਾਲਤ ‘ਚ ਸੈਫਈ ਮੈਡੀਕਲ ਯੂਨੀਵਰਸਿਟੀ ‘ਚ ਬਿਹਤਰ ਇਲਾਜ ਲਈ ਭੇਜਿਆ ਗਿਆ ਹੈ। ਸਥਾਨਕ ਲੋਕਾਂ ਨੇ ਸਨਕੀ ਨੌਜਵਾਨ ਨੂੰ ਮੌਕੇ ‘ਤੇ ਫੜ ਲਿਆ, ਇਸ ਤੋਂ ਬਾਅਦ ਉਸ ਦੀ ਜੰਮ ਕੇ ਕੁੱਟਮਾਰ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਸੀਨੀਅਰ ਪੁਲਸ ਸੁਪਰਡੈਂਟ ਸੰਜੇ ਕੁਮਾਰ ਨੇ ਸੋਮਵਾਰ ਨੂੰ ਦੱਸਿਆ ਕਿ ਅੱਜ ਸਵੇਰੇ ਕਰੀਬ 9.30 ਵਜੇ 18 ਸਾਲਾ ਅਕਸ਼ਰਾ ਆਪਣੀ ਛੋਟੀ ਭੈਣ ਆਲੀਆ ਨਾਲ ਆਤਿਸ਼ਬਾਜੀ ਦਾ ਕੰਮ ਕਰਨ ਲਈ ਜਾ ਰਹੀ ਸੀ, ਜਦੋਂ ਉਹ ਮੈਡੀਕਲ ਕੇਅਰ ਯੂਨਿਟ ਕੋਲੋਂ ਲੰਘ ਰਹੀ ਸੀ ਕਿ ਅਰਮਾਨ ਨਾਂ ਦੇ ਨੌਜਵਾਨ ਨੇ ਚਾਕੂ ਨਾਲ ਅਕਸ਼ਰਾ ‘ਤੇ ਕਈ ਵਾਰ ਕੀਤੇ। ਅਕਸ਼ਰਾ ਦੀ ਛੋਟੀ ਭੈਣ ਆਲੀਆ ਜੋਰ-ਜੋਰ ਨਾਲ ਰੋਣ ਲੱਗੀ। ਇਸ ਵਿਚ ਸਥਾਨਕ ਲੋਕਾਂ ਨੇ ਅਰਮਾਨ ਨੂੰ ਮੌਕੇ ‘ਤੇ ਫੜ ਕੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਹਾਦਸੇ ਵਾਲੀ ਜਗ੍ਹਾ ‘ਤੇ ਪਹੁੰਚੀ ਪੁਲਸ ਨੇ ਹਮਲਾਵਰ ਨੂੰ ਹਿਰਾਸਤ ‘ਚ ਲੈ ਲਿਆ। ਕਿਹਾ ਜਾ ਰਿਹਾ ਹੈ ਕਿ ਅਰਮਾਨ ਅਤੇ ਅਕਸ਼ਰਾ ਪਹਿਲੇ ਦੋਵੇਂ ਆਪਸ ‘ਚ ਗੱਲ ਕਰਦੇ ਸਨ ਪਰ ਕੁਝ ਦਿਨ ਪਹਿਲੇ ਅਕਸ਼ਰਾ ਦਾ



ਵਿਆਹ ਤੈਅ ਹੋ ਗਿਆ, ਜਿਸ ਤੋਂ ਬਾਅਦ ਉਸ ਨੇ ਅਰਮਾਨ ਨਾਲ ਗੱਲ ਕਰਨੀ ਬੰਦ ਕਰ ਦਿੱਤੀ, ਜਿਸ ਨੂੰ ਲੈ ਕੇ ਅਰਮਾਨ ਅਕਸ਼ਰਾ ਤੋਂ ਨਾਰਾਜ ਹੋ ਗਿਆ ਅਤੇ ਚਾਕੂ ਨਾਲ ਹਮਲਾ ਕਰ ਦਿੱਤਾ। ਪੁਲਸ ਹਿਰਾਸਤ ‘ਚ ਅਰਮਾਨ ਨੇ ਦੱਸਿਆ ਕਿ ਉਹ ਉਸ ਦਾ ਵਿਆਹ ਤੈਅ ਹੋਣ ਕਾਰਨ ਗੁੱਸੇ ‘ਚ ਸੀ ਅਤੇ ਉਸ ਨੂੰ ਮੌਤ ਦੇ ਘਾਟ ਉਤਾਰਨ ਲਈ ਚਾਕੂ ਨਾਲ ਹਮਲਾ ਕੀਤਾ। ਕੁੜੀ ਦੇ ਪਿਤਾ ਅਬਦੁੱਲ ਰਹਿਮਾਨ ਨੇ ਦੱਸਿਆ ਕਿ ਉਹ ਮਕਸੂਦਪੁਰ ‘ਚ ਰਹਿੰਦੇ ਹਨ ਅਤੇ ਉਨ੍ਹਾਂ ਦੀ ਧੀ ਆਪਣੀ ਛੋਟੀ ਭੈਣ ਨਾਲ ਜਾ ਰਹੀ ਸੀ ਇਸੇ ਵਿਚ ਕਾਲੀ ਕਬਰੇ ਨਾਮੀ ਮੁਹਾਲ ‘ਚ ਰਹਿਣ ਵਾਲੇ ਅਰਮਾਨ ਨਾਂ ਦੇ ਨੌਜਵਾਨ ਨੇ ਉਸ ਉੱਪਰ ਚਾਕੂ ਨਾਲ ਹਮਲਾ ਕਰ ਦਿੱਤਾ। ਡਾ. ਭੀਮਰਾਵ ਅੰਬੇਡਕਰ ਸਰਕਾਰੀ ਸਾਹਿਤ ਹਸਪਤਾਲ ਦੀ ਐਮਰਜੈਂਸੀ ‘ਚ ਤਾਇਾਤ ਡਾ. ਰਾਘਵੇਂਦਰ ਨੇ ਦੱਸਿਆ ਕਿ ਚਾਕੂ ਦੇ ਹਮਲੇ ਨਾਲ ਜਖਮੀ ਕੁੜੀ ਨੂੰ ਬਿਹਤਰ ਇਲਾਜ ਲਈ ਸੈਫਈ ਮੈਡੀਕਲ ਯੂਨੀਵਰਸਿਟੀ ਭੇਜ ਦਿੱਤਾ ਗਿਆ ਹੈ। ਕੁੜੀ ਦੇ ਸਰੀਰ ‘ਤੇ ਚਾਕੂ ਨਾਲ ਕਈ ਵਾਰ ਸਨ, ਸ਼ੁਰੂਆਤੀ ਇਲਾਜ ਦੇਣ ਤੋਂ ਬਾਅਦ ਸੈਫਈ ਮੈਡੀਕਲ ਯੂਨੀਵਰਸਿਟੀ ਭੇਜਿਆ ਗਿਆ ਹੈ।

## ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

ਲੌਂਗੋਵਾਲ 2 ਦਸੰਬਰ। ਪਿੰਡ ਸ਼ਾਹਪੁਰ ਕਲਾਂ ਦੇ ਵਸਨੀਕ ਸੌਣ ਖਾਂ ਪੁੱਤਰ ਕਪੂਰ ਖਾਂ ਨੇ ਕਰਜ਼ੇ ਦੇ ਮਾਰ ਹੇਠ ਆ ਕੇ ਖੁਦਕੁਸ਼ੀ ਕਰ ਲਈ ਹੈ। ਜਾਣਕਾਰੀ ਦਿੰਦਿਆਂ ਲੱਖੀ ਸਰਪੰਚ, ਪੰਚਾਇਤ ਮੈਂਬਰ ਸੰਦੀਪ ਸਿੰਘ ਤੇ ਬੀਰਬਲ ਸਿੰਘ ਨੇ ਦੱਸਿਆ ਕਿ ਕੁਝ ਸਾਲਾਂ ਤੋਂ ਸੌਣ ਖਾਂ ਦੀ ਪਤਨੀ ਜੋ ਕੈਂਸਰ ਤੋਂ ਪੀੜਤ ਸੀ ਦੀ ਪਿਛਲੇ ਮਹੀਨੇ ਮੌਤ ਹੋ ਗਈ ਅਤੇ ਪਰਿਵਾਰ ’ਚ ਦੋ ਬੱਚੇ ਇਕ ਮੁੰਡਾ ਤੇ ਕੁੜੀ ਹਨ ਜਦਕਿ ਕੁੜੀ ਨਾਬਾਲਿਗ ਹੈ। ਉਨ੍ਹਾਂ ਦੱਸਿਆ ਕਿ ਸੌਣ ਖਾਂ ਇਕ ਸਾਧਾਰਨ ਕਿਸਾਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਕਰਜ਼ੇ ਕਰ ਕੇ ਬੇਹੱਦ ਪ੍ਰੇਸ਼ਾਨ ਰਹਿਣ ਲੱਗ ਗਿਆ ਸੀ ਜਿਸ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਸਮੁੱਚੇ ਪਿੰਡ ਤੇ ਪੰਚਾਇਤ ਨੇ ਸਰਕਾਰ ਤੋਂ ਪੀੜਤ ਪਰਿਵਾਰ ਦੀ ਆਰਥਿਕ ਮਦਦ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਥਾਣਾ ਚੀਮਾ ਦੀ ਪੁਲਸ ਵੱਲੋਂ ਕਾਰਵਾਈ ਅਮਲ ’ਚ ਲਿਆਂਦੀ ਜਾ ਰਹੀ ਹੈ।

## ਪੰਜਾਬ ਦੇ ਇਸ ਜਿਲ੍ਹੇ ‘ਚ ਲੱਗੀ ਸਖਤ ਪਾਬੰਦੀ

ਬਠਿੰਡਾ 2 ਦਸੰਬਰ। ਜ਼ਿਲ੍ਹਾ ਮੈਜਿਸਟ੍ਰੇਟ ਸ਼ੌਕਤ ਅਹਿਮਦ ਪਰੇ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ-163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਬਠਿੰਡਾ ਦੀ ਹਦੂਦ ਅੰਦਰ ਟਰੈਕਟਰਾਂ ਅਤੇ ਸਬੰਧਿਤ ਸੰਦਾਂ ਆਦਿ ਦੇ ਖਤਰਨਾਕ ਪ੍ਰਦਰਸ਼ਨ/ ਸਟੰਟ ਕਰਨ ਨੂੰ ਆਯੋਜਿਤ ਕਰਨ ’ਤੇ ਪੂਰਨ ਰੋਕ ਲਗਾਈ ਗਈ ਹੈ। ਜਾਰੀ ਹੁਕਮਾਂ ਅਨੁਸਾਰ ਸੂਬੇ ਵਿਚ ਬੀਤੇ ਦਿਨੀਂ ਕੁੱਝ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ‘ਚ ਟਰੈਕਟਰ ਅਤੇ ਸਬੰਧਿਤ ਸੰਦਾਂ ਦੇ ਖਰਨਾਕ ਪ੍ਰਦਰਸ਼ਨ/ਸਟੰਟ ਦੌਰਾਨ ਨੌਜਵਾਨਾਂ ਨੂੰ ਗੰਭੀਰ ਸੱਟਾਂ ਆਈਆਂ ਸਨ ਅਤੇ ਇਕ ਨੌਜਵਾਨ ਦੀ ਮੌਤ ਵੀ ਹੋ ਗਈ ਹੈ। ਇਸ ਦੇ ਮੱਦੇਨਜ਼ਰ ਟਰੈਕਟਰਾਂ ਅਤੇ ਸਬੰਧਿਤ ਸੰਦਾਂ ਦੇ ਖਤਰਨਾਕ ਪ੍ਰਦਰਸ਼ਨ/ ਸਟੰਟ ’ਤੇ ਪੂਰਨ ਪਾਬੰਦੀ ਲਗਾਈ ਗਈ ਹੈ।

# 11 ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ !

ਦਿੱਲੀ । ਅਗਰਵਾਲ ਭਾਈਚਾਰੇ ਨਾਲ ਜੁੜੇ ਸਮਾਜ ਸੇਵੀ ਅਤੇ ਉੱਦਮੀਆਂ ਦੇ ਸਾਂਝੇ ਸਹਿਯੋਗ ਨਾਲ ਅੱਜ 27 ਵਾਂ ਵਿਆਹ ਸਮਾਗਮ ਕਰਵਾਇਆ ਗਿਆ .

ਬਾਹਰੀ ਦਿੱਲੀ ਦੇ ਰੋਹਿਣੀ ਜਾਪਾਨੀ ਪਾਰਕ ਵਿੱਚ ਜੇਐਮਡੀ ਟੈਂਟ ਵਿੱਚ ਮਹਾਰਾਜ ਅਗਰਸੇਨ ਸੇਵਾ ਟਰੱਸਟ ਵੱਲੋਂ 11 ਲੋੜਵੰਦ ਲੜਕੀਆਂ ਦਾ ਸਮੂਹਿਕ ਵਿਆਹ ਕਰਵਾਇਆ ਗਿਆ।



ਤੁਲਸੀ ਸਮਾਜਕ ਸੰਸਥਾ ਵੱਲੋਂ ਕੰਚਨ ਗੁਪਤਾ ਜੀ ਸਮੇਤ ਕਈ ਪਤਵੰਤਿਆਂ ਨੇ ਸ਼ਿਰਕਤ ਕੀਤੀ। ਕੰਨਿਆ ਦਾਨ ਨੂੰ 1100/- ਰੁਪਏ ਦੀ ਨਕਦ ਰਾਸੀ ਦੇ ਨਾਲ-ਨਾਲ ਅਲਮਾਰੀ, ਭਾਂਡੇ, ਸਿਲਾਈ ਮਸੀਨ, ਮਿਕਸਰ, ਡਰੈਸਿੰਗ ਟੇਬਲ ਅਤੇ ਘਰੇਲੂ ਲੋੜੀਂਦਾ ਸਮਾਨ ਦਿੱਤਾ ਗਿਆ।

ਪ੍ਰੋਗਰਾਮ ਦਾ ਸੰਚਾਲਨ ਸ੍ਰੀ ਸਾਧੂਰਾਮ ਮਿੱਤਲ ਨੇ ਕੀਤਾ। ਰੋਸਨ ਲਾਲ ਬਾਂਸਲ ਈਸਵਰ ਚੰਦ ਗਰਗ, ਪੂਰਨ ਮੱਲ ਗੋਇਲ ਜੀ ਨੇ ਪ੍ਰਬੰਧਾਂ ਦੀ ਦੇਖ-ਰੇਖ ਕੀਤੀ।

ਲਾੜਾ-ਲਾੜੀ ਨੂੰ ਆਸੀਰਵਾਦ ਦੇਣ ਲਈ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਸੁਧੀਰ ਅਗਰਵਾਲ, ਆਮ ਆਦਮੀ ਪਾਰਟੀ ਦੇ ਵਿਧਾਇਕ ਮਹਿੰਦਰ ਗੋਇਲ, ਸਾਬਕਾ ਮੰਤਰੀ ਸਤੇਂਦਰ ਜੈਨ, ਨੰਗਲੋਈ ਜਾਟ ਦੇ ਸਾਬਕਾ ਵਿਧਾਇਕ ਵਿਜੇਂਦਰ ਸੌਕੀਨ, ਦਿੱਲੀ ਜਨਤਾ ਪਾਰਟੀ ਦੇ ਰਾਸਟਰੀ ਪ੍ਰਧਾਨ ਸੰਜੇ ਜੋਸੀ, ਤੁਲਸੀ ਸਮਾਜਕ ਸੰਸਥਾ ਤੋਂ ਕੰਚਨ ਗੁਪਤਾ ਮੌਜੂਦ ਸਨ। ਜੀ ਸਮੇਤ ਕਈ ਪਤਵੰਤਿਆਂ ਨੇ ਸ਼ਿਰਕਤ ਕੀਤੀ।

## ਨੌਜਵਾਨ ਨੇ ‘ਲਿਵ ਇਨ ਪਾਰਟਨਰ’ ਦਾ ਕੀਤਾ ਕਤਲ, ਲਾਸ ਦੇ ਕੀਤੇ 40 ਟੁਕੜੇ

ਰਾਂਚੀ 2 ਦਸੰਬਰ। ਝਾਰਖੰਡ ਦੇ ਖੁੰਟੀ ਜ਼ਿਲੇ ਵਿਚ ਕਸਾਈ ਦਾ ਕੰਮ ਕਰਨ ਵਾਲੇ 25 ਸਾਲਾ ਇਕ ਨੌਜਵਾਨ ਨੇ ਆਪਣੀ ‘ਲਿਵ ਇਨ ਪਾਰਟਨਰ’ ਦਾ ਕਥਿਤ ਤੌਰ ’ਤੇ ਗਲ ਘੁੱਟ ਕੇ ਕਤਲ ਕਰ ਦਿੱਤਾ ਅਤੇ ਲਾਸ ਦੇ 40 ਤੋਂ ਵੱਧ ਟੁਕੜੇ ਕਰ ਦਿੱਤੇ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਮੁਲਜਮ ਨੌਜਵਾਨ ਦੀ ਪਛਾਣ ਨਰੇਸ ਭੇਂਗਰਾ ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਇਹ ਮਾਮਲਾ ਕਤਲ ਤੋਂ ਕਰੀਬ 15 ਦਿਨਾਂ ਬਾਅਦ ਉਸ ਸਮੇਂ ਸਾਹਮਣੇ ਆਇਆ, ਜਦੋਂ 24 ਨਵੰਬਰ ਨੂੰ ਜਰੀਆਗੜ੍ਹ ਪੁਲਸ ਥਾਣੇ ਅਧੀਨ ਪੈਂਦੇ ਜੋਰਦਾਗ ਪਿੰਡ ਨੇੜੇ ਇਕ ਆਵਾਰਾ ਕੁੱਤੇ ਕੋਲੋਂ ਮਨੁੱਖੀ ਸਰੀਰ ਦੇ ਅੰਗ ਮਿਲੇ। ਨਰੇਸ ਪਿਛਲੇ ਕੁਝ ਸਾਲਾਂ ਤੋਂ ਖੁੰਟੀ ਜ਼ਿਲੇ ਦੀ ਹੀ ਰਹਿਣ ਵਾਲੀ 24 ਸਾਲਾ ਔਰਤ ਨਾਲ ਤਾਮਿਲਨਾਡੂ ’ਚ ‘ਲਿਵ-ਇਨ ਰਿਲੇਸਨਸ਼ਿਪ’ ਵਿਚ ਰਹਿ ਰਿਹਾ ਸੀ।

### ਛੋਟਾ ਹਾਥੀ ਟੈਂਪੂ ਨੇ ਮੋਟਰਸਾਈਕਲ ਰੇਹੜੀ ਨੂੰ ਮਾਰੀ ਜ਼ੋਰਦਾਰ ਟੱਕਰ, ਇਕੋ ਪਰਿਵਾਰ ਦੇ 5 ਜੀਅ ਜ਼ਖਮੀ

ਬਟਾਲਾ 2 ਦਸੰਬਰ। ਅੱਡਾ ਸ਼ਾਹਬਾਦ ਕੋਲ ਇਕ ਛੋਟਾ ਹਾਥੀ ਟੈਂਪੂ ਵਲੋਂ ਮੋਟਰਸਾਈਕਲ ਰੇਹੜੀ ਨੂੰ ਜ਼ੋਰਦਾਰ ਟੱਕਰ ਮਾਰਨ ਨਾਲ ਇਕੋ ਪਰਿਵਾਰ ਦੇ 5 ਜੀਆਂ ਦੇ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਇਕੱਤਰ ਕੀਤੀ ਜਾਣਕਾਰੀ ਦੇ ਮੁਤਾਬਕ ਜਗਤਾਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਭਾਮ ਆਪਣੀ ਪਤਨੀ ਕੰਵਲਜੀਤ ਕੌਰ, ਬੱਚਿਆਂ ਰੋਹਨ ਤੇ ਸੁਖਦੀਪ ਅਤੇ ਆਪਣੀ ਮਾਤਾ ਅਮਰੀਕ ਕੌਰ ਨਾਲ ਮੋਟਰਸਾਈਕਲ ਰੇਹੜੀ ’ਤੇ ਸਵਾਰ ਹੋ ਕੇ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਜਾ ਰਹੇ ਸੀ।

# ਪ੍ਰੇਮੀ ਨਾਲ ਭੱਜ ਗਈ ਘਰਵਾਲੀ, ਪਤੀ ਨੇ ਆਪਣੀਆਂ ਧੀਆਂ ਸਣੇ ਚੁੱਕ ਲਿਆ ਖੌਫਨਾਕ ਕਦਮ

ਭਦੋਹੀ 2 ਦਸੰਬਰ। ਪਤਨੀ ਵੱਲੋਂ ਕਿਸੇ ਹੋਰ ਵਿਅਕਤੀ ਨਾਲ ਘਰ ਛੱਡਣ ਤੋਂ ਨਾਰਾਜ ਪਤੀ ਨੇ ਸੋਮਵਾਰ ਸਵੇਰੇ ਕਥਿਤ ਤੌਰ ‘ਤੇ ਆਪਣੀਆਂ ਜੁੜਵਾਂ ਧੀਆਂ ਨੂੰ ਜਹਿਰੀਲਾ ਦੁੱਧ ਪਿਲਾ ਕੇ ਉਹਨਾਂ ਨੂੰ ਮਾਰ ਦਿੱਤਾ, ਜਿਸ ਤੋਂ ਬਾਅਦ ਉਕਤ ਪਿਓ ਨੇ ਫਾਹਾ ਲਗਾ ਕੇ ਖੁਦਕੁਸੀ ਕਰ ਲਈ। ਸੋਮਵਾਰ ਨੂੰ ਹੋਈ ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਇਹ ਘਟਨਾ ਔਰਈ ਥਾਣਾ ਖੇਤਰ ਦੇ ਉਗਾਪੁਰ ਇਲਾਕੇ ਦੀ ਹੈ, ਜਿੱਥੇ ਸੋਮਵਾਰ ਨੂੰ ਓਮ ਪ੍ਰਕਾਸ ਯਾਦਵ (27) ਦੀ ਲਾਸ ਗਣੇਸ ਚੰਦਰ ਲੌਧਰ ਇੰਟਰ ਕਾਲਜ ‘ਚ ਦਰੱਖਤ ਨਾਲ ਲਟਕਦੀ ਮਿਲੀ। ਥਾਣਾ ਇੰਚਾਰਜ ਅਜੀਤ ਕੁਮਾਰ ਸ੍ਰੀਵਾਸਤਵ ਨੇ ਦੱਸਿਆ ਕਿ ਓਮ ਪ੍ਰਕਾਸ ਯਾਦਵ ਨੇ 21 ਨਵੰਬਰ ਨੂੰ ਰਿਪੋਰਟ ਦਰਜ ਕਰਵਾਈ ਸੀ ਕਿ ਉਸ ਦੀ ਪਤਨੀ ਸੰਗਮ ਯਾਦਵ ਘਰ ਛੱਡ ਕੇ ਚਲੀ ਗਈ ਹੈ। ਪਤਨੀ ਦੇ ਚਲੇ ਜਾਣ ਕਾਰਨ 14 ਮਹੀਨਿਆਂ ਦੀਆਂ ਜੁੜਵਾ ਬੱਚੀਆਂ ਦੀਆਂ ਦੇਖਭਾਲ ਕਰਨ ਵਾਲਾ ਕੋਈ ਹੋਰ ਨਹੀਂ ਸੀ, ਜਿਸ ਕਾਰਨ ਓਮ ਪ੍ਰਕਾਸ਼ ਮਾਨਸਿਕ ਤੌਰ



‘ਤੇ ਕਾਫੀ ਪ੍ਰੇਸਾਨ ਹੋ ਗਿਆ ਸੀ। ਸ੍ਰੀਵਾਸਤਵ ਨੇ ਦੱਸਿਆ ਕਿ ਸਾਇਦ ਉਸ ਨੇ ਦੁੱਧ ‘ਚ ਜਹਿਰ ਮਿਲਾ ਕੇ ਦੋਵਾਂ ਬੇਟੀਆਂ ਨੂੰ ਪਿਲਾ ਦਿੱਤਾ, ਜਿਸ ਕਾਰਨ ਦੋਹਾਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਆਸਪਾਸ ਦੇ ਲੋਕਾਂ ਨੇ ਦੱਸਿਆ ਕਿ ਪਹਿਲਾਂ ਓਮ ਪ੍ਰਕਾਸ ਨੇ ਸਾਇਦ ਘਰ ਵਿੱਚ ਫਾਹਾ ਲੈ ਕੇ ਖੁਦਕੁਸੀ ਕਰਨ ਦੀ ਕੋਸ਼ਿਸ ਕੀਤੀ। ਇਸ ਤੋਂ ਬਾਅਦ ਉਹ ਸਵੇਰੇ 7 ਵਜੇ ਘਰੋਂ ਨਿਕਲ ਗਿਆ। ਉਹਨਾਂ ਦੱਸਿਆ ਕਿ ਅੱਜ ਕੁਝ ਵਿਅਕਤੀਆਂ ਨੇ ਓਮ ਪ੍ਰਕਾਸ ਨੂੰ ਉਸ ਦੇ ਘਰ ਤੋਂ 500 ਮੀਟਰ ਦੂਰ ਗਣੇਸ ਇੰਟਰ ਕਾਲਜ ਦੇ ਗੇਟ ‘ਤੇ ਦੇਖਿਆ। ਕਾਲਜ ‘ਚ ਓਮ ਪ੍ਰਕਾਸ ਦੀ ਲਟਕਦੀ ਲਾਸ ਦੇਖ ਕੇ ਲੋਕ ਉਸ ਦੇ ਘਰ ਗਏ, ਜਿੱਥੇ ਦਾ ਦੁੱਖਦ ਨਜਾਰਾ ਦੇਖ ਲੋਕ ਹੱਕੇ-ਬੱਕੇ ਰਹਿ ਗਏ। ਉਹਨਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਸ੍ਰੀਵਾਸਤਵ ਨੇ ਦੱਸਿਆ ਕਿ ਤਿੰਨੋਂ ਲਾਸਾਂ ਨੂੰ ਪੋਸਟਮਾਰਟਮ ਲਈ ਭੇਜਿਆ ਜਾ ਰਿਹਾ ਹੈ ਅਤੇ ਮੌਕੇ ‘ਤੇ ਮੌਜੂਦ ਫੋਰੈਂਸਿਕ ਟੀਮ ਨੇ ਜਾਂਚ ਲਈ ਦੁੱਧ ਦੇ ਸੈਂਪਲ ਲਏ ਹਨ।

## ਬਾਈਕ ‘ਤੇ ਸਟੰਟ ਕਰਨਾ ਪਿਆ ਮਹਿੰਗਾ, ਮੌਕੇ ‘ਤੇ ਹੋ ਗਈ ਇਹ ਕਾਰਵਾਈ

ਸੋਪੋਰ 2 ਦਸੰਬਰ। ਅੱਜ ਸਹਿਰ ਵਿੱਚ ਸਟੰਟ ਬਾਈਕ ਚਲਾਉਣ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਗਈ ਹੈ। ਜਨਤਾ ਦੀ ਸੁਰੱਖਿਆ ਪ੍ਰਤੀ ਮਜਬੂਤ ਅਧਿਕਾਰ ਅਤੇ ਚਿੰਤਾ ਜਾਹਰ ਕਰਦੇ ਹੋਏ ਤਹਿਸੀਲਦਾਰ ਸੋਪੋਰ ਸੇਖ ਤਾਰਿਕ ਨੇ ਅੱਜ ਸਹਿਰ ਵਿੱਚ ਅਰਾਜਕਤਾ ਪੈਦਾ ਕਰਨ ਵਾਲੇ 2 ਸਟੰਟ ਬਾਈਕਰਾਂ ਨੂੰ ਰੋਕਿਆ। ਦੋਵਾਂ ਵਿਅਕਤੀਆਂ ਨੂੰ ਉਨ੍ਹਾਂ ਦੇ ਮੋਟਰਸਾਈਕਲ ਸਮੇਤ ਅਗਲੀ ਕਾਰਵਾਈ ਲਈ ਤਹਿਸੀਲਦਾਰ ਦਫਤਰ ਲਿਜਾਇਆ ਗਿਆ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਤਹਿਸੀਲਦਾਰ ਸੋਪੋਰ ਨੇ ਤੁਰੰਤ ਸਿਵਲ ਸੁਸਾਇਟੀ



ਸੋਪੋਰ ਦੇ ਪ੍ਰਧਾਨ ਆਸ਼ਿਕ ਹੁਸੈਨ ਜਕੀ ਨੂੰ ਬੁਲਾ ਕੇ ਸਟੰਟ ਬਾਈਕਰਾਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਕਾਊਂਸਲਿੰਗ ਵਿਚ ਮਦਦ ਕੀਤੀ। ਸੜਕ ਸੁਰੱਖਿਆ ਅਤੇ ਅਜਿਹੀਆਂ ਲਾਪਰਵਾਹੀ ਵਾਲੀਆਂ ਗਤੀਵਿਧੀਆਂ ਦੇ ਖਤਰਿਆਂ ‘ਤੇ ਜੋਰ ਦੇਣ ਵਾਲੇ ਵਿਸਤ੍ਰਿਤ ਸੈਸਨ ਤੋਂ ਬਾਅਦ, ਬਾਈਕ ਸਵਾਰਾਂ ਨੂੰ ਅਜਿਹੇ ਵਿਵਹਾਰ ਨੂੰ ਦੁਬਾਰਾ ਨਾ ਦੁਹਰਾਉਣ ਲਈ ਸਖਤ ਚੇਤਾਵਨੀ ਦੇ ਨਾਲ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਸੌਂਪਿਆ ਗਿਆ। ਭਾਈਚਾਰੇ ਨੂੰ ਇੱਕ ਸਖਤ ਸੰਦੇਸ ਵਿੱਚ, ਤਹਿਸੀਲਦਾਰ ਸੋਪੋਰ ਨੇ ਦੁਹਰਾਇਆ, “ਮੇਰੇ ਅਧਿਕਾਰ ਖੇਤਰ ਵਿੱਚ ਅਜਿਹੀਆਂ ਗਤੀਵਿਧੀਆਂ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ। ਸੜਕਾਂ ‘ਤੇ ਜਨਤਕ ਸੁਰੱਖਿਆ ਅਤੇ ਅਨੁਸਾਸਨ ਸਾਡੀ ਪ੍ਰਮੁੱਖ ਤਰਜੀਹ ਹੈ।“ ਸਿਵਲ ਸੁਸਾਇਟੀ ਸੋਪੋਰ ਦੇ ਪ੍ਰਧਾਨ ਨੇ ਤਹਿਸੀਲਦਾਰ ਸੋਪੋਰ ਵੱਲੋਂ ਤੁਰੰਤ ਅਤੇ ਜ਼ਿੰਮੇਵਾਰੀ ਨਾਲ ਕੀਤੀ ਕਾਰਵਾਈ ਲਈ ਧੰਨਵਾਦ ਕੀਤਾ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਨਿਗਰਾਨੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਅਤੇ ਇਹ ਯਕੀਨੀ ਬਣਾਉਣ ਕਿ ਬਾਈਕ ਜਾਂ ਹੋਰ ਵਾਹਨ ਨਾਬਾਲਗਾਂ ਜਾਂ ਭੋਲੇ-ਭਾਲੇ ਸਵਾਰੀਆਂ ਨੂੰ ਨਾ ਦਿੱਤੇ ਜਾਣ।

## ਚੱਲਦੇ ਵਿਆਹ ‘ਚ ਵਿਦਾਈ ਸਮੇਂ ਆਏ ਨੌਜਵਾਨਾਂ ਨੇ ਚਲਾ ਦਿੱਤੀਆਂ ਕਿਰਪਾਨਾਂ

ਫਾਜ਼ਿਲਕਾ 2 ਦਸੰਬਰ। ਫਾਜ਼ਿਲਕਾ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਚੱਲਦੇ ਵਿਆਹ ਸਮਾਗਮ ‘ਚ, ਜਦੋਂ ਵਿਦਾਈ ਦਾ ਸਮਾਂ ਆਇਆ ਤਾਂ ਕੁਝ ਨੌਜਵਾਨਾਂ ਨੇ ਧਰਮਸਾਲਾ ‘ਚ ਆ ਕੇ ਹੰਗਾਮਾ ਕਰ ਦਿੱਤਾ ਤੇ ਇਸ ਦੌਰਾਨ ਦੋਹਾਂ ਪਾਸਿਓਂ ਤੇਜਧਾਰ ਹਥਿਆਰ ਚੱਲ ਗਏ। ਇਸ ਦੌਰਾਨ ਦੋਵਾਂ ਧਿਰਾਂ ਦੇ ਨੌਜਵਾਨ ਆਹਮੋ-ਸਾਹਮਣੇ ਆ ਗਏ, ਜਿਸ ਕਾਰਨ ਕਈ ਨੌਜਵਾਨ ਜਖਮੀ ਹੋ ਗਏ। ਇਸ ਲੜਾਈ-ਝਗੜੇ ਤੋਂ ਬਚਦੇ ਹੋਏ ਲਾੜਾ-ਲਾੜੀ ਇੱਕ ਕਮਰੇ ਵਿੱਚ ਬੰਦ ਹੋ ਗਏ, ਜਿਨ੍ਹਾਂ ‘ਤੇ ਹਮਲਾ ਕਰਨ ਲਈ ਬਦਮਾਸ਼ਾਂ ਨੇ ਉਨ੍ਹਾਂ ਦੇ ਕਮਰੇ ਦੇ ਖਿੜਕੀਆਂ ਵੀ ਤੋੜ ਦਿੱਤੀਆਂ। ਇਸ ਘਟਨਾ ਸਬੰਧੀ ਪੁਲਸ ਨੂੰ ਸੂਚਨਾ ਮਿਲੀ ਤਾਂ ਪੁਲਸ ਅਧਿਕਾਰੀ ਮੌਕੇ ‘ਤੇ ਪਹੁੰਚ ਗਏ। ਉਨ੍ਹਾਂ ਨੇ ਪਹੁੰਚ ਕੇ ਸਥਿਤੀ ਕਾਬੂ ‘ਚ ਕਰਦਿਆਂ ਮੁਲਜਮਾਂ ਚਾਰ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਜਾਣਕਾਰੀ ਅਨੁਸਾਰ ਵਿਆਹ ਸਮਾਗਮ ਵਾਲੀ ਸਾਮ ਨੂੰ ਜਦੋਂ ਲੜਕੀ ਵਿਦਾਈ ਦੇਣ ਲੱਗੀ ਤਾਂ ਅਚਾਨਕ ਕੁਝ ਹਥਿਆਰਬੰਦ ਨੌਜਵਾਨਾਂ ਨੇ ਉਸ ‘ਤੇ ਹਮਲਾ ਕਰ ਦਿੱਤਾ। ਜਿਸ ਕਾਰਨ ਦੋਵਾਂ ਧਿਰਾਂ ਵਿੱਚ ਜਬਰਦਸਤ ਲੜਾਈ ਹੋ ਗਈ। ਇਸ ਦੌਰਾਨ ਕਈ ਲੋਕ ਬੁਰੀ ਤਰ੍ਹਾਂ ਜਖਮੀ ਹੋ ਗਏ ਤੇ ਲਾੜਾ-ਲਾੜੀ ਨੇ ਆਪਣੇ ਆਪ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਆਪਣੀ ਜਾਨ ਬਚਾਈ। ਪਰ ਹਮਲਾਵਰਾਂ ਨੇ ਉਨ੍ਹਾਂ ਨੂੰ ਮਾਰਨ ਲਈ ਕਮਰੇ ਦੀਆਂ ਖਿੜਕੀਆਂ ਤੋੜ ਦਿੱਤੀਆਂ। ਘਟਨਾ ਦਾ ਪਤਾ ਲੱਗਦੇ ਹੀ ਧਰਮਸਾਲਾ ਮੈਨੇਜਮੈਂਟ ਕਮੇਟੀ ਦੇ ਅਧਿਕਾਰੀ ਮੌਕੇ ‘ਤੇ ਪਹੁੰਚੇ ਅਤੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ। ਹਮਲਾਵਰ ਪੂਰੀ ਧਰਮਸਾਲਾ ਵਿੱਚ ਹਫੜਾ-ਦਫੜੀ ਮਚਾਉਂਦੇ ਰਹੇ। ਏ.ਐੱਸ.ਆਈ. ਭੁਪਿੰਦਰ ਸਿੰਘ ਅਤੇ ਅਮਰੀਕ ਸਿੰਘ ਸਮੇਤ ਚਾਰ ਪੁਲਸ ਮੁਲਾਜਮਾਂ ਨੇ ਮੌਕੇ ’ਤੇ ਪਹੁੰਚ ਕੇ ਚਾਰ ਜਖਮੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਖਬਰ ਲਿਖੇ ਜਾਣ ਤੱਕ ਨਾ ਤਾਂ ਘਟਨਾ ਦੇ ਕਾਰਨਾਂ ਦਾ ਪਤਾ ਲੱਗ ਸਕਿਆ ਸੀ ਅਤੇ ਨਾ ਹੀ ਕਿਸੇ ਜਖਮੀ ਵਿਅਕਤੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਸੀ।

# 2009 ਦੀ ਡਕੈਤੀ-ਕਤਲ ਦਾ ‘ਮਾਸਟਰਮਾਈਂਡ’ 12 ਸਾਲਾਂ ਬਾਅਦ ਗ੍ਰਿਫਤਾਰ

ਨਵੀਂ ਦਿੱਲੀ 2 ਦਸੰਬਰ। ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਲੁੱਟ-ਖੋਹ ਦੇ ਇਕ ਮਾਮਲੇ ਦੇ ਮਾਸਟਰਮਾਈਂਡ ਨੂੰ ਗ੍ਰਿਫਤਾਰ ਕੀਤਾ ਹੈ, ਜੋ ਪੁਲਸ ਤੋਂ ਬਚਣ ਲਈ ਤਾਂਤਰਿਕ ਦਾ ਭੇਸ ਧਾਰ ਕੇ 12 ਸਾਲਾਂ ਤੋਂ ਫਰਾਰ ਸੀ। ਇਕ ਪੁਲਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਮੁਲਜਮਾਂ ਨੇ 2009 ਵਿਚ ਲੁੱਟ-ਖੋਹ ਅਤੇ ਕਤਲ ਦੀ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਪੁਲਸ ਅਨੁਸਾਰ ਮੁਲਜਮ 12 ਸਾਲਾਂ ਤੋਂ ਵੱਧ ਸਮੇਂ ਤੋਂ ਗ੍ਰਿਫਤਾਰੀ ਤੋਂ ਬਚ ਰਿਹਾ ਸੀ ਅਤੇ ਅਦਾਲਤ ਵੱਲੋਂ 2012 ਵਿਚ ਉਸ ਨੂੰ ਭਗੌੜਾ ਐਲਾਨ ਕਰ ਦਿੱਤਾ ਗਿਆ ਸੀ। ਪੁਲਸ ਨੇ ਦੱਸਿਆ ਕਿ ਦੋਸੀ ਮੁਹੰਮਦ ਜਮਸੇਦ ਅਲੀ ਖਾਨ ਨੂੰ ਉੱਤਰ ਪ੍ਰਦੇਸ ਦੇ ਬਦਾਯੂੰ ਜ਼ਿਲ੍ਹੇ ‘ਚ ਉਸ ਦੇ ਗ੍ਰਹਿ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਦੇ ਡਿਪਟੀ ਕਮਿਸਨਰ () (ਅਪਰਾਧ ਸਾਖਾ) ਸੰਜੇ ਕੁਮਾਰ ਸੈਨ ਨੇ ਦੱਸਿਆ ਕਿ 6 ਜਨਵਰੀ 2009 ਨੂੰ ਮਯੂਰ ਵਿਹਾਰ ਨੇੜੇ ਨੈਸਨਲ ਹਾਈਵੇ-24 ‘ਤੇ ਇਕ ਵਿਅਕਤੀ ਦੀ ਲਾਸ ਮਿਲੀ ਸੀ, ਜਿਸ ਦਾ ਗਲਾ ਘੁੱਟਿਆ ਗਿਆ ਸੀ। ਬਾਅਦ ਵਿਚ ਉਸ ਦੀ ਪਛਾਣ ਸੰਤੋਸ ਯਾਦਵ ਵਜੋਂ ਹੋਈ,



ਜੋ ਇਕ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਦਾ ਡਰਾਈਵਰ ਸੀ। ਮੁਤਾਬਕ ਜਾਂਚ ‘ਚ ਸਾਹਮਣੇ ਆਇਆ ਹੈ ਕਿ ਜਮਸੇਦ ਅਤੇ ਉਸ ਦੇ ਸਾਥੀਆਂ ਨੇ ਯਾਦਵ ਨੂੰ ਆਪਣੇ ਟਰੱਕ ਵਿਚ ‘ਲਿਫਟ’ ਵਿਚ ਲਿਜਾ ਕੇ ਮਾਰਿਆ ਅਤੇ ਪਲਾਸਟਿਕ ਦੇ ਦਾਣਿਆਂ ਨਾਲ ਭਰਿਆ ਇਕ ਕੰਟੇਨਰ ਲੁੱਟ ਲਿਆ। ਨੇ ਕਿਹਾ ਕਿ ਪੰਜ ਸਹਿ-ਦੋਸੀ ਗ੍ਰਿਫਤਾਰ ਕੀਤੇ ਗਏ ਸਨ, ਜਦੋਂ ਕਿ ਜਮਸੇਦ 2012 ਵਿਚ ਜਮਾਨਤ ਮਿਲਣ ਤੋਂ ਬਾਅਦ ਫਰਾਰ ਹੋ ਗਿਆ ਸੀ। ਅਧਿਕਾਰੀ ਨੇ ਦੱਸਿਆ ਕਿ ਇਕ ਮੁਖਬਰ ਤੋਂ ਮਿਲੀ ਸੂਚਨਾ ਦੇ ਆਧਾਰ ‘ਤੇ ਭਵਾਨੀਪੁਰ ਖੀਰੂ ‘ਚ ਜਾਲ ਵਿਛਾਇਆ ਗਿਆ ਅਤੇ ਜਮਸੇਦ ਨੂੰ ਉਸ ਸਮੇਂ ਫੜ ਲਿਆ ਗਿਆ ਜਦੋਂ ਉਹ ਆਪਣੇ ਇਕ ਸਾਥੀ ਨਾਲ ਮਿਲ ਰਿਹਾ ਸੀ। ਸੇਨ ਨੇ ਕਿਹਾ ਕਿ ਪੁੱਛਗਿੱਛ ਦੌਰਾਨ ਉਸ ਨੇ ਅਪਰਾਧ ਵਿਚ ਆਪਣੀ ਸਮੂਲੀਅਤ ਕਬੂਲ ਕੀਤੀ ਹੈ। ਨੇ ਕਿਹਾ ਕਿ ਜਮਸੇਦ ਨੇ ਹਿਰਾਸਤ ਤੋਂ ਬਚਣ ਲਈ ਆਪਣੇ ਪਰਿਵਾਰ ਨੂੰ ਕਿਤੇ ਹੋਰ ਸ਼ਿਫਟ ਕਰ ਦਿੱਤਾ ਸੀ ਅਤੇ ਇਕ ਤਾਂਤਰਿਕ ਦੇ ਭੇਸ ਵਿਚ ਰਹਿਣ ਲੱਗ ਪਿਆ ਸੀ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**ਕੌਮੀ ਪਤ੍ਰਿਕਾ**
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689
011-23315814
Mob. : 9971359517
9312262300
E-mail address:
qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 3 December 2024

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 3 ਦਸੰਬਰ 2024, 19 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 23, qpatrika@gmail.com ਫੋਨ : 9971359517 www.qaumipatrika.org

## 'ਆਪ' 'ਚ ਸ਼ਾਮਲ ਹੋਏ ਕੋਚਿੰਗ ਅਧਿਆਪਕ ਅਵਧ ਓਝਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 2 ਦਸੰਬਰ। ਸਿਵਲ ਸਰਵਿਸਿਜ ਕੋਚਿੰਗ ਅਧਿਆਪਕ ਅਤੇ ਬੁਲਾਰੇ ਅਵਧ ਓਝਾ ਸੋਮਵਾਰ ਯਾਨੀ ਕਿ ਅੱਜ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ ਹਨ। ਅਰਵਿੰਦ ਕੇਜਰੀਵਾਲ ਅਤੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਦੀ ਹਾਜਰੀ ਵਿਚ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਓਝਾ ਨੇ ਪਾਰਟੀ ਵਿਚ ਸ਼ਾਮਲ ਹੋਣ ਮਗਰੋਂ ਕਿਹਾ ਕਿ ਮੈਂ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਧੰਨਵਾਦ ਕਰਨਾ ਚਾਹਾਂਗਾ ਕਿ ਉਨ੍ਹਾਂ ਨੇ ਮੈਨੂੰ ਸਿਆਸਤ ਜਰੀਏ ਸਿੱਖਿਆ ਦੇ ਖੇਤਰ 'ਚ ਕੰਮ ਕਰਨ ਦਾ ਮੌਕਾ ਦਿੱਤਾ। ਓਝਾ ਦੀ ਆਮ ਆਦਮੀ ਪਾਰਟੀ ਵਿਚ ਐਂਟਰੀ ਦਿੱਲੀ ਵਿਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਅਵਧ ਓਝਾ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਲੜ ਸਕਦੇ ਹਨ। ਹਾਲਾਂਕਿ ਇਸ ਸਵਾਲ ਨੂੰ ਲੈ ਕੇ ਪਾਰਟੀ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਮੌਕੇ ਕੇਜਰੀਵਾਲ ਨੇ ਕਿਹਾ ਕਿ ਅਵਧ ਓਝਾ ਸਿੱਖਿਆ ਦੇ ਖੇਤਰ ਵਿਚ ਇਸ ਦੇਸ਼ ਦਾ ਮਸ਼ਹੂਰ ਨਾਂ ਹੈ। ਸਿੱਖਿਆ ਦੇ ਖੇਤਰ ਵਿਚ ਓਝਾ ਦਾ ਵੱਡਾ ਯੋਗਦਾਨ ਹੈ। ਓਝਾ ਦੇ ਪਾਰਟੀ ਵਿਚ ਸ਼ਾਮਲ



ਹੋਣ ਨਾਲ ਦਿੱਲੀ ਵਿਚ ਸਿੱਖਿਆ ਨੂੰ ਮਜਬੂਤੀ ਮਿਲੇਗੀ। ਓਧਰ ਮਨੀਸ਼ ਸਿਸੋਦੀਆ ਨੇ ਕਿਹਾ ਕਿ ਇਹ ਇਕ ਖਾਸ ਦਿਨ ਹੈ ਅਤੇ ਓਝਾ ਸਿੱਖਿਆ ਦੇ ਖੇਤਰ 'ਚ ਚੰਗਾ ਕੰਮ ਕਰ ਰਹੇ ਹਨ, ਜਿਸ ਲਈ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਮਰਪਿਤ ਕੀਤਾ ਹੈ। ਦਿੱਲੀ ਵਿਚ ਅਗਲੇ ਸਾਲ ਫਰਵਰੀ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। 'ਆਪ' ਨੇ 2020 'ਚ 70 ਮੈਂਬਰੀ ਦਿੱਲੀ ਵਿਧਾਨ ਸਭਾ 'ਚ 62 ਸੀਟਾਂ ਜਿੱਤੀਆਂ ਸਨ ਅਤੇ ਹੁਣ ਪਾਰਟੀ ਨੂੰ ਲਗਾਤਾਰ ਤੀਜੀ ਵਾਰ ਜਿੱਤ ਦੀ ਉਮੀਦ ਹੈ।

## ਨਿਰਮਲਾ ਸੀਤਾਰਮਨ ਤੇ ਵਿਜੇ ਰੂਪਾਨੀ ਆਬਜਰਵਰ ਨਿਯੁਕਤ

ਨਵੀਂ ਦਿੱਲੀ 2 ਦਸੰਬਰ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਮੰਗਲਵਾਰ ਨੂੰ ਮਹਾਰਾਸ਼ਟਰ 'ਚ ਪਾਰਟੀ ਵਿਧਾਇਕ ਦਲ ਦੇ ਨੇਤਾ ਦੀ ਚੋਣ ਲਈ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਨੂੰ ਕੇਂਦਰੀ ਆਬਜਰਵਰ ਨਿਯੁਕਤ ਕੀਤਾ। ਪਾਰਟੀ ਵਲੋਂ ਜਾਰੀ ਇਕ ਬਿਆਨ 'ਚ ਇਹ ਐਲਾਨ ਕੀਤਾ ਗਿਆ। ਭਾਜਪਾ ਜਨਰਲ ਸਕੱਤਰ ਅਰੁਣ ਸਿੰਘ ਵਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ,"ਪਾਰਟੀ ਦੇ ਸੰਸਦੀ ਬੋਰਡ ਨੇ ਮਹਾਰਾਸ਼ਟਰ 'ਚ ਪਾਰਟੀ ਵਿਧਾਇਕ ਦਲ ਦੇ ਨੇਤਾ ਦੀ ਚੋਣ ਲਈ ਵਿਜੇ ਰੂਪਾਨੀ ਅਤੇ ਨਿਰਮਲਾ ਸੀਤਾਰਮਨ ਨੂੰ ਕੇਂਦਰੀ ਆਬਜਰਵਰ ਨਿਯੁਕਤ ਕੀਤਾ ਹੈ।" ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਮਹਾਯੁਤੀ ਨੂੰ ਭਾਰੀ ਜਿੱਤ ਮਿਲੀ ਹੈ। ਮਹਾਯੁਤੀ ਨੇ 288 ਮੈਂਬਰੀ ਵਿਧਾਨ ਸਭਾ 'ਚ 230 ਸੀਟਾਂ 'ਤੇ ਜਿੱਤ ਹਾਸਲ ਕੀਤੀ। ਭਾਜਪਾ ਨੇ ਸਭ ਤੋਂ ਜ਼ਿਆਦਾ 132 ਸੀਟਾਂ 'ਤੇ ਜਿੱਤ ਦਰਜ ਕੀਤੀ, ਜਦੋਂ ਕਿ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੂੰ 57 ਅਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਰਾਕਾਂਪਾ) ਨੂੰ 41 ਸੀਟਾਂ ਮਿਲੀਆਂ। ਚੋਣ ਨਤੀਜਿਆਂ ਦੇ ਐਲਾਨ 'ਚ ਇਕ ਹਫਤੇ ਤੋਂ ਵੱਧ ਦਾ ਸਮਾਂ ਬੀਤਣ ਤੋਂ ਬਾਅਦ ਵੀ ਮਹਾਰਾਸ਼ਟਰ 'ਚ ਨਵੀਂ ਸਰਕਾਰ ਦਾ ਗਠਨ ਨਹੀਂ ਹੋਇਆ ਹੈ। ਕਾਰਜਵਾਹਕ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਿਹਾ ਕਿ ਉਹ ਨਵੇਂ ਮੁੱਖ ਮੰਤਰੀ ਦੀ ਚੋਣ ਨੂੰ ਲੈ ਕੇ ਭਾਜਪਾ ਦੇ ਫੈਸਲੇ ਦਾ ਸਮਰਥਨ ਕਰਨਗੇ। ਉਨ੍ਹਾਂ ਦੇ ਇਸ ਐਲਾਨ ਤੋਂ ਬਾਅਦ ਲਗਭਗ ਇਹ ਸਪੱਸ਼ਟ ਹੋ ਗਿਆ ਹੈ ਕਿ ਮਹਾਰਾਸ਼ਟਰ ਦਾ ਅਗਲਾ ਮੁੱਖ ਮੰਤਰੀ ਭਾਜਪਾ ਤੋਂ ਹੋਵੇਗਾ।

## ਸਾਡੀ ਲੜਾਈ ਭਾਰਤ ਦੀ ਆਤਮਾ ਲਈ : ਪ੍ਰਿਅੰਕਾ ਗਾਂਧੀ

ਵਾਇਨਾਡ 2 ਦਸੰਬਰ। ਕਾਂਗਰਸ ਦੀ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਨਿਸਾਨਾ ਵਿਨ੍ਹਦੇ ਹੋਏ ਕਿਹਾ ਹੈ ਕਿ ਸਾਡੀ ਲੜਾਈ ਉਸ ਸਕਤੀ ਦੇ ਵਿਰੁੱਧ ਹੈ ਜੋ ਲੋਕਾਂ ਦੇ ਅਧਿਕਾਰਾਂ ਨੂੰ ਕਮਜੋਰ ਕਰਕੇ ਉਨ੍ਹਾਂ ਨੂੰ ਕੁੱਝ 'ਕਾਰੋਬਾਰੀ ਦੋਸਤਾਂ' ਨੂੰ ਸੌਂਪ ਰਹੀ ਹੈ। ਉਨ੍ਹਾਂ ਐਤਵਾਰ ਇੱਥੇ ਮਨੰਤਵਾੜੀ ਵਿਖੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਇਕ ਅਜਿਹੀ ਤਾਕਤ ਦੇ ਵਿਰੁੱਧ ਲੜ ਰਹੇ ਹਾਂ ਜੋ ਉਨ੍ਹਾਂ ਸੰਸਥਾਵਾਂ ਨੂੰ ਤਬਾਹ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਜਿਨ੍ਹਾਂ 'ਤੇ ਸਾਡਾ ਦੇਸ਼ ਬਣਿਆ ਹੈ। ਵਾਇਨਾਡ ਦੀ ਸੰਸਦ ਮੈਂਬਰ ਨੇ ਕਿਹਾ ਕਿ ਅੱਜ ਅਸੀਂ ਆਪਣੇ ਰਾਸਟਰ ਦੀ ਭਾਵਨਾ ਤੇ ਭਾਰਤ ਦੀ ਆਤਮਾ ਲਈ ਲੜ ਰਹੇ ਹਾਂ। ਕਾਂਗਰਸ ਦੀ ਜਨਰਲ ਸਕੱਤਰ ਨੇ ਕਿਹਾ ਕਿ ਇਹ ਲੜਾਈ ਇਸ ਦੇਸ ਦੀ ਸੱਤਾ ਅਤੇ ਸਾਧਨਾਂ 'ਤੇ ਉਸ ਦੇ ਲੋਕਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਹੈ। ਇਸ



ਸਾਲ 30 ਜੁਲਾਈ ਨੂੰ ਵਾਇਨਾਡ 'ਚ ਜਮੀਨ ਖਿਸਕਣ ਦੀਆਂ ਘਟਨਾਵਾਂ ਨੂੰ ਯਾਦ ਕਰਦੇ ਹੋਏ ਪ੍ਰਿਅੰਕਾ ਨੇ ਕਿਹਾ ਕਿ ਮੈਂ ਕਈ ਦੁਖਾਂਤ ਵੇਖੇ ਹਨ। ਜਦੋਂ ਵੀ ਕੋਈ ਦੁਖਾਂਤ ਵਾਪਰਦਾ ਹੈ, ਮੈਂ ਉੱਥੇ ਜਾਂਦੀ ਹਾਂ, ਲੋਕਾਂ ਨੂੰ ਮਿਲਦੀ ਹਾਂ ਪਰ ਇੱਥੇ ਆ ਕੇ ਜੋ ਦੁੱਖ ਤੇ ਤਕਲੀਫ ਵੇਖੀ, ਉਹ ਮੈਂ ਹੋਰ ਕਿਤੇ ਘੱਟ ਹੀ ਵੇਖੀ ਹੈ। ਉਨ੍ਹਾਂ ਕਿਹਾ ਕਿ ਕੁਦਰਤ ਦਾ ਕਹਿਰ ਇਕ ਛੋਟੇ ਜਿਹੇ ਖੇਤਰ 'ਚ ਕੇਂਦਰਿਤ ਹੋ ਗਿਆ ਸੀ। ਇਲਾਕੇ ਦੇ ਸਾਰੇ ਘਰ ਰੁੜ੍ਹ ਗਏ, ਸਾਰੇ ਪਰਿਵਾਰ ਉੱਜੜ ਗਏ, ਸਭ ਦੀ ਰੋਜੀ-ਰੋਟੀ ਖਤਮ ਹੋ ਗਈ। ਇਸ ਤਬਾਹੀ ਦੌਰਾਨ ਮੈਂ ਤੁਹਾਡੇ ਸਾਰਿਆਂ 'ਚ ਮਨੁੱਖਤਾ ਨੂੰ ਦੇਖਿਆ। ਮੈਂ ਧਰਮ ਨਹੀਂ ਪੁੱਛਿਆ, ਮੈਂ ਜਾਤ ਨਹੀਂ ਪੁੱਛੀ, ਪੀੜਤਾਂ ਦੀ ਮਦਦ ਲਈ ਜੋ ਵੀ ਕਰ ਸਕਦੀ ਸੀ, ਕੀਤਾ। ਵਾਇਨਾਡ ਤੋਂ ਲੋਕ ਸਭਾ ਮੈਂਬਰ ਨੇ ਕਿਹਾ, "ਮੈਂ ਚਾਹੁੰਦੀ ਹਾਂ ਕਿ ਤੁਹਾਡੇ ਵਿੱਚੋਂ ਹਰੇਕ ਨੂੰ ਪਤਾ ਹੋਵੇ ਕਿ ਤੁਸੀਂ ਮੇਰੀ ਜ਼ਿੰਮੇਵਾਰੀ ਹੋ। ਮੈਂ ਤੁਹਾਡੇ ਪਿਆਰ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹਾਂ ਅਤੇ ਅਗਲੇ 5 ਸਾਲਾਂ ਵਿੱਚ ਤੁਹਾਡੇ ਭਵਿੱਖ ਨੂੰ ਸੁਧਾਰਨ ਲਈ ਲੜਨਾ ਮੇਰੀ ਜ਼ਿੰਮੇਵਾਰੀ ਹੈ।" ਦੱਸ ਦੇਈਏ ਕਿ ਹਾਲੀਆ ਉਪ ਚੋਣਾਂ ਜਿੱਤਣ ਤੋਂ ਬਾਅਦ ਪ੍ਰਿਅੰਕਾ ਗਾਂਦੀ ਪਹਿਲੀ ਵਾਰ ਵਾਇਨਾਡ ਪਹੁੰਚੀ ਹੈ।

## ਟਰਾਂਸਪੋਰਟ ਮੰਤਰੀ ਦਾ ਦੋਸ਼, ਬੰਗਲਾਦੇਸ਼ 'ਚ ਭਾਰਤੀ ਬੱਸ 'ਤੇ ਹੋਇਆ ਹਮਲਾ

ਅਗਰਤਲਾ, 2 ਦਸੰਬਰ। ਤ੍ਰਿਪੁਰਾ ਦੇ ਟਰਾਂਸਪੋਰਟ ਮੰਤਰੀ ਸੁਸਾਂਤ ਚੌਧਰੀ ਨੇ ਦੋਸ ਲਾਇਆ ਹੈ ਕਿ ਅਗਰਤਲਾ ਤੋਂ ਢਾਕਾ ਹੁੰਦੇ ਹੋਏ ਕੋਲਕਾਤਾ ਜਾ ਰਹੀ ਇਕ ਭਾਰਤੀ ਬੱਸ 'ਤੇ ਬੰਗਲਾਦੇਸ 'ਚ ਹਮਲਾ ਕੀਤਾ ਗਿਆ। ਘਟਨਾ ਬੰਗਲਾਦੇਸ ਦੇ ਬ੍ਰਾਹਮਣਬਾਰੀਆ ਜ਼ਿਲੇ ਦੀ ਵਿਸਵਾ ਰੋਡ 'ਤੇ ਵਾਪਰੀ। ਸੋਸਲ ਮੀਡੀਆ ਪਲੇਟਫਾਰਮ 'ਫੇਸਬੁੱਕ' 'ਤੇ ਬੱਸ ਦੀਆਂ ਤਸਵੀਰਾਂ ਸੇਅਰ ਕਰਦੇ ਹੋਏ ਚੌਧਰੀ ਨੇ ਲਿਖਿਆ ਕਿ ਸ਼ਿਆਮੋਲੀ ਟਰਾਂਸਪੋਰਟ ਦੀ ਉਕਤ ਬੱਸ 'ਤੇ ਹੋਏ ਹਮਲੇ ਕਾਰਨ ਬੱਸ 'ਚ ਸਫਰ ਕਰ ਰਹੇ ਭਾਰਤੀ ਮੁਸਾਫਰ ਡਰ ਗਏ। ਉਨ੍ਹਾਂ ਦੱਸਿਆ ਕਿ ਬੱਸ ਆਪਣੇ ਰਾਹ 'ਤੇ ਜਾ ਰਹੀ ਸੀ ਕਿ ਇਕ ਟਰੱਕ ਨੇ ਜਾਣਬੁੱਝ ਕੇ ਟੱਕਰ ਮਾਰ ਦਿੱਤੀ। ਇਸ ਦੌਰਾਨ ਬੱਸ ਦੇ ਅੱਗੇ ਇਕ ਆਟੋ ਰਿਕਸਾ ਆ ਗਿਆ। ਬੱਸ ਤੇ ਆਟੋ ਰਿਕਸਾ ਦੀ ਟੱਕਰ ਹੋ ਗਈ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੋਂ ਸਥਾਨਕ ਲੋਕਾਂ ਨੇ ਬੱਸ 'ਚ ਸਵਾਰ ਭਾਰਤੀ ਮੁਸਾਫਰਾਂ ਨੂੰ ਧਮਕਾਉਣਾ ਸੁਰੂ ਕਰ ਦਿੱਤਾ। ਉਨ੍ਹਾਂ ਭਾਰਤ ਵਿਰੋਧੀ ਨਾਅਰੇ ਲਾਏ, ਭਾਰਤੀ ਮੁਸਾਫਰਾਂ ਨਾਲ ਬਦਸਲੂਕੀ ਕੀਤੀ ਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਮੰਤਰੀ ਨੇ ਕਿਹਾ ਕਿ ਮੈਂ ਇਸ ਘਟਨਾ ਦੀ ਸਖਤ ਨਿੰਦਾ ਕਰਦਾ ਹਾਂ ਤੇ ਗੁਆਂਢੀ ਦੇਸ ਦੇ ਪ੍ਰਸਾਸਨ ਨੂੰ ਭਾਰਤੀ ਮੁਸਾਫਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕਰਦਾ ਹਾਂ। ਦੱਸਣਯੋਗ ਹੈ ਕਿ ਕੋਲਕਾਤਾ ਤੇ ਅਗਰਤਲਾ ਵਿਚਾਲੇ ਬੱਸਾਂ ਢਾਕਾ ਰਾਹੀਂ ਚੱਲਦੀਆਂ ਹਨ ਕਿਉਂਕਿ ਇਸ ਨਾਲ ਸਫਰ ਦੀ ਦੂਰੀ ਬਹੁਤ ਘੱਟ ਜਾਂਦੀ ਹੈ। ਇਹ ਹਵਾਈ ਸਫਰ ਨਾਲੋਂ ਵੀ ਸਸਤੀ ਪੈਂਦੀ ਹੈ। ਆਸਾਮ ਦੇ ਰਸਤਿਓਂ ਰੇਲ ਰਾਹੀਂ ਸਫਰ ਕਰਨ ਨਾਲੋਂ ਵੀ ਘੱਟ ਸਮਾਂ ਲੱਗਦਾ ਹੈ। ਰੇਲ ਰਾਹੀਂ 30 ਘੰਟਿਆਂ ਤੋਂ ਵੱਧ ਸਮਾਂ ਲੱਗਦਾ ਹੈ।

## ਜਮਾਨਤ ਪਟੀਸ਼ਨਾਂ ਖਾਰਜ ਕਰਦੇ ਹੋਏ ਮੁਕੱਦਮੇ ਦੇ ਨਿਪਟਾਰੇ ਲਈ ਸਮਾਂ ਤੈਅ ਕਰਨਾ ਠੀਕ ਨਹੀਂ : ਸੁਪਰੀਮ ਕੋਰਟ

**ਏਜੰਸੀਆਂ**

ਨਵੀਂ ਦਿੱਲੀ 2 ਦਸੰਬਰ। ਸੁਪਰੀਮ ਕੋਰਟ ਨੇ ਜਮਾਨਤ ਪਟੀਸ਼ਨਾਂ ਖਾਰਜ ਕਰਦੇ ਹੋਏ ਮੁਕੱਦਮੇ ਦੀ ਸੁਣਵਾਈ ਪੂਰੀ ਕਰਨ ਦਾ ਸਮਾਂ ਤੈਅ ਕਰਨ ਦੇ ਹਾਈ ਕੋਰਟਾਂ ਦੇ ਨਿਰਦੇਸ਼ਾਂ 'ਤੇ ਇਤਰਾਜ ਜਤਾਈ ਅਤੇ ਕਿਹਾ ਕਿ ਇਨ੍ਹਾਂ ਲਾਗੂ ਕਰਨਾ ਕਠਿਨ ਹੈ ਅਤੇ ਇਨ੍ਹਾਂ ਤੋਂ ਪਟੀਸ਼ਨਕਰਤਾਵਾਂ 'ਚ ਝੂਠੀ ਉਮੀਦ ਜਗਦੀ ਹੈ। ਅਦਾਲਤ ਨੇ ਕਿਹਾ ਕਿ ਅਜਿਹੇ ਨਿਰਦੇਸ਼ਾਂ ਨਾਲ ਹੇਠਲੀਆਂ ਅਦਾਲਤਾਂ ਦੇ ਕੰਮਕਾਜ 'ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ, ਕਿਉਂਕਿ ਕਈ ਹੇਠਲੀਆਂ ਅਦਾਲਤਾਂ 'ਚ ਇਕ ਹੀ ਤਰ੍ਹਾਂ ਦੇ ਪੁਰਾਣੇ ਮਾਮਲੇ ਪੈਂਡਿੰਗ ਹੋ ਸਕਦੇ ਹਨ। ਜੱਜ ਅਭੈ ਐੱਸ. ਓਕਾ ਅਤੇ ਜੱਜ ਆਗਸਟੀਨ ਜਾਰਜ ਮਸੀਹ ਦੀ ਬੈਂਚ ਨੇ ਕਿਹਾ,"ਅਸੀਂ ਹਰ ਦਿਨ ਦੇਖ ਰਹੇ ਹਾਂ ਕਿ ਵੱਖ-ਵੱਖ ਹਾਈ ਕੋਰਟ ਜਮਾਨਤ ਪਟੀਸ਼ਨਾਂ ਖਾਰਜ ਕਰ ਕੇ ਮੁਕੱਦਮਿਆਂ ਦੇ ਸਮਾਪਨ ਲਈ ਸਮੇਂਬੱਧ ਪ੍ਰੋਗਰਾਮ ਤੈਅ ਕਰ ਰਹੇ ਹਨ।" ਸੁਪਰੀਮ ਕੋਰਟ ਨੇ ਇਹ ਆਦੇਸ਼ ਇਕ ਵਿਅਕਤੀ ਨੂੰ ਜਮਾਨਤ ਦਿੰਦੇ ਹੋਏ ਪਾਸ ਕੀਤਾ, ਜੋ ਜਾਅਲੀ ਨੋਟਾਂ ਦੇ ਮਾਮਲੇ 'ਚ ਢਾਈ ਸਾਲਾਂ ਤੋਂ ਜੇਲ੍ਹ 'ਚ ਹੈ। ਬੈਂਚ ਨੇ ਦੋਸ਼ੀ ਨੂੰ ਜਮਾਨਤ ਦਿੰਦੇ ਹੋਏ ਕਿਹਾ ਕਿ ਮੁਕੱਦਮਾ ਉੱਚਿਤ ਸਮੇਂ 'ਚ ਪੂਰਾ ਹੋਣ ਦੀ ਸੰਭਾਵਨਾ ਨਹੀਂ ਹੈ ਅਤੇ ਅਪੀਲਕਰਤਾ ਇਸ ਨਿਯਮ ਅਨੁਸਾਰ ਜਮਾਨਤ 'ਤੇ ਰਿਹਾਅ ਕੀਤੇ ਜਾਣ ਦਾ ਹੱਕਦਾਰ ਹੈ ਕਿ 'ਜਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ' ਹੈ। ਇਸ ਨੇ ਕਿਹਾ ਕਿ ਹਰੇਕ ਅਦਾਲਤ 'ਚ



ਅਪਰਾਧਕ ਮਾਮਲੇ ਪੈਂਡਿੰਗ ਹੈ, ਜਿਨ੍ਹਾਂ ਦਾ ਕਈ ਕਾਰਨਾਂ ਕਰ ਕੇ ਜਲਦ ਨਿਪਟਾਰਾ ਜਰੂਰੀ ਹੈ। ਬੈਂਚ ਨੇ 25 ਨਵੰਬਰ ਦੇ ਆਪਣੇ ਫੈਸਲੇ 'ਚ ਕਿਹਾ,"ਸਿਰਫ ਇਸ ਲਈ ਕੋਈ ਵਿਅਕਤੀ ਸਾਡੀਆਂ ਸੰਵਿਧਾਨਕ ਅਦਾਲਤਾਂ 'ਚ ਪਟੀਸ਼ਨ ਦਾਇਰ ਕਰਦਾ ਹੈ, ਉਸ ਨੂੰ ਬਿਨਾਂ ਬਾਰੀ ਦੇ ਸੁਣਵਾਈ ਦਾ ਮੌਕਾ ਨਹੀਂ ਦਿੱਤਾ ਜਾ ਸਕਦਾ। ਅਦਾਲਤਾਂ ਸ਼ਾਇਦ ਜਮਾਨਤ ਪਟੀਸ਼ਨਾਂ ਖਾਰਜ ਕਰਦੇ ਹੋਏ ਮੁਕੱਦਮੇ ਲਈ ਸਮੇਂਬੱਧ ਪ੍ਰੋਗਰਾਮ ਤੈਅ ਕਰ ਕੇ ਦੋਸ਼ੀ ਨੂੰ ਕੁਝ ਸੰਤੁਸ਼ਟੀ ਦੇਣਾ ਚਾਹੁੰਦੀ ਹੈ।" ਇਸ ਨੇ ਕਿਹਾ,"ਅਜਿਹੇ ਆਦਰਸ਼ਾਂ ਨੂੰ ਲਾਗੂ ਕਰਨਾ ਮੁਸ਼ਕਲ ਹੈ। ਅਜਿਹੇ ਆਦਰਸ਼ ਪਟੀਸ਼ਨਕਰਤਾਵਾਂ 'ਚ ਝੂਠੀਆਂ ਉਮੀਦਾਂ ਜਗਾਉਂਦੀਆਂ ਹਨ।"

## ਤੇਲੰਗਾਨਾ 'ਚ ਪੁਲਸ ਨਾਲ ਮੁਕਾਬਲੇ 'ਚ ਮਾਰੇ ਗਏ 7 ਨਕਸਲੀ

ਹੈਦਰਾਬਾਦ 2 ਦਸੰਬਰ। ਤੇਲੰਗਾਨਾ ਦੇ ਮੁਲੁਗੂ ਜ਼ਿਲ੍ਹੇ ਦੇ ਇਕ ਜੰਗਲੀ ਖੇਤਰ ਵਿਚ ਐਤਵਾਰ ਨੂੰ ਪੁਲਸ ਨਾਲ ਹੋਏ ਮੁਕਾਬਲੇ ਦੌਰਾਨ 7 ਨਕਸਲੀ ਮਾਰੇ ਗਏ। ਪੁਲਸ ਨੇ ਦੱਸਿਆ ਕਿ ਇਹ ਮੁਕਾਬਲਾ ਤੇਲੰਗਾਨਾ ਪੁਲਸ ਦੀ ਕੁਲੀਨ ਨਕਸਲ ਵਿਰੋਧੀ ਫੋਰਸ 'ਗ੍ਰੇਹਾਊਡਸ' ਅਤੇ ਮਾਓਵਾਦੀਆਂ ਵਿਚਾਲੇ ਏਤੂਰਾਨਗਰਮ ਦੇ ਜੰਗਲੀ ਖੇਤਰ 'ਚ ਤਲਾਸੀ ਮੁਹਿੰਮ ਦੌਰਾਨ ਹੋਇਆ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਕਾਬਲੇ ਵਾਲੀ ਥਾਂ ਤੋਂ ਬਰਾਮਦ ਕੀਤੇ ਗਏ ਹਥਿਆਰਾਂ 'ਚ 2 ਏ. ਕੇ. 47 ਰਾਈਫਲਾਂ ਵੀ ਸਾਮਲ ਹਨ। ਮਾਰੇ ਗਏ ਨਕਸਲੀਆਂ 'ਚ ਪਾਬੰਦੀਸੁਦਾ ਸੀ. ਪੀ. ਆਈ. (ਮਾਓਵਾਦੀ) ਦੀ ਤੇਲੰਗਾਨਾ ਸਟੇਟ ਕਮੇਟੀ (ਯੇਲਾਂਦੂ ਨਰਸੰਪੇਟ) ਦਾ ਸਕੱਤਰ ਕੁਰਸਮ ਮੰਗੂ ਉਰਫ ਭਾਦਰੂ ਵੀ ਸਾਮਲ ਹੈ।

## ਕਾਂਗਰਸ ਲਿਖ ਕੇ ਦੇਵੇ ਤਾਂ ਆਸਾਮ 'ਚ ਗਊ ਮਾਸ 'ਤੇ ਪਾਬੰਦੀ ਲਾ ਦਿਆਂਗਾ : ਸਰਮਾ

ਗੁਹਾਟੀ 2 ਦਸੰਬਰ। ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਹੈ ਕਿ ਜੇ ਸੂਬਾ ਕਾਂਗਰਸ ਦੇ ਪ੍ਰਧਾਨ ਭੂਪੇਨ ਕੁਮਾਰ ਬੋਰਾ ਮੈਨੂੰ ਲਿਖ ਕੇ ਗਊ ਮਾਸ (ਬੀਫ) 'ਤੇ ਪਾਬੰਦੀ ਲਾਉਣ ਦੀ ਬੇਨਤੀ ਕਰਦੇ ਹਨ ਤਾਂ ਮੈਂ ਪਾਬੰਦੀ ਲਾਉਣ ਲਈ ਤਿਆਰ ਹਾਂ। ਮੁਸਲਿਮ ਬਹੁਗਿਣਤੀ ਵਾਲੀ ਸਮਗੁਰੀ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਜਿੱਤਣ ਲਈ ਭਾਜਪਾ ਵੱਲੋਂ ਬੀਫ ਵੰਡਣ ਦੇ ਦੋਸਾਂ ਦਾ ਜਵਾਬ ਦਿੰਦਿਆਂ ਸਰਮਾ ਨੇ ਕਿਹਾ ਕਿ ਮੈਨੂੰ ਖੁਸੀ ਹੈ ਕਿ ਕਾਂਗਰਸ ਨੇ ਇਹ ਮੁੱਦਾ ਚੁੱਕਿਆ ਹੈ। ਭਾਜਪਾ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਮਗੁਰੀ ਸੀਟ 25 ਸਾਲਾਂ ਤੱਕ ਕਾਂਗਰਸ ਕੋਲ ਰਹੀ। ਕਾਂਗਰਸ ਨੇ ਲਗਾਤਾਰ ਪੰਜ ਵਾਰ ਜਿੱਤ ਦਰਜ ਕੀਤੀ। ਹੁਣ ਇੱਥੋਂ 24,501 ਵੋਟਾਂ ਦੇ ਫਰਕ ਨਾਲ ਹਾਰਨਾ ਕਾਂਗਰਸ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਰਮਨਾਕ ਹਾਰ ਹੈ। ਇਹ ਭਾਜਪਾ ਦੀ ਜਿੱਤ ਨਾਲੋਂ ਵੱਧ ਕਾਂਗਰਸ ਦੀ ਹਾਰ ਹੈ। ਪਿਛਲੇ ਮਹੀਨੇ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ ਦੇ ਦਿਪਲੂ ਰੰਜਨ ਸਰਮਾ ਨੇ ਕਾਂਗਰਸ ਦੇ ਸੰਸਦ ਮੈਂਬਰ ਰਕੀਬੁਲ ਹੁਸੈਨ ਦੇ ਪੁੱਤਰ ਤਨਜੀਲ ਨੂੰ 24,501 ਵੋਟਾਂ ਦੇ ਫਰਕ ਨਾਲ ਹਰਾਇਆ ਸੀ।

## ਸ਼ਿੰਦੇ ਹੁਣ ਗ੍ਰਹਿ ਵਿਭਾਗ ਤੇ ਹੋਰ ਸਾਰੇ ਮੁੱਦੇ ਹੱਲ ਕਰਨਾ ਚਾਹੁੰਦੇ ਹਨ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 2 ਦਸੰਬਰ। 'ਮਹਾਯੁਤੀ' ਸਰਕਾਰ ਦਾ ਸਹੁੰ ਚੁੱਕ ਸਮਾਗਮ 2 ਮੁੱਦਿਆਂ ਕਾਰਨ 2 ਦਸੰਬਰ ਤੋਂ 5 ਦਸੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ 'ਚੋਂ ਇਕ ਇਹ ਹੈ ਕਿ ਕਾਰਜਵਾਹਕ ਮੁੱਖ ਮੰਤਰੀ ਏਕਨਾਥ ਸ਼ਿੰਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਤੇ ਭਾਜਪਾ ਦੇ ਦੇਵੇਂਦਰ ਫੜਨਵੀਸ ਅਧੀਨ ਕੰਮ ਕਰਨ ਦੇ ਬਦਲੇ 'ਗ੍ਰਹਿ' ਵਿਭਾਗ ਚਾਹੁੰਦੇ ਹਨ। ਉਹ ਗ੍ਰਹਿ ਵਿਭਾਗ ਤੇ ਹੋਰ ਸਾਰੇ ਮੁੱਦੇ ਹੱਲ ਕਰਨਾ ਚਾਹੁੰਦੇ ਹਨ। ਦੂਜਾ, ਉਹ ਇਹ ਵੀ ਚਾਹੁੰਦੇ ਹਨ ਕਿ ਵਿਭਾਗ , ਮੰਤਰਾਲਿਆਂ ਦੀ ਗਿਣਤੀ, ਨਿਗਮਾਂ ਦੀ ਚੇਅਰਮੈਨੀ ਅਤੇ ਜਿੱਤਣ ਤੋਂ ਬਾਅਦ ਮੁੰਬਈ ਨਗਰ ਨਿਗਮ 'ਤੇ ਕਿਸ ਦਾ ਕੰਟਰੋਲ ਕਰੇਗਾ, ਵਰਗੇ ਸਾਰੇ ਮੁੱਦੇ ਵੀ ਹੱਲ ਕੀਤੇ ਜਾਣ। ਰਾਜਧਾਨੀ 'ਚ ਸੱਤਾ 'ਤੇ ਕਾਬਜ ਲੋਕਾਂ ਦੇ ਕਰੀਬੀ ਸੂਤਰਾਂ ਦੀ ਮੰਨੀਏ ਤਾਂ ਵੀਰਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਦੀ ਰਿਹਾਇਸ 'ਤੇ ਹੋਈ ਮੈਰਾਥਨ ਮੀਟਿੰਗ ਜਿਸ 'ਚ ਸਾਰੇ ਧੜੇ ਮੌਜੂਦ ਸਨ, 'ਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਦਾ ਅਹੁਦਾ ਭਾਜਪਾ ਕੋਲ ਹੀ ਰਹੇਗਾ। ਸ਼ਿਵ ਸੈਨਾ ਤੇ ਐੱਨ. ਸੀ. ਪੀ. ਨੂੰ ਇਕ-ਇਕ ਉਪ ਮੁੱਖ ਮੰਤਰੀ ਦਾ ਅਹੁਦਾ ਮਿਲੇਗਾ। ਮੀਡੀਆ ਰਿਪੋਰਟਾਂ ਦੇ ਉਲਟ ਅਮਿਤ ਸਾਹ ਦੀ ਰਿਹਾਇਸ 'ਤੇ ਮੌਜੂਦ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਬੈਠਕ ਕੁਝ ਦੇਰੀ ਨਾਲ ਸੁਰੂ ਹੋਈ ਕਿਉਂਕਿ ਸ਼ਿੰਦੇ ਦੇਰੀ ਨਾਲ ਪਹੁੰਚੇ ਸਨ। ਰਾਤ ਦਾ ਕੋਈ ਖਾਣਾ ਨਹੀਂ ਸੀ ਅਤੇ ਮੀਟਿੰਗ ਲਗਭਗ ਦੋ ਘੰਟੇ ਚੱਲੀ। ਸੂਤਰਾਂ ਦਾ ਕਹਿਣਾ ਹੈ ਕਿ ਇਹ ਇਕ ਬਿਜਨਸ ਮੀਟਿੰਗ ਵਾਂਗ ਸੀ ਜਿਸ ਵਿਚ ਸਿਰਫ ਚਾਹ ਤੇ ਕੂਕੀਜ ਨੂੰ ਪਰੋਸਿਆਂ ਗਿਆ ਸੀ। ਸ਼ਿੰਦੇ ਜਾਂ ਅਜੀਤ ਪਵਾਰ ਨੂੰ ਮਨਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਸਾਹ ਨੇ ਸਪੱਸਟ ਕਿਹਾ ਕਿ ਵਿਭਾਗਾਂ ਦੇ ਮੁੱਦੇ 'ਤੇ ਬਾਅਦ 'ਚ ਚਰਚਾ ਕੀਤੀ ਜਾਵੇਗੀ। ਗ੍ਰਹਿ ਵਿਭਾਗ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਇਸ ਪਿਛੋਕੜ ਵਿਚ ਮੁੰਬਈ ਤੇ ਹੋਰ ਥਾਵਾਂ 'ਤੇ ਸਬੰਧਤ ਸਾਰੇ ਕੰਮ ਮੁਲਤਵੀ ਕਰ ਦਿੱਤੇ ਗਏ ਤੇ ਨਾਰਾਜ ਸ਼ਿੰਦੇ ਆਪਣੇ ਪਿੰਡ ਚਲੇ ਗਏ। ਸਪਸ਼ਟ ਹੈ ਕਿ ਏਕਨਾਥ ਸ਼ਿੰਦੇ ਨੂੰ ਇਹ ਗੱਲ ਹਜਮ ਕਰਨ ਲਈ ਸਮਾਂ ਚਾਹੀਦਾ ਹੈ ਕਿ ਉਹ ਮੁੱਖ ਮੰਤਰੀ ਨਹੀਂ ਬਣਨਗੇ। ਸ਼ਿੰਦੇ ਦੀ ਸਮੱਸਿਆ ਇਹ ਵੀ ਹੈ ਕਿ ਜੇ ਉਹ ਆਪਣਾ ਸਿਆਸੀ ਪ੍ਰਭਾਵ ਵਧਾਉਣਾ ਚਾਹੁੰਦੇ ਹਨ ਤਾਂ ਉਹ ਬਾਹਰ ਕਿਵੇਂ ਬੈਠ ਸਕਦੇ ਹਨ?



## ਦਿੱਲੀ 'ਚ ਹਵਾ ਦੀ ਗੁਣਵੱਤਾ ਲਗਾਤਾਰ ਅੱਠਵੇਂ ਦਿਨ 'ਬਹੁਤ ਮਾੜੀ' ਸ਼੍ਰੇਣੀ 'ਚ ਰਹੀ

ਨਵੀਂ ਦਿੱਲੀ 2 ਦਸੰਬਰ। ਰਾਸਟਰੀ ਰਾਜਧਾਨੀ ਵਿਚ ਜਹਿਰੀਲੀ ਹਵਾ ਦਾ ਪ੍ਰਕੋਪ ਜਾਰੀ ਹੈ ਅਤੇ ਐਤਵਾਰ ਨੂੰ ਲਗਾਤਾਰ ਅੱਠਵੇਂ ਦਿਨ ਹਵਾ ਦੀ ਗੁਣਵੱਤਾ 'ਬਹੁਤ ਖਰਾਬ' ਸ੍ਰੇਣੀ ਵਿਚ ਰਹੀ। ਕੇਂਦਰੀ ਪ੍ਰਦੂਸਣ ਕੰਟਰੋਲ ਬੋਰਡ () ਦੇ ਅੰਕੜਿਆਂ ਅਨੁਸਾਰ, ਸਵੇਰੇ 9 ਵਜੇ ਹਵਾ ਗੁਣਵੱਤਾ ਸੂਚਕਾਂਕ () 329 ਰਿਹਾ, ਜੋ ਸਨੀਵਾਰ ਦੇ 24 ਘੰਟਿਆਂ ਦੀ ਔਸਤ 346 ਤੋਂ ਥੋੜ੍ਹਾ ਘੱਟ ਹੈ। ਘੰਟੇ ਦੇ ਹਿਸਾਬ ਨਾਲ ਡਾਟਾ ਪ੍ਰਦਾਨ ਕਰਨ ਵਾਲੀ 'ਸਮੀਰ' ਐਪ ਦੇ ਮੁਤਾਬਕ, ਸਹਿਰ ਦੇ 38 ਨਿਗਰਾਨੀ ਸਟੇਸਨਾਂ 'ਚੋਂ 23 'ਚ ਨੂੰ 'ਬਹੁਤ ਖਰਾਬ' ਸ੍ਰੇਣੀ 'ਚ ਦਰਜ ਕੀਤਾ ਗਿਆ। ਜੀਰੋ ਅਤੇ 50 ਦੇ ਵਿਚਕਾਰ ਨੂੰ 'ਚੰਗਾ', 51 ਤੋਂ 100 'ਤਸੱਲੀਬਖਸ', 101 ਤੋਂ 200 'ਮੱਧਮ', 201 ਤੋਂ 300 'ਬਹੁਤ ਮਾੜਾ' ਅਤੇ 401 ਤੋਂ 500 'ਗੰਭੀਰ' ਮੰਨਿਆ ਜਾਂਦਾ ਹੈ। ਇਸ ਦੌਰਾਨ, ਭਾਰਤੀ ਮੌਸਮ ਵਿਭਾਗ (ਆਈ.ਐੱਮ.ਡੀ.) ਅਨੁਸਾਰ, ਘੱਟੋ ਘੱਟ ਤਾਪਮਾਨ 11 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਸਵੇਰੇ 8:30 ਵਜੇ ਨਮੀ ਦਾ ਪੱਧਰ 93 ਫੀਸਦੀ ਦਰਜ ਕੀਤਾ ਗਿਆ। ਵਿਭਾਗ ਮੁਤਾਬਕ ਵੱਧ ਤੋਂ ਵੱਧ ਤਾਪਮਾਨ 27 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦਾ ਅਨੁਮਾਨ ਹੈ।

## ਲੋਕ ਸਭਾ ਸਕੱਤਰ ਜਨਰਲ ਨੂੰ ਮਿਲਿਆ ਇਕ ਸਾਲ ਦਾ ਨਵਾਂ ਸੇਵਾ ਵਿਸਥਾਰ

ਨਵੀਂ ਦਿੱਲੀ 2 ਦਸੰਬਰ। ਲੋਕ ਸਭਾ ਦੇ ਜਨਰਲ ਸਕੱਤਰ ਉਤਪਲ ਕੁਮਾਰ ਸਿੰਘ ਦੇ ਕਾਰਜਕਾਲ 'ਚ ਇਕ ਸਾਲ ਦਾ ਨਵਾਂ ਸੇਵਾ ਵਿਸਥਾਰ ਕੀਤਾ ਗਿਆ ਹੈ। ਇਕ ਅਧਿਕਾਰਤ ਹੁਕਮ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਹੁਕਮਾਂ ਅਨੁਸਾਰ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸਿੰਘ ਦਾ ਕਾਰਜਕਾਲ 30 ਨਵੰਬਰ 2025 ਤੱਕ ਵਧਾ ਦਿੱਤਾ ਹੈ। ਉੱਤਰਾਖੰਡ ਕੇਡਰ ਦੇ 1986 ਬੈਚ ਦੇ ਭਾਰਤੀ ਪ੍ਰਸਾਸਨਿਕ ਸੇਵਾ () ਅਧਿਕਾਰੀ ਸਿੰਘ ਨੇ 1 ਦਸੰਬਰ, 2020 ਨੂੰ ਲੋਕ ਸਭਾ ਦੇ ਸਕੱਤਰ ਜਨਰਲ ਵਜੋਂ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦਾ ਕਾਰਜਕਾਲ ਪਹਿਲਾਂ ਵੀ ਕਈ ਵਾਰ ਵਧਾਇਆ ਜਾ ਚੁੱਕਾ ਹੈ। ਉਹ 31 ਜੁਲਾਈ, 2020 ਨੂੰ ਉੱਤਰਾਖੰਡ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਅਤੇ 1 ਸਤੰਬਰ, 2020 ਨੂੰ ਲੋਕ ਸਭਾ ਸਕੱਤਰੇਤ ਦੇ ਸਕੱਤਰ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ ਤਤਕਾਲੀ ਲੋਕ ਸਭਾ ਸਕੱਤਰ ਜਨਰਲ ਸਨੇਹਲਤਾ ਸ੍ਰੀਵਾਸਤਵ ਦੀ ਸੇਵਾਮੁਕਤੀ ਤੋਂ ਤਿੰਨ ਮਹੀਨੇ ਬਾਅਦ ਲੋਕ ਸਭਾ ਸਕੱਤਰ ਜਨਰਲ ਵਜੋਂ ਅਹੁਦਾ ਸੰਭਾਲਿਆ ਸੀ।

## 'ਇੰਡੀਆ' ਗੱਠਜੋੜ 'ਚ ਸਭ ਠੀਕ ਨਹੀਂ ? ਸੰਸਦ 'ਚ ਕਾਂਗਰਸ ਦੇ ਏਜੰਡੇ ਤੋਂ ਸਹਿਯੋਗੀ ਪਾਰਟੀਆਂ ਨੇ ਕੀਤਾ ਕਿਨਾਰਾ

ਨਵੀਂ ਦਿੱਲੀ 2 ਦਸੰਬਰ। ਸੰਸਦ ਦੀ ਕਾਰਵਾਈ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਾਹੁਲ ਗਾਂਧੀ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ ਨਾਲ 'ਇੰਡੀਆ' ਗੱਠਜੋੜ ਦੇ ਨੇਤਾਵਾਂ ਦੀ ਬੈਠਕ 'ਚ ਸ਼ਾਮਲ ਹੋਏ ਪਰ ਤ੍ਰਿਣਮੂਲ ਕਾਂਗਰਸ ਦਾ ਕੋਈ ਵੀ ਮੈਂਬਰ ਇਸ ਵਿਚ ਸਾਮਲ ਨਹੀਂ ਹੋਇਆ। ਅਸਲ 'ਚ ਤ੍ਰਿਣਮੂਲ ਚਾਹੁੰਦੀ ਹੈ ਕਿ ਮਹਿੰਗਾਈ, ਬੇਰੋਜਗਾਰੀ, ਕਿਸਾਨ, ਖਾਦਾਂ, ਵਿਰੋਧੀ ਧਿਰ ਦੇ ਸੂਬਿਆਂ ਨੂੰ ਦਿੱਤੇ ਜਾਣ ਵਾਲੇ ਪੈਸਿਆਂ 'ਚ ਕਟੌਤੀ ਅਤੇ ਮਣੀਪੁਰ ਵਰਗੇ ਮੁੱਦਿਆਂ 'ਤੇ ਹਾਊਸ 'ਚ ਚਰਚਾ ਹੋਣੀ ਚਾਹੀਦੀ ਹੈ, ਜਦਕਿ ਕਾਂਗਰਸ ਚਾਹੁੰਦੀ ਹੈ ਕਿ ਸਿਰਫ ਅਡਾਣੀ ਮੁੱਦੇ 'ਤੇ ਹੀ ਚਰਚਾ ਹੋਵੇ। ਇਸ ਦੇ ਨਾਲ ਹੀ ਸਪਾ ਵੀ ਕਾਂਗਰਸ ਦੇ ਸਟੈਂਡ ਤੋਂ ਦੂਰ ਹੁੰਦੀ ਨਜਰ ਆ ਰਹੀ ਹੈ। ਇਸ ਦੇ ਨਾਲ ਹੀ ਹੋਰ ਵਿਰੋਧੀ ਪਾਰਟੀਆਂ ਵੀ ਚਾਹੁੰਦੀਆਂ ਹਨ ਕਿ ਕਿਸਾਨ, ਸੰਭਲ ਅਤੇ ਮਣੀਪੁਰ ਵਰਗੇ ਮੁੱਦਿਆਂ 'ਤੇ ਵੀ ਚਰਚਾ ਹੋਣੀ ਚਾਹੀਦੀ ਹੈ। ਵਿਰੋਧੀ ਪਾਰਟੀਆਂ 'ਚੋਂ ਤ੍ਰਿਣਮੂਲ ਕਾਂਗਰਸ ਦਾ ਸਟੈਂਡ ਸਪੱਸਟ ਹੈ ਕਿ ਸਾਰੇ ਮੁੱਦਿਆਂ 'ਤੇ ਸੰਸਦ 'ਚ ਚਰਚਾ ਹੋਣੀ ਚਾਹੀਦੀ ਹੈ। ਸਮਾਜਵਾਦੀ ਪਾਰਟੀ ਵੀ ਕੁਝ ਅਜਿਹਾ ਹੀ ਚਾਹੁੰਦੀ ਹੈ। ਸਪਾ ਦੇ ਸੰਸਦ ਮੈਂਬਰਾਂ ਨੇ ਸੋਮਵਾਰ ਲੋਕ ਸਭਾ ਦੇ ਸਪੀਕਰ ਨਾਲ ਮੁਲਾਕਾਤ ਕੀਤੀ ਤੇ ਸੰਭਲ ਮੁੱਦੇ 'ਤੇ ਚਰਚਾ ਲਈ ਬੇਨਤੀ ਕੀਤੀ। ਸਪਾ ਨੇਤਾਵਾਂ ਮੁਤਾਬਕ ਅਡਾਣੀ ਮੁੱਦਾ ਸੰਭਲ ਜਿੰਨਾ ਵੱਡਾ ਨਹੀਂ ਹੈ। ਸਪਾ ਦੇ ਸੰਸਦ ਮੈਂਬਰ ਧਰਮਿੰਦਰ ਯਾਦਵ ਨੇ ਕਿਹਾ ਕਿ ਸਾਡੇ ਲਈ ਕਿਸਾਨਾਂ ਦਾ ਮੁੱਦਾ ਅਡਾਨੀ ਦੇ ਮੁੱਦੇ ਤੋਂ ਵੀ ਵੱਡਾ ਹੈ। ਕਾਂਗਰਸ ਭਾਵੇਂ ਅਡਾਣੀ-ਅਡਾਣੀ ਦੀ ਰੱਟ ਲਾਈ ਬੈਠੀ ਹੈ ਪਰ ਕਈ ਵਿਰੋਧੀ ਪਾਰਟੀਆਂ ਹੋਰ ਮੁੱਦਿਆਂ 'ਤੇ ਵੀ ਬਹਿਸ ਕਰਨਾ ਚਾਹੁੰਦੀਆਂ ਹਨ।



## 'ਮੈਨੂੰ ਭਾਰਤ ਤੇ ਬੰਗਲਾਦੇਸ਼ 'ਚ ਕੋਈ ਫਰਕ ਨਹੀਂ ਲਗਦਾ': ਮਹਿਬੂਬਾ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 2 ਦਸੰਬਰ। ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀਡੀਪੀ ਮੁਖੀ ਮਹਿਬੂਬਾ ਮੁਫਤੀ ਨੇ ਭਾਰਤ ਅਤੇ ਬੰਗਲਾਦੇਸ਼ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮਹਿਬੂਬਾ ਮੁਫਤੀ ਦੇ ਇਸ ਬਿਆਨ 'ਤੇ ਹੰਗਾਮਾ ਮਚ ਗਿਆ ਹੈ ਅਤੇ ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਦਰਅਸਲ, ਮਹਿਬੂਬਾ ਨੇ ਕਿਹਾ, 'ਮੈਨੂੰ ਭਾਰਤ ਅਤੇ ਬੰਗਲਾਦੇਸ਼ 'ਚ ਕੋਈ ਫਰਕ ਨਹੀਂ ਲਗਦਾ।' ਜੰਮੂ 'ਚ ਇਕ ਪ੍ਰੈਸ ਕਾਨਫਰੰਸ ਦੌਰਾਨ ਪੀਡੀਪੀ ਮੁਖੀ ਮਹਿਬੂਬਾ ਮੁਫਤੀ ਨੇ ਐਤਵਾਰ 2 ਦਸੰਬਰ ਨੂੰ ਕਿਹਾ ਕਿ ਅੱਜ ਮੈਨੂੰ ਡਰ ਹੈ ਕਿ 1947 ਦੇ ਸਮੇਂ ਜੋ ਸਥਿਤੀ ਸੀ, ਸਾਨੂੰ ਉਸੇ ਦਿਸ਼ਾ 'ਚ ਲਿਜਾਇਆ ਜਾ ਰਿਹਾ ਹੈ। ਜਦੋਂ ਨੌਜਵਾਨ ਨੌਕਰੀ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ। ਸਾਡੇ ਕੋਲ ਚੰਗੇ ਹਸਪਤਾਲ, ਚੰਗੀ ਸਿੱਖਿਆ ਨਹੀਂ ਹੈ। ਉਹ ਸੜਕਾਂ ਦੀ ਹਾਲਤ ਨਹੀਂ ਸੁਧਾਰ ਰਹੇ ਸਗੋਂ ਮੰਦਰ ਦੀ ਤਲਾਸ਼ 'ਚ ਮਸੀਤ ਨੂੰ ਢਾਹੁਣ ਦੀ ਕੋਸ਼ਿਸ਼ ਕਰ ਰਹੇ ਹਨ। ਮਹਿਬੂਬਾ ਨੇ ਕਿਹਾ ਕਿ ਸੰਭਲ ਦੀ ਘਟਨਾ ਬਹੁਤ ਮੰਦਭਾਗੀ ਹੈ। ਕੁਝ ਲੋਕ ਦੁਕਾਨਾਂ 'ਚ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ। ਅਜਮੇਰ ਸ਼ਰੀਫ ਦਰਗਾਹ, ਜਿਥੇ ਸਾਰੇ ਧਰਮਾਂ ਦੇ ਲੋਕ ਪ੍ਰਾਰਥਨਾ ਕਰਦੇ ਹਨ ਅਤੇ ਭਾਈਚਾਰੇ ਦੀ ਸਭ ਤੋਂ ਵੱਡੀ ਮਿਸਾਲ ਹੈ। ਹੁਣ ਉਹ ਮੰਦਰ ਦੀ ਤਲਾਸ਼ 'ਚ ਉਸ ਵਿਚ ਵੀ ਖੁਦਾਈ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵੋਟਿੰਗ ਦੌਰਾਨ ਚੋਣ ਫੀਸਦੀ ਅਲੱਗ ਹੁੰਦਾ ਹੈ ਅਤੇ ਨਤੀਜੇ ਅਲੱਗ ਹੁੰਦੇ ਹਨ, ਸਾਨੂੰ ਇਸ 'ਤੇ ਵੀ ਸ਼ੱਕ ਹੈ। ਉਨ੍ਹਾਂ ਨੇ ਇਕ ਸਭਾ ਛੱਡ



ਦਿੱਤਾ ਤਾਂ ਜੋ ਵਿਰੋਧੀ ਧਿਰ ਬੋਲ ਨਾ ਸਕੇ... ਬੰਗਲਾਦੇਸ਼ 'ਚ ਹਿੰਦੂਆਂ 'ਤੇ ਅੱਤਿਆਚਾਰ ਹੋ ਰਹੇ ਹਨ। ਜੇਕਰ ਭਾਰਤ 'ਚ ਵੀ ਘੱਟਗਿਣਤੀਆਂ 'ਤੇ ਅੱਤਿਆਚਾਰ ਹੋਣਗੇ ਤਾਂ ਫਿਰ ਭਾਰਤ ਅਤੇ ਬੰਗਲਾਦੇਸ਼ 'ਚ ਕੀ ਫਰ ਹੈ? ਮੈਨੂੰ ਭਾਰਤ ਅਤੇ ਬੰਗਲਾਦੇਸ਼ 'ਚ ਕੋਈ ਫਰਕ ਨਹੀਂ ਲਗਦਾ। ਇੰਨਾ ਹੀ ਨਹੀਂ, ਉਨ੍ਹਾਂ ਕਿਹਾ ਕਿ ਦੇਸ਼ 'ਚ ਹਾਲਾਤ ਠੀਕ ਨਹੀਂ ਹਨ। ਸਾਡੇ ਨੇਤਾ ਮਹਾਤਮਾ ਗਾਂਧੀ ਜੀ, ਬੀ.ਆਰ. ਅੰਬੇਡਕਰ, ਮੌਲਾਨਾ ਆਜਾਦ ਅਤੇ ਹੋਰ ਲੋਕਾਂ ਨੇ ਇਸ ਦੇਸ਼ ਨੂੰ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਸਾਰਿਆਂ ਦਾ ਘਰ ਬਣਾਇਆ ਹੈ। ਹਾਲਾਂਕਿ, ਦੇਸ਼ 'ਚ ਹਾਲਾਤ ਵੱਖ ਹਨ। ਮਹਿਬੂਬਾ ਮੁਫਤੀ ਦੇ ਇਸ ਬਿਆਨ 'ਤੇ ਭਾਜਪਾ ਨੇਤਾ ਰਵਿੰਦਰ ਰੈਨਾ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਮਹਿਬੂਬਾ ਮੁਫਤੀ ਦਾ ਬੰਗਲਾਦੇਸ਼ ਦੇ ਨਾਲ ਤੁਲਨਾ ਵਾਲਾ ਦਿੱਤਾ ਗਿਆ ਬਿਆਨ ਬਹੁਤ ਵਿਵਾਦਪੂਰਨ, ਮੰਦਭਾਗਾ ਹੈ। ਬੰਗਲਾਦੇਸ਼ 'ਚ ਇਸ ਸਮੇਂ ਘੱਟਗਿਣਤੀ ਭਾਈਚਾਰਿਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ...ਜਿਸ ਤਰ੍ਹਾਂ ਦਾ ਅੱਤਿਆਚਾਰ ਬੰਗਲਾਦੇਸ਼ 'ਚ ਹੋਇਆ ਹੈ, ਮੁਫਤੀ ਦਾ ਬੰਗਲਾਦੇਸ਼ ਨੂੰ ਲੈ ਲਕੇ ਭਾਰਤ ਖਿਲਾਫ ਦਿੱਤਾ ਗਿਆ ਬਿਆਨ ਦੇਸ਼ ਧ੍ਰੋਹ ਹੈ। ਭਾਰਤ 'ਚ ਹਿੰਦੂ, ਮੁਸਲਿਮ, ਸਿੱਖ, ਈਸਾਈ ਸਭ ਸੁਰੱਖਿਅਤ ਹਨ। ਉਹ ਖੁਦ ਜਗ੍ਹਾ-ਜਗ੍ਹਾ ਜਾ ਕੇ ਰੈਲੀਆਂ ਕਰਦੀ ਹੈ, ਆਪਣਾ ਪੱਖ ਸਾਹਮਣੇ ਰੱਖਦੀ ਹੈ। ਉਨ੍ਹਾਂ ਨੂੰ ਪੂਰੀ ਸੁਰੱਖਿਆ ਮਿਲੀ ਹੋਈ ਹੈ। ਮਹਿਬੂਬਾ ਮੁਫਤੀ ਦਾ ਬਿਆਨ ਗੈਰ-ਜ਼ਿੰਮੇਵਾਰਾਨਾ ਹੈ, ਉਸ ਨੂੰ ਦੇਸ਼ ਧ੍ਰੋਹ ਦੀ ਨਜਰ ਨਾਲ ਦੇਖਿਆ ਜਾਣਾ ਚਾਹੀਦਾ ਹੈ।

# ਖੇਤੀਬਾੜੀ

## ਕਿਵੇਂ ਘਟਾਈਏ ਨੁਕਸਾਨਦਾਇਕ ਕੀੜੇ ?

• ਡਾ. ਦੀਪਇੰਦਰਪਾਲ ਸਿੰਘ

ਕੋਈ ਵੀ ਕੀੜਾ ਜਦੋਂ ਸਾਡੇ ਅਰਥਚਾਰੇ ਤੇ ਲਾਭ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਉਹ ਦੁਸ਼ਮਣ ਕੀੜਾ ਕਹਾਉਂਦਾ ਹੈ। ਜੇ ਇਹ ਕੀੜੇ ਸਿੱਧੇ ਤੌਰ 'ਤੇ ਕਿਸੇ ਬਿਮਾਰੀ ਦੇ ਕੈਰੀਅਰ ਹੋਣ ਜਾਂ ਅਸਿੱਧੇ ਤੌਰ 'ਤੇ ਸਾਡੇ ਪਾਲਤੂ ਜਾਨਵਰਾਂ, ਫ਼ਸਲਾਂ ਤੇ ਲੱਕੜ ਦੇ ਭੰਡਾਰ ਨੂੰ ਪ੍ਰਭਾਵਿਤ ਕਰਦੇ ਹਨ।ਤਾਂ ਇਹ ਬੇਹੱਦ ਨੁਕਸਾਨਦੇਹ ਸਿੱਧ ਹੁੰਦੇ ਹਨ। ਇਹ ਕੀੜੇ ਉਦੋਂ 'ਪੈਸਟ' ਬਣਦੇ ਹਨ ਜਦੋ ਉਹ ਇਕ ਖ਼ਾਸ ਜਗ੍ਹਾ ਰਹਿਣ ਵਾਲੀਆਂ ਜਾਤੀਆਂ ਨੂੰ ਉੱਥੋਂ ਖਦੇੜ ਦਿੰਦੇ ਹਨ। ਉਦਾਹਰਣ ਦੇ ਤੌਰ 'ਤੇ ਵਸਨੀਕ ਕੀੜੇ ਆਪਣੀ ਹੀ ਜਗਾ ਦੇ ਪੱਕੇ ਪੌਦਿਆਂ 'ਤੇ ਸ਼ਹਿਦ ਦੀਆਂ ਮੱਖੀਆਂ ਦੇ ਮੁਕਾਬਲੇ ਵਧੀਆ ਪਰਾਗਣ ਕਿਰਿਆ ਕਰਦੇ ਹਨ ਜਦਕਿ ਇਨ੍ਹਾਂ ਦੇ ਖ਼ਾਤਮੇ ਬੀਜਾਂ ਦੀ ਉਤਪਤੀ ਘਟ ਜਾਂਦੀ ਹੈ ਤੇ ਫ਼ਸਲੀ ਪੈਦਾਵਾਰ 'ਚ ਗਿਰਾਵਟ ਦੇ ਆਸਾਰ ਪੈਦਾ ਹੋ ਜਾਂਦੇ ਹਨ।

### ਬਾਹਰੀ ਕੀੜੇ ਮੂਲ ਕੀੜਿਆਂ ਲਈ ਖ਼ਤਰਾ

ਕੁਝ ਬਾਹਰੋਂ ਆਈਆ ਤੇ ਸੁਭਾਅ ਪੱਖੋਂ ਤੇਜ਼ ਕੀੜੀਆਂ, ਜਿਵੇਂ ਵੱਡੇ ਸਿਰ ਵਾਲੀ ਕੀੜੀ (ਫੀਲੀਔਲ ਮੈਗਸੀਫੈਲਾ) ਤੇ ਅਰਜਨਟਾਈਨ ਕੀੜੀ (ਲਾਈਨੇਪੀਥੈਮਾ ਹਿਊਮਾਈਲ) ਨੇ ਬਰਮੂਡਾ ਤੇ ਹਵਾਈ ਇਲਾਕੇ ਦੇ ਵਸਨੀਕ ਕੀੜਿਆਂ ਨੂੰ ਉੱਥੋਂ ਖਦੇੜ ਦਿੱਤਾ ਤੇ ਉਨ੍ਹਾਂ ਦੀਆਂ ਜਾਤੀਆਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਸਾਡੇ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕੀੜਾ 'ਪੈਸਟ' ਕਿਵੇਂ ਬਣਦਾ ਹੈ ਤੇ ਕਿਸ ਤਰ੍ਹਾਂ ਫ਼ਸਲਾਂ ਅਤੇ ਅਰਥਚਾਰੇ ਦਾ ਨੁਕਸਾਨ ਕਰਦਾ ਹੈ? ਇਸ ਤੋਂ ਇਲਾਵਾ ਕੀੜੇਮਾਰ ਦਵਾਈਆਂ ਦੇ ਪ੍ਰਭਾਵ ਤੇ ਕੀੜੇ ਦੇ ਇਨ੍ਹਾਂ ਦਵਾਈਆਂ ਪ੍ਰਤੀ ਅਵਰੋਧ ਬਾਰੇ ਜਾਨਣਾ ਵੀ ਲਾਜ਼ਮੀ ਹੈ। ਕਈ ਵਾਰ ਬਹੁਤ ਥੋੜ੍ਹੇ ਦੁਸ਼ਮਣ ਕੀੜੇ ਵੀ ਬਹੁਤ ਜ਼ਿਆਦਾ ਨੁਕਸਾਨ ਕਰ ਦਿੰਦੇ ਹਨ। ਜਿਵੇਂ, ਫਲਾਂ ਨੂੰ ਕੋਡਲਿੰਗ ਪਤੰਗਾ ਤੇ ਫਲਾਂ ਦੀ ਮੱਖੀ (ਡਰੋਸੋਫਿਲਾ) ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਮਾਰਕੀਟ 'ਚ ਮੁਕਾਬਲੇ ਦੀ ਸਥਿਤੀ ਹੋਣ ਕਰਕੇ ਹੁਣ ਮਿਆਰੀ ਭੋਜਨ ਤੇ ਹੋਰਨਾਂ ਪਦਾਰਥਾਂ ਦਾ ਰੁਝਾਨ ਵਧ ਗਿਆ ਹੈ। ਇਸ ਲਈ ਸਾਨੂੰ ਦੁਸ਼ਮਣ ਕੀੜਿਆਂ ਦੀ ਹੋਂਦ ਸਿਰਫ਼ ਬਾਇਲੋਜੀਕਲ ਨਾ ਸੋਚ ਕੇ ਇਕੋਨੋਮੀਕਲੀ ਵੀ ਸੋਚਣਾ ਪਵੇਗਾ ਕਿ ਉਹ ਕਿਸ ਤਰ੍ਹਾਂ ਸਾਨੂੰ ਵਿੱਤੀ ਨੁਕਸਾਨ ਪਹੁੰਚਾਉਂਦੇ ਹਨ।

### ਕੀੜਿਆਂ ਦੀ ਫ਼ਸਲਾਂ ਤਕ ਪਹੁੰਚ ਹੋਈ ਆਸਾਨ

ਕਿਸੇ ਵੀ ਕੀੜੇ ਦੇ 'ਕੀਟ' ਬਣਨ ਪਿੱਛੇ ਕਈ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਇਹ ਹੈ ਕਿ ਕਿਸੇ ਵੀ ਕੀੜੇ ਦਾ ਗ਼ਲਤੀ ਨਾਲ ਜਾਂ ਜਾਣ ਬੁਝ ਕੇ ਆਪਣੀ ਅਸਲੀ ਤੈਅ ਸੀਮਾ ਤੋਂ ਬਾਹਰ ਜਾਣਾ, ਜਿੱਥੇ ਉਹ ਆਪਣੇ ਕੁਦਰਤੀ ਦੁਸ਼ਮਣ ਕੀੜਿਆਂ ਤੋਂ ਬਚ ਜਾਂਦੇ ਹਨ ਜਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੇ ਹਨ। ਦੂਸਰਾ, ਜਦੋਂ ਕੀਟ ਆਪਣੇ ਪੱਕੇ ਬੂਟੇ ਨੂੰ ਛੱਡ ਕੇ ਦੂਸਰੇ ਪੌਦੇ, ਜੋ ਉਸ ਜਗ੍ਹਾ ਵਾਸਤੇ ਨਵੇਂ ਹੁੰਦੇ ਹਨ, ਉਸ ਉੱਪਰ ਚਲੇ ਜਾਂਦੇ ਹਨ। ਇਹ ਕੰਮ ਉਹ ਕੀੜੇ ਕਰਦੇ ਹਨ ਜੋ ਇਕ ਤੋਂ ਵੱਧ ਪੌਦਿਆਂ 'ਤੇ ਆਪਣਾ ਨਿਰਵਾਹ ਕਰਦੇ ਹਨ, ਜਿਵੇਂ ਕਿ 'ਆਲੂ ਖਪੜਾ' (ਉਲੀਗੋਫੈਗਸ ਕਲੋਰੋਡੋ) ਆਪਣੇ ਪੱਕੇ ਬੂਟਿਆਂ ਤੋਂ ਆਲੂ 'ਤੇ ਚਲੇ ਗਈ ਹੈ ਤੇ ਇਕ ਤੋਂ ਵੱਧ ਪੌਦਿਆਂ 'ਤੇ ਰਹਿਣ ਜਾਂ ਉਨ੍ਹਾਂ ਨੂੰ ਖਾਣ ਵਾਲੇ ਕੀੜੇ, ਜਿਵੇਂ ਹੈਲੀਕੋਵਰਪਾ ਤੇ ਹੈਲੀਐਥਸ ਅੱਜ ਕਪਾਹ ਤੇ ਦੂਸਰੀਆਂ ਫ਼ਸਲਾਂ ਦੇ ਭਿਆਨਕ ਕੀੜੇ ਬਣ ਗਏ ਹਨ। ਤੀਜਾ ਕਾਰਨ ਇਕੱਲੀ ਫ਼ਸਲ 'ਤੇ ਬਹੁਤ ਸਾਰੀਆਂ ਫ਼ਸਲਾਂ ਨੂੰ ਸਾਂਝੇ ਤੌਰ 'ਤੇ ਬੀਜਣਾ ਹੈ। ਪਹਿਲਾਂ ਫ਼ਸਲਾਂ ਨੂੰ ਸਾਂਝੇ ਤੌਰ 'ਤੇ ਲਗਾਇਆ ਜਾਂਦਾ ਸੀ ਤੇ ਕੀੜੇ ਨੂੰ ਇਕ ਫ਼ਸਲ ਤੋਂ ਦੂਸਰੀ ਉਸੇ ਫ਼ਸਲ ਤਕ ਜਾਣ ਲਈ ਕਾਫੀ ਦੂਰੀ ਤੈਅ ਕਰਨੀ ਪੈਂਦੀ ਸੀ, ਜਿਸ ਨਾਲ ਵਿਚ-ਵਿਚਾਲੇ ਹੀ ਉਨ੍ਹਾਂ ਨੂੰ ਫ਼ਸਲਾਂ ਦੇ ਮਿੱਤਰ ਕੀੜੇ ਖਾ ਜਾਂਦੇ ਸਨ। ਹੁਣ ਜ਼ਮਾਨਾ ਇੱਕਲੀ ਜਾਂ ਇੱਕੋ ਫ਼ਸਲ ਬੀਜਣ ਦਾ ਆ ਗਿਆ ਹੈ, ਜਿਸ ਕਰਕੇ ਕੀੜੇ ਨੂੰ ਇਕ ਬੂਟੇ ਤੋਂ ਦੂਜੇ ਬੂਟੇ ਤਕ ਜਾਂ ਇਕ ਖੇਤ ਤੋਂ ਦੂਸਰੇ ਖੇਤ ਤਕ ਜਾਣ ਲਈ ਕੋਈ ਮੁਸ਼ਕਿਲ ਨਹੀਂ ਆਉਂਦੀ। ਜਿਸ ਕਾਰਨ ਕੀੜਿਆਂ ਦੀ ਗਿਣਤੀ ਵਧ ਜਾਂਦੀ ਹੈ ਤੇ ਉਹ ਕੀਟ ਦਾ ਰੂਪ ਧਾਰਨ ਕਰ ਲੈਂਦੇ ਹਨ।

### ਰਸਾਇਣਾਂ ਦੇ ਮਾੜੇ ਪ੍ਰਭਾਵ

ਕੀੜੇਮਾਰ ਰਸਾਇਣਕ ਦਵਾਈਆਂ ਦਾ ਉਤਪਾਦਨ ਦੂਸਰੇ ਵਿਸ਼ਵ ਯੁੱਧ ਵੇਲੇ ਹੋਇਆ। ਉਸ ਵੇਲੇ ਇਹ ਦਵਾਈਆਂ ਦਮਦਾਰ ਤੇ ਸਸਤੀਆਂ ਸਨ। ਕਿਸਾਨਾਂ ਲਈ ਕੀੜਿਆਂ ਨੂੰ ਕੰਟਰੋਲ ਕਰਨ ਦਾ ਇਹ ਸਸਤਾ ਤੇ ਵਧੀਆ ਸਾਧਨ ਸੀ। ਜਿਸ ਨੂੰ ਜਲਦ ਹੀ ਘਰੇਲੂ ਰਸਾਇਣਕ, ਕਲਚਰਲ ਤੇ ਬਾਇਲੋਜੀਕਲ ਕੰਟਰੋਲ ਨੇ ਬਦਲ ਕੇ ਰੱਖ ਦਿੱਤਾ॥1950-60 ਦੇ ਦਹਾਕੇ ਸਮੇਂ ਇਨ੍ਹਾਂ ਕੀੜੇਮਾਰ ਦਵਾਈਆਂ ਦੀ ਭਰਮਾਰ ਸੀ ਤੇ ਇਨ੍ਹਾਂ ਦਾ ਇਸਤੇਮਾਲ ਵਧਦਾ ਗਿਆ। ਅੱਜ ਕਿਸਾਨ ਕੋਲ ਨੁਕਸਾਨਦੇਹ ਕੀੜਿਆਂ 'ਤੇ ਕਾਬੂ ਪਾਉਣ ਦਾ ਇਹ ਇਕੋ ਹੀ ਤਰੀਕਾ ਰਹਿ ਗਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਦਵਾਈਆਂ ਨੇ ਕੀੜੇ ਦੀ ਆਮਦ ਨੂੰ ਬਹੁਤ ਹੱਦ ਤਕ ਘਟਾਇਆ ਹੈ ਪਰ ਇਸ ਦੇ ਬੁਰੇ ਪ੍ਰਭਾਵ ਵੀ ਪਏ ਹਨ। ਕੁਦਰਤੀ ਪੌਲੀਨੇਟਰਜ਼ ਤੇ ਮਿੱਤਰ ਕੀੜਿਆਂ ਦਾ ਵੀ ਇਨ੍ਹਾਂ ਦਵਾਈਆਂ ਨਾਲ ਖਾਤਮਾ ਹੋ ਰਿਹਾ ਹੈ। ਨਤੀਜੇ ਵਜੋਂ ਦੁਸ਼ਮਣ ਕੀੜਿਆਂ ਦੀ ਗਿਣਤੀ ਵਧ ਗਈ ਹੈ। ਜੇ ਇਨ੍ਹਾਂ ਕੀੜਿਆਂ ਦੇ ਕੁਦਰਤੀ ਦੁਸ਼ਮਣ ਕੀੜੇ ਬਹੁਤ ਹੌਲੀ ਦਰ ਨਾਲ ਵਧਦੇ ਹਨ ਤਾਂ ਫ਼ਸਲਾਂ ਦੇ ਦੁਸ਼ਮਣ ਕੀੜੇ ਏਨੇ ਵਧ ਜਾਣਗੇ ਕਿ ਇਨ੍ਹਾਂ ਨਾਲ ਰਸਾਇਣਿਕ ਵਿਧੀ ਨਾਲ ਨਜਿੱਠਣਾ ਵੀ ਔਖਾ ਹੋ ਜਾਵੇਗਾ। ਇਸ ਤੋਂ ਇਲਾਵਾ ਇਨ੍ਹਾਂ ਰਸਾਇਣਕ ਦਵਾਈਆਂ ਦਾ ਵਾਤਾਵਰਨ ਤੇ ਮਨੁੱਖੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਦਵਾਈਆਂ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ ਤੇ ਪਾਣੀ ਦੇ ਸਰੋਤਾਂ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਕੀਟਨਾਸ਼ਕਾਂ ਕਾਰਨ ਵਾਲ ਝੜਨ, ਕੈਂਸਰ, ਅੱਖਾਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਸਾਹ ਦੀਆਂ ਬੀਮਾਰੀਆਂ ਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਈਆਂ ਹਨ।

### ਸਮੂਹਿਕ ਪ੍ਰਬੰਧ ਵਿਧੀ

ਨੁਕਸਾਨਦਾਇਕ ਕੀੜੇ ਘਟਾਉਣ ਦੇ ਸਮੂਹਿਕ ਪ੍ਰਬੰਧ ਦੀ ਵਿਧੀ ਪਹਿਲੀ ਵਾਰ 1960 ਵਿਚ ਪ੍ਰਮੋਟ ਹੋਈ ਸੀ, ਜਦੋਂ ਰਸਾਇਣਕ ਕੀੜੇਮਾਰ ਦਵਾਈਆਂ ਫੇਲ੍ਹ ਹੋ ਗਈਆਂ ਸਨ। ਖ਼ਾਸ ਕਰਕੇ ਕਪਾਹ ਦੀ ਫ਼ਸਲ ਉੱਤੇ 12 ਵਾਰ ਇਨ੍ਹਾਂ ਦਵਾਈਆਂ ਦਾ ਛਿੜਕਾਅ ਕਰਨ ਦੀ ਲੋੜ ਪੈ ਰਹੀ ਸੀ। ਜਿਸ ਕਰਕੇ ਇਹ ਦਵਾਈਆਂ ਫੇਲ੍ਹ ਹੋ ਗਈਆਂ ਸਨ। ਇਸ ਵਿਧੀ ਦਾ ਮੁੱਖ ਕਾਰਜ ਫ਼ਸਲ ਦੇ ਹੋ ਰਹੇ ਨੁਕਸਾਨ ਤੇ ਅਰਥਚਾਰੇ ਨੂੰ ਵੱਜ ਰਹੇ ਧੱਕੇ ਦੀ ਹੱਦ ਨੂੰ ਘਟਾਉਣ ਦੇ ਨਾਲ-ਨਾਲ ਇਨ੍ਹਾਂ ਰਸਾਇਣਾਂ ਦੇ ਮਿੱਤਰ ਕੀੜਿਆਂ ਤੇ ਵਾਤਾਵਰਨ ਉੱਪਰ ਪੈ ਰਹੇ ਮਾੜੇ ਪ੍ਰਭਾਵ ਦਾ ਘੱਟ ਕਰਨਾ ਹੈ। ਇਕੋਨੋਮਿਕ ਤੇ ਵਾਤਾਵਰਨ ਨੂੰ ਫ਼ਾਇਦੇ ਦੇ ਬਾਵਜੂਦ ਇਸ ਨੂੰ ਲਾਗੂ ਕਰਨ ਦਾ ਕੰਮ ਬਹੁਤ ਹੌਲੀ ਚੱਲ ਰਿਹਾ ਹੈ। ਇਸ ਦੇ ਮੁੱਖ ਕਾਰਨ ਹਨ : ਕੀਟ ਤੇ ਕੁਦਰਤੀ ਦੁਸ਼ਮਣਾਂ ਦੇ ਜੀਵਨ ਚੱਕਰ ਤੇ ਰਹਿਣ-ਸਹਿਣ ਦੀ ਜਾਣਕਾਰੀ ਦੀ ਘਾਟ, ਹਰੇਕ ਕੀਟ ਦੁਆਰਾ ਫ਼ਸਲ ਨੂੰ ਪਹੁੰਚਾਏ ਜਾਂਦੇ ਨੁਕਸਾਨ ਤੇ ਵਿੱਤੀ ਘਾਟੇ ਦੀ ਜਾਣਕਾਰੀ ਨਾ ਹੋਣ, ਉਕਤ ਜਾਣਕਾਰੀ ਲਈ ਖੋਜ ਦੇ ਖੇਤਰਾਂ 'ਚ ਪਰਪੱਕਤਾ ਨਾ ਹੋਣਾ ਤੇ ਕਿਸਾਨ, ਖੇਤੀਬਾੜੀ ਅਫਸਰਾਂ ਤੇ ਜੰਗਲਾਤ ਮਹਿਕਮੇ ਦੇ ਕਰਮਚਾਰੀਆਂ ਨੂੰ ਸਿਖਲਾਈ ਦੀ ਘਾਟ।

### ਬਾਇਲੋਜੀਕਲ ਕੰਟਰੋਲ ਤਕਨੀਕ

ਬਾਇਲੋਜੀਕਲ ਕੰਟਰੋਲ ਮਨੁੱਖ ਦੁਆਰਾ ਵਿਕਸਿਤ ਕੀਤੀ ਤਕਨੀਕ ਹੈ। ਇਸ ਵਿਚ ਕਿਸੇ ਵੀ ਕੀਟ ਦੇ ਕੁਦਰਤੀ ਦੁਸ਼ਮਣ ਨੂੰ ਉਸ ਉੱਪਰ ਛੱਡਿਆ ਜਾਂਦਾ ਹੈ ਤਾਂ ਕਿ ਕੀਟ ਨੂੰ ਕੁਝ ਹੱਦ ਤਕ ਖ਼ਤਮ ਕੀਤਾ ਜਾ ਸਕੇ ਪਰ ਇਹ ਤਕਨੀਕ ਸਾਡੇ ਅਰਥਚਾਰੇ ਨੂੰ ਉੱਚਾ ਚੁੱਕਣ 'ਚ ਬਹੁਤੀ ਸਹਾਈ ਸਿੱਧ ਨਹੀਂ ਹੋਈ, ਫਿਰ ਵੀ ਇਹ ਨੁਕਸਾਨ ਦੀ ਹੱਦ ਤਕ ਪਹੁੰਚਣ ਤੋਂ ਪਹਿਲਾਂ ਦੁਸ਼ਮਣ ਕੀੜੇ ਨੂੰ ਖ਼ਤਮ ਕਰ ਦਿੰਦੀ ਹੈ।

ਹੁਣ ਤਕ ਬਹੁਤ ਸਾਰੀਆਂ ਬਾਇਲੋਜੀਕਲ ਵਿਧੀਆਂ ਪਛਾਣੀਆਂ ਜਾ ਚੁੱਕੀਆਂ ਹਨ ਪਰ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਅਲੱਗ ਹਨ ਜੋ ਅੱਜ ਵੀ ਸਮਝ ਨਹੀਂ ਆ ਰਹੀਆਂ। ਇਕ ਹੈ 'ਕਲਾਸੀਕਲ ਬਾਇਲੋਜੀਕਲ ਰੋਕਥਾਮ' ਜਿਸ ਦਾ ਮਤਲਬ ਹੈ ਨਵੇਂ ਕੁਦਰਤੀ ਦੁਸ਼ਮਣਾਂ ਨੂੰ ਵਿਕਸਿਤ ਕਰਨਾ, ਤਾਂ ਕਿ ਦੁਸ਼ਮਣ ਕੀੜੇ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਇਹ ਵਿਧੀ ਉਨ੍ਹਾਂ ਦੁਸ਼ਮਣ ਕੀੜਿਆਂ ਵਾਸਤੇ ਲਾਭਦਾਇਕ ਹੈ ਜਿਹੜੇ ਆਪਣੀ ਜਗ੍ਹਾ ਛੱਡ ਕੇ ਆਪਣੀ ਸੀਮਾ ਤੋਂ ਬਾਹਰ ਦੂਸਰੀ ਜਗ੍ਹਾ 'ਤੇ ਚਲੇ ਜਾਂਦੇ ਹਨ। ਕੀੜਿਆਂ ਤੋਂ ਬਚਾਅ ਲਈ ਕਿਸਾਨਾਂ ਨੂੰ ਬਾਕਾਇਦਾ ਜਾਣਕਾਰੀ ਤੇ ਤਜਰਬਾ ਹੋਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਘੱਟ ਖ਼ਰਚੇ ਨਾਲ ਫ਼ਸਲ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

## ਵਿਹਲ ਨੂੰ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਲਈ ਵਰਤੋ



• ਡਾ. ਰਣਜੀਤ ਸਿੰਘ

ਮੌਸਮ ਬੇਭਰੋਸਗੀ ਵਾਲਾ ਚੱਲ ਰਿਹਾ ਹੈ। ਇਸ ਕਰਕੇ ਮੀਂਹ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਕਿਸਾਨ ਮੌਸਮ ਬਾਰੇ ਭਵਿੱਖਬਾਣੀ ਜ਼ਰੂਰ ਪੜ੍ਹਿਆ ਕਰਨ ਤੇ ਉਸ ਅਨੁਸਾਰ ਆਪਣੀਆਂ ਫ਼ਸਲਾਂ ਦਾ ਪ੍ਰਬੰਧ ਕਰਨ। ਹੁਣ ਮੌਸਮ ਵਿੱਚ ਬਦਲਾਅ ਆਉਣ ਦਾ ਸਮਾਂ ਆ ਗਿਆ ਹੈ। ਕਿਸਾਨਾਂ ਕੋਲ ਇਨ੍ਹਾਂ ਦਿਨਾਂ ਵਿੱਚ ਕੁਝ ਵਿਹਲ ਹੁੰਦੀ ਹੈ। ਅਗਲੇ ਮਹੀਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਕਰਕੇ ਇਸ ਵਿਹਲ ਦੀ ਵਰਤੋਂ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਕਰਨ ਲਈ ਕਰਨੀ ਚਾਹੀਦੀ ਹੈ। ਮੌਸਮੀ ਤਬਦੀਲੀਆਂ ਅਤੇ ਮੰਡੀ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਹੋਇਆਂ ਕੇਵਲ ਇਕ ਹੀ ਫ਼ਸਲ ਦੀ ਬਿਜਾਈ ਨਾ ਕੀਤੀ ਜਾ ?ਵੇ ਸਗੋਂ ਫ਼ਸਲਾਂ ਵਿੱਚ ਕੁਝ ਵਖਰੇਵਾਂ ਕੀਤਾ ਜਾਵੇ। ਕਣਕ ਦੇ ਨਾਲ- ਨਾਲ ਕੁਝ ਰਕਬੇ ਵਿੱਚ ਸਬਜ਼ੀਆਂ, ਹਰਾ ਚਾਰਾ, ਦਾਲਾਂ ਤੇ ਤੇਲ ਬੀਜਾਂ ਦੀ ਵੀ ਕਾਸ਼ਤ ਕੀਤੀ ਜਾਵੇ। ਇਸ ਦੇ ਨਾਲ ਹੀ ਫ਼ਸਲਾਂ ਦੀਆਂ ਬੀਜਣ ਵਾਲੀਆਂ ਕਿਸਮਾਂ ਦਾ ਫ਼ੈਸਲਾ ਵੀ ਹੁਣ ਕਰ ਲੈਣਾ ਚਾਹੀਦਾ ਹੈ। ਇੰਜ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਕਿਹੜੀ ਫ਼ਸਲ ਹੇਠ ਕਿੰਨਾ ਰਕਬਾ ਬੀਜਣਾ ਹੈ। ਉਸ ਅਨੁਸਾਰ ਬੀਜ ਤੇ ਖਾਦ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਫ਼ਸਲਾਂ ਦੀਆਂ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਿਸ਼ ਕੀਤੀਆਂ ਕਿਸਮਾਂ ਹੀ ਬੀਜੀਆਂ ਜਾਣ। ਦੁਕਾਨਦਾਰਾਂ ਦੇ ਆਖੇ ਲੱਗ ਗ਼ੈਰ ਪ੍ਰਮਾਣਿਤ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਰੀਆਂ ਕਿਸਮਾਂ ਦੀ ਪੂਰੀ ਤਰ੍ਹਾਂ ਪਰਖ਼ ਕਰਕੇ ਹੀ ਕਾਸ਼ਤ ਲਈ ਉਨ੍ਹਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਜੇ ਫ਼ਲਦਾਰ ਬੂਟੇ ਨਹੀਂ ਲਾਏ ਤਾਂ ਇਹ ਅਜੇ ਵੀ ਲਾਏ ਜਾ ਸਕਦੇ ਹਨ। ਸਦਾ ਬਹਾਰ ਬੂਟਿਆਂ ਵਿੱਚ ਕਿੰਨੂੰ, ਅੰਬ, ਲੀਚੀ, ਅਮਰੂਦ, ਬੇਰ, ਨਿੰਬੂ, ਆਂਵਲਾ ਪ੍ਰਮੁੱਖ ਹਨ। ਆਪਣੀ ਬੰਬੀ ਲਾਗੇ ਦੋ ਚਾਰ ਫ਼ਲਾਂ ਦੇ ਬੂਟੇ ਜ਼ਰੂਰ ਲਾਏ ਜਾਣ।

ਇਸ ਵਾਰ ਲੁਧਿਆਣਾ ਕਿਸਾਨ ਮੇਲਾ 22-23 ਸਤੰਬਰ ਨੂੰ ਹੋ ਰਿਹਾ ਹੈ। ਤੁਹਾਨੂੰ ਪਰਿਵਾਰਾਂ ਸਮੇਤ ਇਨ੍ਹਾਂ ਮੇਲਿਆਂ ਵਿੱਚ ਜਾਣਾ ਚਾਹੀਦਾ ਹੈ। ਆਪਣੀਆਂ ਸਮੱਸਿਆਵਾਂ ਨੂੰ ਨਾਲ ਲੈ ਕੇ ਜਾਵੋ ਤੇ ਮਾਹਿਰਾਂ ਨਾਲ ਇਨ੍ਹਾਂ ਬਾਰੇ ਵਿਚਾਰ ਵਟਾਂਦਰਾ ਕਰੋ।

ਵੇਲੇ ਸਿਰ ਬੀਜੀਆਂ ਸਾਉਣੀ ਦੀਆਂ ਫ਼ਸਲਾਂ ਇਸ ਮਹੀਨੇ ਪੱਕਣ ਲੱਗਦੀਆਂ ਹਨ। ਜੇਕਰ ਮੀਂਹ ਨਹੀਂ ਪਿਆ ਤਾਂ ਫ਼ਸਲ ਨੂੰ ਆਖ਼ਰੀ ਪਾਣੀ ਕਟਾਈ ਤੋਂ ਕਰੀਬ 15 ਦਿਨ ਪਹਿਲਾਂ ਦੇ ਦੇਣਾ ਚਾਹੀਦਾ ਹੈ। ਫ਼ਸਲਾਂ ਦੀ ਕਟਾਈ ਤੇ ਗਹਾਈ ਸਮੇਂ ਸਿਰ ਕਰੋ ਤਾਂ ਜੋ ਇਨ੍ਹਾਂ ਦਾ ਨੁਕਸਾਨ ਨਾ ਹੋ ਸਕੇ। ਅਸੀਂ ਪਿਛਲੇ ਹਫ਼ਤੇ ਵੀ ਦੱਸਿਆ ਸੀ ਕਿ ਜੇ ਕੋਈ ਖੇਤ ਵਿਹਲਾ ਹੈ ਤਾਂ ਉਥੇ ਤੋਰੀਆ ਬੀਜਿਆ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਤੇਲ ਬੀਜਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਤੋਰੀਆ ਕੇਵਲ ਤਿੰਨ ਮਹੀਨਿਆਂ ਦੀ ਫ਼ਸਲ ਹੈ ਤੇ ਇਕ ਏਕੜ ਵਿੱਚੋਂ ਪੰਜ ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ। ਇਸ ਪਿੱਛੋਂ ਖੇਤ ਵਿੱਚ ਪਿਆਜ਼, ਆਲੂ ਜਾਂ ਸੂਰਜਮੁਖੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਵਿੱਚ ਗੋਭੀ ਸਰ੍ਹੋਂ ਨੂੰ ਰਲਾ ਕੇ ਵੀ ਬੀਜਿਆ ਜਾ ਸਕਦਾ ਹੈ। ਤੋਰੀਆ ਦਸੰਬਰ ਵਿੱਚ ਕੱਟ ਲਿਆ ਜਾਂਦਾ ਹੈ ਜਦੋਂ ਕਿ ਸਰੋਂ ਮਾਰਚ ਵਿੱਚ ਪੱਕਦੀ ਹੈ। ਖੇਤ ਵਿੱਚ ਇਕ ਲਾਈਨ ਤੋਰੀਆ ਤੇ ਇਕ ਲਾਈਨ ਗੋਭੀ ਸਰੋਂ ਦੀ ਬੀਜੀ ਜਾ ਸਕਦੀ ਹੈ। ਗੋਭੀ ਸਰੋਂ ਤੋਂ ਪੂਰਾ ਝਾੜ ਭਾਵ ਅੱਠ ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਟੀਐੱਲ 17, ਪੀਬੀਟੀ 37 ਅਤੇ ਟੀਐੱਲ 15 ਸਿਫ਼ਾਰਸ਼ ਕੀਤੀਆਂ ਤੋਰੀਏ ਦੀਆਂ ਕਿਸਮਾਂ ਹਨ। ਜੀਐੱਸਸੀ 7, ਜੀਐੱਸਸੀ 6, ਹਾਇਓਲਾ ਪੀਏਸੀ 401 ਅਤੇ ਜੀਐੱਸਐੱਲ 2 ਗੋਭੀ ਸਰੋਂ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਜੀਐੱਸਸੀ 7 ਦਾ ਕਰੀਬ 9 ਕੁਇੰਟਲ ਪ੍ਰਤੀ ਏਕੜ ਹੈ। ਰਲਵੀ ਫ਼ਸਲ ਲਈ ਦੋਵਾਂ ਦਾ ਕਿਲੋ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਜਦੋਂਕਿ ਨਿਰੋਲ ਫ਼ਸਲ ਲਈ ਡੇਢ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਮੌਸਮ ਚੱਲ ਰਿਹਾ ਹੈ। ਫ਼ਲ ਗੋਭੀ ਦੀ ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਦਾ ਇਹ ਢੁੱਕਵਾਂ ਸਮਾਂ ਹੈ। ਇਸ ਤਰ੍ਹਾਂ ਬੰਦਗੋਭੀ ਦੀ ਪਨੀਰੀ ਵੀ ਹੁਣ ਲਾ ਦੇਣੀ ਚਾਹੀਦੀ ਹੈ। ਗਾਜਰ, ਮੂਲੀ ਤੇ ਸ਼ਲਗਮ ਦੀ ਅਗੇਤੀ ਬਿਜਾਈ ਲਈ ਵੀ ਢੁਕਵਾਂ ਸਮਾਂ ਹੈ। ਪੰਜਾਬ ਕੈਰਟ ਰੈੱਡ, ਪੰਜਾਬ ਬਲੈਕ ਬਿਊਟੀ ਅਤੇ ਪੀਸੀ-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਐੱਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀਂ ਸਮ ਹੈ। ਮੂਲੀ ਦੀਆਂ ਹੁਣ ਪੰਜਾਬ ਸਫ਼ੈਦ ਮੂਲੀ-2, ਪੰਜਾਬ ਪਸੰਦ ਅਤੇ ਜਪਾਨੀ ਵਾਈਟ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪਾਲਕ ਦੀ ਖੇਤੀ ਲਗਪਗ ਸਾਰਾ ਸਾਲ ਹੀ ਹੁੰਦੀ ਰਹਿੰਦੀ ਹੈ। ਨਵੀਂ ਬਿਜਾਈ ਹੁਣ ਕੀਤੀ ਜਾ ਸਕਦੀ ਹੈ। ਪੰਜਾਬ ਗਰੀਨ ਉੱਨਤ ਕਿਸਮ ਹੈ। ਇਕ ਏਕੜ ਲਈ ਕੋਈ ਪੰਜ ਕਿਲੋ ਬੀਜ ਚਾਹੀਦਾ ਹੈ।

ਅਗੇਤੀ ਮੱਕੀ ਤੇ ਦਾਲਾਂ ਨੇ ਪੱਕਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦੀ ਸਮੇਂ ਸਿਰ ਸਾਂਭ ਸੰਭਾਲ ਜ਼ਰੂਰੀ ਹੈ। ਮੱਕੀ ਨੂੰ ਮੰਡੀ ਵਿੱਚ ਸੁਕਾ ਕੇ ਵੇਚਣਾ ਚਾਹੀਦਾ ਹੈ। ਅਜਿਹਾ ਕੀਤਿਆਂ ਵਿਕਰੀ ਛੇਤੀ ਹੋ ਜਾਂਦੀ ਹੈ। ਦਾਲਾਂ ਦੀ ਵਿਕਰੀ ਤਾਂ ਆਪ ਸਿੱਧੀ ਕਰਨ ਦਾ ਯਤਨ ਕੀਤਾ ਜਾਵੇ ਤਾਂ ਜੋ ਵੱਧ ਪੈਸੇ ਵੱਟੇ ਜਾ ਸਕਣ।

ਅਗਲੇ ਮਹੀਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਬਾਰੇ ਆਪਣੇ ਫਾਰਮ ਦੀ ਵਿਉਂਤਬੰਦੀ ਕਰੋ। ਜਿਹੜੀਆਂ ਫ਼ਸਲਾਂ ਬੀਜਣੀਆਂ ਹਨ, ਉਨ੍ਹਾਂ ਦੀ ਸੂਚੀ ਬਣਾਵੋ। ਇਨ੍ਹਾਂ ਲਈ ਬੀਜ ਅਤੇ ਖਾਦਾਂ ਦਾ ਲੋੜ ਅਨੁਸਾਰ ਪ੍ਰਬੰਧ ਕਰੋ।

ਕਿਸਾਨਾਂ ਨੂੰ ਚਾਹੀਦਾ ਹੈ ਕਿ ਆਪਣੀ ਵਿਉਂਤ ਅਨੁਸਾਰ ਢੁਕਵੀਂ ਸਿਫ਼ਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪ੍ਰਬੰਧ ਕਰ ਲੈਣ ਤਾਂ ਜੋ ਬਿਜਾਈ ਸਮੇਂ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਫ਼ਸਲ ਦਾ ਪੂਰਾ ਝਾੜ ਲੈਣ ਲਈ ਇਨ੍ਹਾਂ ਛੋਟੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਆਮ ਤੌਰ 'ਤੇ ਗੰਨੇ ਦੀ ਬਿਜਾਈ ਫ਼ਰਵਰੀ-ਮਾਰਚ ਵਿੱਚ ਕੀਤੀ ਜਾਂਦੀ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੀ ਬਿਜਾਈ ਹੁਣ ਵੀ ਕੀਤੀ ਜਾ ਸਕਦੀ ਹੈ। ਇਸ ਨੂੰ ਪਤਝੜੀ ਫ਼ਸਲ ਆਖਿਆ ਜਾਂਦਾ ਹੈ। ਇਸ ਮੌਸਮ ਦੀ ਬਿਜਾਈ ਦਾ ਮੁੱਖ ਲਾਭ ਹੈ ਕਿ ਇਸ ਵਿੱਚ ਦੂਜੀਆਂ ਫ਼ਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਆਲੂ, ਕਣਕ, ਰਾਇਆ, ਗੋਭੀ ਸਰੋਂ, ਤੋਰੀਆ, ਮੱਕੀ, ਪੱਤਗੋਭੀ, ਮੂਲੀ, ਮਟਰ, ਛੋਲੇ ਜਾਂ ਲਸਣ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇੰਜ ਇਕ ਵਾਧੂ ਫ਼ਸਲ ਪ੍ਰਾਪਤ ਹੋ ਜਾਵੇਗੀ। ਇਸ ਮੌਸਮ ਵਿੱਚ ਬਿਜਾਈ ਲਈ ਸੀਓਪੀਬੀ 92, ਸੀਓ 118, ਸੀਓਜੇ 85 ਅਤੇ ਸੀਓਜੇ 64 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ।



ਖਾਦਾਂ ਦੀ ਵਰਤੋਂ ਮਿੱਟੀ ਪਰਖ਼ ਦੀ ਰਿਪੋਰਟ ਅਨੁਸਾਰ ਕਰਨੀ ਚਾਹੀਦੀ ਹੈ। ਬਿਜਾਈ ਸਮੇਂ 30 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਏਕੜ ਲਈ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਪੱਛੀਆਂ ਜਾਂ ਚਾਰ ਅੱਖਾਂ ਵਾਲੀਆਂ 15000 ਪੱਛੀਆਂ ਚਾਹੀਦੀਆਂ ਹਨ। ਬਿਜਾਈ ਸਿਆੜਾਂ ਵਿੱਚ ਪੱਛੀਆਂ ਨੂੰ ਇਕ ਦੂਜੀ ਨਾਲ ਜੋੜ ਕੇ ਕਰੋ। ਲਾਈਨਾਂ ਵਿਚਕਾਰ 90 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਪਹਿਲਾ ਪਾਣੀ ਬਿਜਾਈ ਤੋ ਇਕ ਮਹੀਨੇ ਪਿੱਛੋਂ ਦੇਵੋ।



## ਚੰਗੇ ਫ਼ਸਲੀ ਝਾੜ ਲਈ ਜ਼ਰੂਰੀ ਹੈ ਖਾਦਾਂ ਦੀ ਸੰਤੁਲਿਤ ਵਰਤੋਂ



ਡਾ. ਗੁਰਮਿੰਦਰ ਸਿੰਘ ਬਰਾੜ

**ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੇਕਰ ਅਸੀਂ ਸਮੇਂ-ਸਮੇਂ ਤੇ ਖੇਤ ਵਿਚ ਰੂੜੀ ਦੀ ਖਾਦ ਪਾਈਏ ਅਤੇ ਹਰੀਆਂ ਖਾਦਾਂ (ਜੰਤਰ, ਰਵਾਂਹ, ਮੂੰਗੀ) ਉਗਾਈਏ ਤਾਂ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ, ਜ਼ਮੀਨ ਦੀ ਸਿਹਤ ਬਹੁਤ ਵਧੀਆ ਰਹਿੰਦੀ ਹੈ ਅਤੇ ਜ਼ਮੀਨ ਵਿਚ ਸਾਰੇ ਵੱਡੇ ਅਤੇ ਸੂਖਮ ਤੱਤਾਂ ਦਾ ਸੰਤੁਲਨ ਬਣਿਆ ਰਹਿੰਦਾ ਹੈ। ਚਲੋ ਹੁਣ ਅਸੀਂ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਝੋਨੇ ਦੀ ਗੱਲ ਕਰਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ 'ਤੇ ਹੀ ਕਰਨੀ ਚਾਹੀਦੀ ਹੈ ਅਤੇ ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਗਈ ਤਾਂ 110 ਕਿਲੋ ਯੂਰੀਆ, 27 ਕਿਲੋ ਡੀ. ਏ. ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪਾਉਣੀ ਚਾਹੀਦੀ ਹੈ।**

ਕਿਸਾਨ ਵੀਰੋ ਕਿਸੇ ਵੀ ਫ਼ਸਲ ਤੋਂ ਵਧੇਰੇ ਝਾੜ ਅਤੇ ਮੁਨਾਫਾ ਲੈਣ ਲਈ ਜਿੰਨੀਆਂ ਖਾਦਾਂ ਜ਼ਰੂਰੀ ਹਨ, ਉਸ ਤੋਂ ਵੀ ਵੱਧ ਮਹੱਤਵ ਹੈ, ਕਿਸੇ ਵੀ ਫ਼ਸਲ ਨੂੰ ਪਾਈਆਂ ਜਾਣ ਵਾਲੀਆਂ ਵੱਖ-ਵੱਖ ਖਾਦ ਦੀ ਮਾਤਰਾ ਅਤੇ ਖਾਦਾਂ ਪਾਉਣ ਦੇ ਸਹੀ ਸਮੇਂ ਦਾ ਹੈ, ਕਿਉਂਕਿ ਬੇਲੋੜੀ ਮਾਤਰਾ ਅਤੇ ਬੇਲੋੜੇ ਸਮੇਂ 'ਤੇ ਪਾਈਆਂ ਜਾਣ ਵਾਲੀਆਂ ਰਸਾਇਣਿਕ ਖਾਦਾਂ ਫ਼ਸਲ ਨੂੰ ਫਾਇਦਾ ਕਰਨ ਦੀ ਬਜਾਏ ਉਲਟਾ ਸਾਡੀ ਫ਼ਸਲ ਅਤੇ ਪੈਸੇ ਦਾ ਨੁਕਸਾਨ ਕਰਦੀਆਂ ਹੀ ਹਨ, ਇਸ ਦੇ ਨਾਲ ਹੀ ਮਿੱਟੀ, ਪਾਣੀ ਅਤੇ ਵਾਤਾਵਰਨ ਨੂੰ ਵੀ ਦੂਸ਼ਿਤ ਕਰਦੀਆਂ ਹਨ, ਜਿਸ ਨਾਲ ਮਨੁੱਖੀ ਸਿਹਤ ਉੱਪਰ ਵੀ ਬੁਰਾ ਪ੍ਰਭਾਵ ਪੈਂਦਾ ਹੈ। ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੇਕਰ ਅਸੀਂ ਸਮੇਂ-ਸਮੇਂ ਤੇ ਖੇਤ ਵਿਚ ਰੂੜੀ ਦੀ ਖਾਦ ਪਾਈਏ ਅਤੇ ਹਰੀਆਂ ਖਾਦਾਂ (ਜੰਤਰ, ਰਵਾਂਹ, ਮੂੰਗੀ) ਉਗਾਈਏ ਤਾਂ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ, ਜ਼ਮੀਨ ਦੀ ਸਿਹਤ ਬਹੁਤ ਵਧੀਆ ਰਹਿੰਦੀ ਹੈ ਅਤੇ ਜ਼ਮੀਨ ਵਿਚ ਸਾਰੇ ਵੱਡੇ ਅਤੇ ਸੂਖਮ ਤੱਤਾਂ ਦਾ ਸੰਤੁਲਨ ਬਣਿਆ ਰਹਿੰਦਾ ਹੈ। ਚਲੋ ਹੁਣ ਅਸੀਂ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਝੋਨੇ ਦੀ ਗੱਲ ਕਰਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ 'ਤੇ ਹੀ ਕਰਨੀ ਚਾਹੀਦੀ ਹੈ ਅਤੇ ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਗਈ ਤਾਂ 110 ਕਿਲੋ ਯੂਰੀਆ, 27 ਕਿਲੋ ਡੀ.ਏ.ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪਾਉਣੀ ਚਾਹੀਦੀ ਹੈ। ਜੇਕਰ ਕਣਕ ਦੀ ਫ਼ਸਲ ਨੂੰ ਸਿਫਾਰਿਸ਼ ਕੀਤੀ ਗਈ ਡੀ.ਏ.ਪੀ. ਦੀ ਮਾਤਰਾ ਪਾਈ ਗਈ ਹੋਵੇ ਤਾਂ ਝੋਨੇ ਦੀ ਫ਼ਸਲ ਨੂੰ ਡੀ. ਏ. ਪੀ. ਖਾਦ ਪਾਉਣ ਦੀ ਜ਼ਰੂਰਤ ਨਹੀਂ, ਪਰੰਤੂ ਫਿਰ ਵੀ ਕੁਝ ਕਿਸਾਨ ਵੀਰ ਝੋਨੇ ਦੀ ਫ਼ਸਲ ਨੂੰ 50 ਕਿਲੋ ਤੱਕ ਵੀ ਡੀ. ਏ. ਪੀ. ਖਾਦ ਪਾ ਦਿੰਦੇ ਹਨ, ਜਿਸਦਾ ਝੋਨੇ ਦੀ ਫ਼ਸਲ ਨੂੰ ਕੋਈ ਫਾਇਦਾ ਨਹੀਂ ਮਿਲਦਾ, ਜੋ ਕਿ ਪੈਸੇ ਦੀ ਬਰਬਾਦੀ ਹੈ। ਪੰਜਾਬ ਦੀਆਂ ਸਾਰੀਆਂ ਜ਼ਮੀਨਾਂ ਵਿਚ ਪੋਟਾਸ਼ ਦੀ ਕਾਫੀ ਮਾਤਰਾ ਮੌਜੂਦ ਹੈ, ਪਰੰਤੂ ਫਿਰ ਵੀ ਜੇਕਰ ਲੋੜ ਮਹਿਸੂਸ ਹੋਵੇ ਤਾਂ ਪੋਟਾਸ਼ ਖਾਦ ਸਿਫਾਰਿਸ਼ ਅਨੁਸਾਰ ਪਾਈ ਜਾ ਸਕਦੀ ਹੈ। ਹੁਣ ਅਸੀਂ ਗੱਲ ਕਰਦੇ ਹਾਂ ਨਾਈਟ੍ਰੋਜਨ ਤੱਤ ਵਾਲੀ ਖਾਦ ਯੂਰੀਆ ਦੀ ਜਿਸ ਦੀ ਸਿਫਾਰਿਸ਼ ਮਾਤਰਾ ਵਿਚੋਂ 1/3 ਹਿੱਸਾ ਕੱਦੂ ਕਰਨ ਤੋਂ ਪਹਿਲਾਂ ਜਾਂ ਪਨੀਰੀ ਲਾਉਣ ਤੋਂ ਦੋ ਹਫਤੇ ਤੱਕ ਅਤੇ ਬਾਕੀ ਰਹਿੰਦੀ ਯੂਰੀਆ ਨੂੰ ਦੋ ਬਰਾਬਰ ਹਿੱਸਿਆਂ ਵਿਚ ਪਨੀਰੀ ਲਾਉਣ ਤੋਂ 3 ਅਤੇ 6 ਹਫਤੇ ਬਾਅਦ ਛੱਟੇ ਨਾਲ ਪਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਯੂਰੀਆ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ (ਐਲ.ਸੀ.ਸੀ.) ਵਿਧੀ ਵੀ ਦੱਸੀ ਗਈ ਹੈ ਜਿਸ ਅਨੁਸਾਰ ਝੋਨੇ ਦੀ ਲੁਆਈ ਸਮੇਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਉਪਰੰਤ ਝੋਨਾ ਲੱਗਣ ਦੇ ਦੋ-ਦੋ ਹਫਤਿਆਂ ਬਾਅਦ ਹਰ ਵਾਰ ਖੇਤ ਵਿਚ ਦਸ ਪੌਦਿਆਂ ਦੇ ਉੱਪਰੋਂ ਪੂਰੇ ਖੁੱਲ੍ਹੇ ਪਹਿਲੇ ਪੱਤੇ ਦਾ ਰੰਗ ਬਿਨਾਂ ਤੋੜੇ ਚਾਰਟ ਨਾਲ ਮਿਲਾਉ ਅਤੇ ਜਦੋਂ ਦਸ ਵਿਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾ ਦਿਉ, ਪਰੰਤੂ ਕਿਸਾਨ ਵੀਰ ਝੋਨੇ ਦਾ ਝਾੜ ਵਧਾਉਣ ਲਈ ਸਿਰਫ ਯੂਰੀਆ ਨੂੰ ਹੀ ਰਾਮਬਾਣ ਮੰਨਦੇ ਹਨ ਅਤੇ ਜਦੋਂ ਵੀ ਫ਼ਸਲ ਥੋੜਾ ਜਿਹਾ ਵੀ ਰੰਗ ਛੱਡਦੀ ਹੈ ਤਾਂ ਇਕ-ਦੂਜੇ ਦੀ ਦੇਖਾ-ਦੇਖੀ ਰੰਗ ਗੂੜ੍ਹਾ ਕਰਨ ਲਈ ਵਾਰ-ਵਾਰ ਹੀ ਯੂਰੀਆ ਖਾਦ ਪਾਉਂਦੇ ਹਨ ਅਤੇ ਕੁਝ ਕਿਸਾਨ ਵੀਰ 4 ਤੋਂ 5 ਗੱਟੇ ਮਤਲਬ 200 ਤੋਂ 250 ਕਿਲੋ ਯੂਰੀਆ ਵੀ ਪਾ ਦਿੰਦੇ ਹਨ, ਜੋ ਕਿ ਗ਼ਲਤ ਹੈ, ਕਿਉਂਕਿ ਜ਼ਿਆਦਾ ਮਾਤਰਾ ਵਿਚ ਨਾਈਟ੍ਰੋਜਨ ਤੱਤ ਵਾਲੀ ਖਾਦ ਪਾਉਣ ਨਾਲ ਪੱਤਿਆਂ ਵਿਚ ਪ੍ਰੋਟੀਨ ਦੀ ਮਾਤਰਾ ਵੱਧ ਹੋ ਜਾਂਦੀ ਅਤੇ ਪੱਤੇ ਜ਼ਿਆਦਾ ਹਰੇ ਅਤੇ ਨਰਮ ਹੋ ਜਾਂਦੇ ਹਨ,ਜਿਸ ਕਾਰਨ ਫ਼ਸਲ ਉੱਪਰ ਕੀੜੇ-ਮਕੌੜਿਆਂ ਤੋਂ ਇਲਾਵਾ ਤਣਾ ਗਲਣ ਦਾ ਰੋਗ, ਝੁਲਸ ਰੋਗ, ਭੂਰੇ ਧੱਬਿਆਂ ਦਾ ਰੋਗ ਆਦਿ ਹੋ ਸਕਦਾ ਹੈ ਅਤੇ ਫ਼ਸਲ ਦਾ ਝਾੜ ਘਟ ਜਾਂਦਾ ਹੈ । ਇਸ ਤੋਂ ਇਲਾਵਾ ਯੂਰੀਆ ਖਾਦ ਪਾਉਣ ਵੇਲੇ ਖੇਤ ਵਿਚ ਪਾਣੀ ਵੀ ਖੜ੍ਹਾ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਯੂਰੀਆ ਦਾ ਕੁਝ ਹਿੱਸਾ ਪਾਣੀ ਨਾਲ ਹੇਠਾਂ ਚਲਾ ਜਾਂਦਾ ਹੈ ਅਤੇ ਕੁਝ ਅਮੋਨੀਆ ਬਣ ਕੇ ਹਵਾ ਵਿਚ ਉੱਡ ਜਾਂਦਾ ਹੈ, ਸੋ ਖਾਦ ਪਾਉਣ ਤੋਂ ਤੀਸਰੇ ਦਿਨ ਪਾਣੀ ਲਾਉਣਾ ਚਾਹੀਦਾ ਹੈ।

ਜ਼ਿਆਦਾ ਸਮੇਂ ਤੋਂ ਲਗਾਤਾਰ ਕਣਕ-ਝੋਨਾ ਫ਼ਸਲੀ ਚੱਕਰ ਕਾਰਨ ਹੁਣ ਪੰਜਾਬ ਦੀਆਂ ਜ਼ਮੀਨਾਂ ਵਿਚ ਲੋਹਾ ਅਤੇ ਜ਼ਿੰਕ ਆਦਿ ਤੱਤਾਂ ਦੀ ਘਾਟ ਵੀ ਆਉਂਦੀ ਹੈ, ਸੋ ਜੇਕਰ ਬੂਟਿਆਂ ਦੇ ਪੱਤੇ ਮਧਰੇ ਰਹਿਣ, ਜੜ੍ਹ ਘੱਟ ਮਾਰਨ, ਜੰਗਾਲੇ ਜਿਹੇ ਅਤੇ ਭੂਰੇ ਹੋ ਜਾਣ ਤਾਂ 25 ਕਿਲੋ ਜ਼ਿੰਕ ਸਲਫੇਟ 21 ਫ਼ੀਸਦੀ ਪ੍ਰਤੀ ਏਕੜ ਖੇਤ ਵਿਚ ਖਿਲਾਰ ਦਿਉ। ਇਸੇ ਤਰਾਂ ਜੇਕਰ ਹਲਕੀਆਂ ਜ਼ਮੀਨਾਂ ਵਿਚ ਝੋਨਾ ਲਾਇਆ ਗਿਆ ਹੋਵੇ ਜਾਂ ਪਾਣੀ ਦੀ ਜ਼ਿਆਦਾ ਘਾਟ ਆ ਜਾਵੇ ਤਾਂ ਝੋਨੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਹੌਲੀ-ਹੌਲੀ ਬੂਟੇ ਮਰ ਜਾਂਦੇ ਹਨ, ਜੋ ਕਿ ਲੋਹੇ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਹਨ, ਸੋ ਜਦੋਂ ਅਜਿਹੀਆਂ ਨਿਸ਼ਨੀਆਂ ਨਜ਼ਰ ਅਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਲਾਉ ਅਤੇ ਇਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿਚ ਮਿਲਾ ਕੇ ਇਕ ਹਫਤੇ ਦੀ ਵਿੱਥ 'ਤੇ 2-3 ਛਿੜਕਾਅ ਕਰੋ। ਕਈ ਕਿਸਾਨ ਵੀਰ ਗ਼ੈਰ-ਤਕਨੀਕੀ ਲੋਕਾਂ ਦੇ ਕਹਿਣ ਤੇ ਲੋਹਾ ਤੱਤ ਜ਼ਮੀਨ ਵਿਚ ਪਾ ਦਿੰਦੇ ਹਨ ਪਰੰਤੂ ਇੱਥੇ ਧਿਆਨ ਯੋਗ ਗੱਲ ਇਹ ਹੈ ਕਿ ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ। ਸੋ ਆਖਰ ਵਿਚ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਖਾਦਾਂ ਨੂੰ ਲੋੜ ਅਨੁਸਾਰ ਸਹੀ ਮਾਤਰਾ ਅਤੇ ਸਹੀ ਸਮੇਂ ਉੱਪਰ ਪਾ ਕੇ ਅਸੀਂ ਵਧੇਰੇ ਫ਼ਸਲੀ ਝਾੜ ਲੈ ਸਕਦੇ ਹਾਂ ਅਤੇ ਇਸ ਦੇ ਨਾਲ-ਨਾਲ ਜੇਕਰ ਅਸੀਂ ਸੰਤੁਲਿਤ ਖਾਦਾਂ ਜਿਸ ਵਿਚ ਰਸਾਇਣਿਕ ਖਾਦਾਂ ਦੇ ਨਾਲ ਰੂੜੀ, ਹਰੀ ਖਾਦ ਦੀ ਵਰਤੋਂ ਵੀ ਕਰੀਏ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। -ਖੇਤੀਬਾੜੀ ਵਿਕਾਸ ਅਫਸਰ, ਬਘੂਬਲਾ



## ਪੇਂਡੂ ਮਹਿਲਾਵਾਂ ਦੇ ਸਵੈ ਸਹਾਇਤਾ ਸਮੂਹਾਂ ਨੂੰ ਸਵੈ ਰੋਜ਼ਗਾਰ ਲਈ ਲਗਭਗ 4.78 ਕਰੋੜ ਰੁਪਏ ਦੇ ਕਰਜ਼ੇ ਵੰਡੇ

# ਪਟਿਆਲਾ ਜ਼ਿਲ੍ਹਾ 5248 ਸਵੈ ਸਹਾਇਤਾ ਸਮੂਹਾਂ ਨਾਲ ਪੰਜਾਬ ਰਾਜ 'ਚ ਪਹਿਲੇ ਸਥਾਨ 'ਤੇ: ਅਮਨਦੀਪ ਕੌਰ

**ਪਟਿਆਲਾ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਦਿਹਾਤੀ ਅਜੀਵਿਕਾ ਮਿਸ਼ਨ ਨਾਲ ਜੁੜੀਆਂ ਦਿਹਾਤੀ ਮਹਿਲਾਵਾਂ ਦੇ ਸਵੈ ਸਹਾਇਤਾ ਸਮੂਹਾਂ ਨੂੰ ਸਵੈ-ਰੋਜ਼ਗਾਰ ਨਾਲ ਜੋੜਨ ਲਈ ਲਗਵਾਏ ਜ਼ਿਲ੍ਹਾ ਪੱਧਰੀ ਲੋਨ ਮੇਲੇ ਦੌਰਾਨ 202 ਸਵੈ ਸਹਾਇਤਾ ਸਮੂਹਾਂ ਨੂੰ ਲਗਭਗ 4 ਕਰੋੜ 78 ਲੱਖ ਰੁਪਏ ਦੇ ਕਰਜ਼ਿਆਂ ਦੇ ਪ੍ਰਵਾਨਗੀ ਪੱਤਰ ਵੰਡੇ ਗਏ।

ਏ.ਡੀ.ਸੀ. (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਦੀ ਅਗਵਾਈ ਹੇਠ ਆਜੀਵਿਕਾ ਮਿਸ਼ਨ ਵੱਲੋਂ ਇੱਥੇ ਬਹਾਵਲਪੁਰ ਪੈਲੇਸ ਵਿੱਚ ਕਰਵਾਏ ਗਏ ਲੋਨ ਮੇਲੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ ਸਕੱਤਰ-ਕਮ-ਸੀ.ਈ.ਓ.ਆਜੀਵਿਕਾ ਮਿਸ਼ਨ ਅਮਨਦੀਪ ਕੌਰ ਨੇ ਇਹ ਪ੍ਰਵਾਨਗੀ ਪੱਤਰ ਜਾਰੀ ਕੀਤੇ। ਉਨ੍ਹਾਂ ਨੇ ਇਸ ਮੌਕੇ ਦੱਸਿਆ ਕਿ ਪਟਿਆਲਾ ਜ਼ਿਲ੍ਹਾ 5248 ਸਵੈ ਸਹਾਇਤਾ ਸਮੂਹਾਂ ਨਾਲ ਪੰਜਾਬ ਰਾਜ 'ਚ ਪਹਿਲੇ ਸਥਾਨ 'ਤੇ ਹੈ ਅਤੇ ਪਹਿਲਾਂ ਇਨ੍ਹਾਂ 'ਚੋਂ ਲਗਭਗ 2500 ਸਮੂਹ 1-1 ਲੱਖ ਰੁਪਏ ਦਾ ਕਰਜਾ ਲੈਕੇ ਸਫ਼ਲਤਾ ਪੂਰਵਕ ਵਾਪਸ ਕਰਕੇ ਆਪਣੇ ਰੋਜ਼ਗਾਰ ਨੂੰ ਵਧਾ ਚੁੱਕੇ ਹਨ।

ਇਸ ਦੌਰਾਨ ਕੌਆਪਰੇਟਿਵ ਬੈਂਕ ਅਤੇ ਪੰਜਾਬ ਗ੍ਰਾਮੀਣ ਬੈਂਕ ਦੇ ਡੀ.ਸੀ.ਓ. ਵੱਲੋਂ ਪੀ.ਐਮ.ਐਸ.ਬੀ.ਵਾਈ., ਪੀ.ਐਮ.ਜੇ.ਜੇ.ਬੀ.ਵਾਈ, ਏ.ਪੀ.ਵਾਈ ਆਦਿ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।

ਵੱਖ-ਵੱਖ ਬਲਾਕਾਂ ਤੋਂ ਆਜੀਵਿਕਾ ਮਿਸ਼ਨ ਨਾਲ ਜੁੜੇ ਤਕਰੀਬਨ 200 ਤੋਂ ਵੱਧ ਮੈਂਬਰਾਂ ਨੇ ਲੋਨ ਮੇਲੇ ਵਿੱਚ ਸ਼ਿਰਕਤ ਕੀਤੀ। ਮੇਲੇ ਦੌਰਾਨ ਮੈਂਬਰਾਂ ਨੇ ਆਪਣੀਆਂ ਸਫ਼ਲਤਾ ਕਹਾਣੀ ਪੇਸ਼ ਕੀਤੀਆਂ ਅਤੇ ਸਮੂਹਾਂ ਦੇ ਮੈਂਬਰਾਂ ਵੱਲੋਂ ਆਪਣੇ ਹੱਥੀ ਬਣਾਈਆਂ ਵਸਤੂਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਇਸ ਦੌਰਾਨ ਡੀ.ਪੀ.ਐਮ ਗੀਨਾ ਰਾਣੀ, ਡੀ.ਐਫ.ਐਮ. ਹਰਜਿੰਦਰ ਸਿੰਘ, ਜ਼ਿਲ੍ਹਾ ਐਮ.ਆਈ.ਐਮ. ਰਵਿੰਦਰ ਸਿੰਘ, ਬੀ.ਪੀ.ਐਮ ਵਰੁਨ ਪ੍ਰਾਸ਼ਰ, ਬੀ.ਪੀ.ਐਮ ਹਰਦੀਪ ਕੁਮਾਰ, ਬੀ.ਪੀ.ਐਮ. ਰੇਨੂ, ਬੀ.ਪੀ.ਐਮ. ਪ੍ਰਿੰਕੂ ਸਿੰਗਲਾ, ਬਲਾਕ ਇੰਚਾਰਜ ਹਰਪ੍ਰੀਤ ਸਿੰਘ, ਬਲਾਕ ਇੰਚਾਰਜ ਸੌਵਿਤ ਸਿੰਘ, ਬਲਾਕ ਇੰਚਾਰਜ ਬਲਜੀਤ ਕੌਰ ਅਤੇ ਆਜੀਵਿਕਾ ਮਿਸ਼ਨ ਦੇ ਹੋਰ ਨੁਮਾਇੰਦੇ, ਐਲ.ਡੀ.ਐਮ., ਕੌਆਪਰੇਟਿਵ ਬੈਂਕ ਦਾ ਡੀ.ਸੀ.ਓ. ਅਤੇ ਹੋਰ ਬੈਂਕਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਡੀ.ਸੀ. ਨੇ ਔਰਤਾਂ ਵੱਲੋਂ ਖ਼ੂਨਦਾਨ ਕਰਨ ਦੀ ਕੀਤੀ ਸ਼ਲਾਘਾ

## ਰੈਵਨਿਊ ਪਟਵਾਰ ਤੇ ਕਾਨੂੰਨਗੋ ਯੂਨੀਅਨ ਵੱਲੋਂ ਰੈਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਡੀ.ਸੀ. ਦਫਤਰ 'ਚ ਖ਼ੂਨਦਾਨ ਕੈਂਪ



**ਪਟਿਆਲਾ, 2 ਦਸੰਬਰ**
**ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ' ਦ ਰੈਵਿਨਯੂ ਪਟਵਾਰ ਯੂਨੀਅਨ ਜ਼ਿਲ੍ਹਾ ਪਟਿਆਲਾ ਵਾ ਕਾਨੂੰਗੋ ਐਸੋਸੀਏਸ਼ਨ ' ਜ਼ਿਲ੍ਹਾ ਪਟਿਆਲਾ ਅਤੇ ਰੈਡ ਕਰਾਸ ਪਟਿਆਲਾ ਦੀ ਸਹਾਇਤਾ ਨਾਲ ' ਸਰਬੱਤ ਦੇ ਭਲੇ' ਵੱਲੋਂ ਲਗਾਏ ਗਏ ਵਿਸ਼ਾਲ ਖ਼ੂਨਦਾਨ ਕੈਂਪ ਵਿੱਚ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਉਹਨਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਡਿਪਟੀ ਕਮਿਸ਼ਨਰ ਦਫਤਰ ਦੀਆਂ ਔਰਤ ਕਰਮਚਾਰੀਆਂ ਨੇ ਇਸ ਕੈਂਪ ਵਿੱਚ ਖ਼ੂਨ ਦਾਨ ਲਈ ਵੱਧ ਚੜ੍ਹ ਕੇ ਯੋਗਦਾਨ ਪਾ ਰਹੀਆਂ ਹਨ । ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅੱਗੇ ਆਉਣ ਅਤੇ ਅਜਿਹੇ ਖ਼ੂਨਦਾਨ ਕੈਂਪਾਂ ਵਿੱਚ ਭਾਗ ਲੈਣ ਤਾਂ ਜੋ ਮਨੁੱਖਤਾ ਦੇ ਭਲੇ ਲਈ ਕੀਤੇ ਖ਼ੂਨਦਾਨ ਨਾਲ ਕਿਸੇ ਦੀ ਜਾਨ ਬਚ ਸਕੇ । ਇਸ ਤੋਂ ਇਲਾਵਾ ਕਿਸੇ ਵੀ ਮੁਸ਼ਕਿਲ ਸਥਿਤੀ ਦਾ ਸਾਹਮਣਾ ਕਰਨ ਲਈ ਖ਼ੂਨ ਦਾ ਸਟਾਕ ਮੌਜੂਦ ਰਹੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖ਼ੂਨ ਦਾਨ ,ਮਹਾਂਦਾਨ ਹੈ ਅਤੇ ਕਿਸੇ ਹੋਰ ਦੀ ਜ਼ਿੰਦਗੀ ਬਚਾਉਣਾ ਮਾਨਵਤਾ ਪ੍ਰਤੀ ਇਕ ਸੇਵਾ ਹੈ ।ਉਹਨਾਂ ਦੱਸਿਆ ਕਿ ਇਕ ਸਿਹਤਮੰਦ ਵਿਅਕਤੀ 65 ਸਾਲ ਦੀ ਉਮਰ ਤੱਕ ਖ਼ੂਨਦਾਨ ਕਰ ਸਕਦਾ ਹੈ ਅਤੇ ਹਰ 3 ਮਹੀਨੇ ਬਾਅਦ ਖ਼ੂਨਦਾਨ ਕੀਤਾ ਜਾ ਸਕਦਾ ਹੈ ਅਤੇ ਇਹ ਦਾਨ ਕਈ ਬਿਮਾਰੀਆਂ ਤੋ ਬਚਾਉਂਦਾ ਹੈ।

ਕੈਂਪ ਵਿੱਚ ਖ਼ੂਨ ਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਵਿੱਚ ਰੈਡ ਕਰਾਸ ਦੇ ਸਕੱਤਰ ਡਾ: ਪ੍ਰਿਤਪਾਲ ਸਿੰਘ , ਦ ਰੈਵਿਨਯੂ ਪਟਵਾਰ ਯੂਨੀਅਨ ਜ਼ਿਲ੍ਹਾ ਪਟਿਆਲਾ ਵਾ ਕਾਨੂੰਗੋ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ, ਕਾਨੂੰਨਗੋ ਰਾਜ ਕੁਮਾਰ, ਪਟਵਾਰੀ ਰਣਬੀਰ ਸਿੰਘ, ਜਸਪ੍ਰੀਤ ਸਿੰਘ ਅਤੇ ਕਰਮਪਾਲ ਸਿੰਘ ਸ਼ਾਮਲ ਸਨ।

# ਪੰਜਾਬ ਦੀ ਭਲਾਈ ਲਈ ਨੌਜਵਾਨਾਂ ਦਾ ਅੱਗੇ ਆਉਣਾ ਜ਼ਰੂਰੀ : ਡਾ. ਮੱਟੂ



**ਪਾਤੜਾਂ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਨ੍ਹਾਂ ਚਿਰ ਪੰਜਾਬ ਦਾ ਪੜ੍ਹਿਆ ਲਿਖਿਆ ਨੌਜਵਾਨ ਵਰਗ ਅੱਗੇ ਨਹੀਂ ਆਉਂਦਾ ਉਨ੍ਹਾਂ ਚਿਰ ਪੰਜਾਬ ਦਾ ਭਲਾ ਹੋਣ ਵਾਲਾ ਨਹੀਂ ਹੈ। ਠੀਕ ਉਸੇ ਤਰ੍ਹਾਂ ਕਾਲਜਾਂ ਯੂਨੀਵਰਸਿਟੀਆਂ ਵਿੱਚ ਪੜਨ ਵਾਲੇ ਨੌਜਵਾਨ ਵਰਗ ਨੂੰ ਆਪਣੇ ਪਿੰਡ, ਸ਼ਹਿਰ,ਗਲੀ, ਮੁਹੱਲੇ, ਹਲਕੇ, ਜਿਲ੍ਹੇ ਅਤੇ ਸੂਬੇ ਦੀ ਪ੍ਰਤੀਨਿਧਤਾ ਕਰਦਿਆਂ, ਆਪਣੇ ਲੋਕਾਂ ਦੇ ਹੱਕਾਂ ਦੀ ਪੂਰਤੀ ਲਈ ਅੱਗੇ ਆਉਣਾ ਪਵੇਗਾ। ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਹਲਕਾ ਸ਼ੁਤਰਾਣਾ ਦੇ ਨੌਜਵਾਨਾਂ ਨਾਲ ਇਕ ਵਿਸ਼ੇਸ਼ ਮੀਟਿੰਗ ਕਰਦਿਆਂ ਕੀਤਾ। ਉਨਾਂ ਕਿਹਾ ਕਿ ਉੱਚ ਸਿੱਖਿਆ ਹਾਸਿਲ ਕਰਨ ਦੇ ਬਾਵਜੂਦ ਪੜੇ ਲਿਖੇ ਨੌਜਵਾਨਾ ਨੂੰ ਸਰਕਾਰਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਦਿਨ ਬ ਦਿਨ ਪੰਜਾਬ ਕਰਜ਼ੇ ਦੇ ਭਾਰ ਥੱਲੇ ਦਬਦਾ ਜਾ ਰਿਹਾ ਹੈ।

ਕਿਸਾਨ, ਮਜ਼ਦੂਰ, ਛੋਟਾ ਵਪਾਰੀ, ਕਰਮਚਾਰੀ, ਵਿਦਿਆਰਥੀ, ਬੇਰੁਜ਼ਗਾਰ ਸਰਕਾਰੀ ਜਬਰ ਦਾ ਸ਼ਿਕਾਰ ਹੋ ਰਹੇ ਹਨ। ਹਾਲਾਤ ਇਥੋਂ ਤੱਕ ਆ ਪਹੁੰਚੇ ਹਨ ਕਿ ਆਪਣੀਆਂ ਮੰਗਾਂ ਦੇ ਹੱਲ ਲਈ ਕੋਈ ਰਸਤਾ ਨਾ ਮਿਲਦਾ ਦੇਖ ਜਥੇਬੰਦੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਆਗੂਆਂ ਨੇ ਮਰਨ ਵਰਤ ਰੱਖ ਕੇ ਕੁਰਬਾਨ ਹੋਣ ਦਾ ਰਸਤਾ ਅਪਣਾ ਲਿਆ ਹੈ।

# ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

**ਸੁਨਾਮ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਸ਼ਾਹਪੁਰ ਕਲਾ ਦੇ ਵਸਨੀਕ ਸੌਣ ਖਾ ਪੁੱਤਰ ਕਪੂਰ ਖਾਂ ਨੇ ਕਰਜ਼ੇ ਦੇ ਮਾਰ ਹੇਠ ਖੁਦਕੁਸ਼ੀ ਕਰ ਲਏ ਜਾਣ ਦੀ ਦੁਖਦਾਇਕ ਖਬਰ ਮਿਲੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਲੱਖੀ ਸਰਪੰਚ,ਪੰਚਾਇਤ ਮੈਂਬਰ ਸੰਦੀਪ ਸਿੰਘ ਤੇ ਬੀਰਬਲ ਸਿੰਘ ਨੇ ਦੱਸਿਆ ਹੈ ਕਿ ਕੁਝ ਸਾਲਾਂ ਤੋਂ ਸੌਣ ਖਾਂ ਦੀ ਪਤਨੀ ਜੋ ਕੈਂਸਰ ਤੋਂ ਪੀੜ੍ਹਤ ਸੀ ਦੀ ਪਿਛਲੇ ਮਹੀਨੇ ਮੌਤ ਹੋ ਗਈ ਤੇ ਪਰਿਵਾਰ ਵਿੱਚ ਦੋ ਬੱਚੇ ਇੱਕ ਮੁੰਡਾ ਤੇ ਕੁੜੀ ਹਨ ਜਦਕਿ ਕੁੜੀ ਨਬਾਲਗ ਹੈ।

ਉਹਨਾਂ ਦੱਸਿਆ ਕਿ ਸੌਣ ਖਾ ਇੱਕ ਸਧਾਰਨ ਕਿਸਾਨ ਪਰਿ[illegible] ਨਾਲ ਸਬੰਧਤ ਹੋਣ ਕਾਰਨ ਕਰਜ਼ੇ ਕ[illegible] ਬੇਹੱਦ ਪਰੇਸ਼ਾਨ ਰਹਿਣ ਲੱਗ ਗਿਆ [illegible] ਜਿਸ ਨੇ ਫਾਹਾ ਲੈ ਕੇ ਆਪਣੀ ਜੀ[illegible] ਲੀਲ੍ਹਾ ਖਤਮ ਕਰ ਲਈ ਹੈ। [illegible] ਦੱਸਿਆ ਕਿ ਸਮੁੱਚੇ ਪਿੰਡ ਤੇ ਪੰਚਾ[illegible] ਨੇ ਸਰਕਾਰ ਤੋਂ ਪੀੜਤ ਪਰਿਵਾ[illegible] ਆਰਥਿਕ ਮੱਦਦ ਕਰਨ ਦੀ ਮੰਗ [illegible] ਹੈ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਬੀਜੀ ਕਣਕ ਦਾ ਕੀਤਾ ਜਾ ਰਿਹੈ ਸਰਵੇਖਣ

**ਪਟਿਆਲਾ, 2 ਦਸੰਬਰ**
**ਅਮਰਜੀਤ ਸਿੰਘ ਲਾਂਬਾ**
**-ਕੌਮੀ ਪੱਤ੍ਰਿਕਾ ਬਿਊਰੋ-**



ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਬੀਜੀ ਕਣਕ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਸਮੂਹ ਬਲਾਕਾਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਬਲਾਕ ਦੇ ਖੇਤੀਬਾੜੀ ਬਲਾਕ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਵਿਸਥਾਰ ਅਫ਼ਸਰ ਤੇ ਖੇਤੀਬਾੜੀ ਉਪ ਨਿਰੀਖਣ ਖੇਤਾਂ ਵਿੱਚ ਜਾ ਕੇ ਬੀਜੀ ਕਣਕ ਦਾ ਸਰਵੇਖਣ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਬਲਾਕਾਂ ਦੇ ਵੱਖ-ਵੱਖ ਪਿੰਡਾਂ ਵਿਚ ਖੇਤਾਂ ਵਿਚ ਕਣਕ ਦੀ ਫ਼ਸਲ ਉੱਪਰ ਗੁਲਾਬੀ ਸੁੰਡੀ ਦੇ ਹਮਲੇ ਦਾ ਸਰਵੇਖਣ ਕੀਤਾ ਗਿਆ।

ਡਾ. ਅਵਨਿੰਦਰ ਸਿੰਘ ਮਾਨ ਖੇਤੀਬਾੜੀ ਅਫ਼ਸਰ ਵੱਲੋਂ ਬਲਾਕ ਭੂਨਰਹੇੜੀ ਦੇ ਪਿੰਡ ਭਾਂਖਰ, ਹੁਸੈਨਪੁਰ, ਝੰਡੀ, ਅਮਾਮਨਗਰ, ਦੁਲਬਾ, ਡੰਡੋਆ, ਲਹਿਲਾ ਜੰਗੀਰ, ਭਾਨਰੀ ਅਤੇ ਸੱਸੀ ਬ੍ਰਾਹਮਣਾਂ ਦਾ ਦੌਰਾ ਕੀਤਾ ਗਿਆ ਜਿਥੇ ਗੁਲਾਬੀ ਸੁੰਡੀ ਦਾ ਹਮਲਾ ਕਣਕ ਦੇ ਫਤਿਹਗੜ੍ਹ ਛੰਨਾ ਦੇ ਕਿਸਾਨ ਬਘੇਲ ਸਿੰਘ, ਹਰਜਿੰਦਰ ਸਿੰਘ, ਕਰਨੈਲ ਸਿੰਘ ਦੇ ਖੇਤਾਂ ਵਿਚ ਵੀ ਗੁਲਾਬੀ ਸੁੰਡੀ ਦੇ ਹਮਲਾ ਦੇਖਣ ਨੂੰ ਮਿਲਿਆ। ਕਿਸਾਨਾਂ ਵੱਲੋਂ ਪੀ.ਏ.ਯੂ. ਦੀ ਸਿਫ਼ਾਰਿਸ਼ ਅਨੁਸਾਰ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ ਗਈ ਹੈ। ਬਲਾਕ ਘਨੌਰ ਦੇ ਪਿੰਡ ਅਜਰਾਵਰ ਵਿਖੇ ਦੌਰੇ ਦੌਰਾਨ ਡਾ. ਗੁਰਮੇਲ ਸਿੰਘ, ਡਾ. ਅਮਨਪ੍ਰੀਤ ਸਿੰਘ ਸੰਧੂ, ਡਾ. ਰਸ਼ਪਿੰਦਰ ਸਿੰਘ, ਡਾ. ਅਨੁਰਾਗ ਅੱਤਰੀ ਅਤੇ ਡਾ. ਜ਼ਸਨੀਨ ਕੌਰ ਖੇਤੀਬਾੜੀ ਵਿਕਾਸ ਅਫ਼ਸਰ ਵੱਲੋਂ ਮੌਕੇ ਤੇ ਕਿਸਾਨਾਂ ਨੂੰ ਲੋੜੀਂਦੀ ਸਲਾਹ ਦਿੱਤੀ ਗਈ।

ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਖੇਤਾਂ ਨੂੰ ਲੋੜੀਂਦਾ ਪਾਣੀ ਦਿਨ ਦੇ ਸਮੇਂ ਹੀ ਲਗਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਦੁਸ਼ਮਣ ਕੀਤੇ ਪੰਛੀਆਂ ਦਾ ਸ਼ਿਕਾਰ ਬਣ ਸੁੰਡੀ ਤੋਂ ਬਚਾਉਣ ਲਈ ਹਮੇਸ਼ਾ ਬੀਜ ਨੂੰ ਕੀਟਨਾਸ਼ਕ ਜਿਵੇ ਕਿ 160 ਮਿ. ਲਿ. ਕਲੋਰੋਪਾਇਫਰੀਫਾਸ ਜਾਂ 80 ਮਿ. ਲਿ. ਇਮਿਡਾਕਲੋਪਰਿਡ ਤੇ ਹੈਪਸਾਕੋਨਾਜੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕੀਤੀ ਜਾਵੇ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਫਿਪਰੋਨਿਲ ਜਾਂ ਇਕ ਲਿਟਰ ਕਲੋਰੋਪਾਇਫਰੀਫਾਸ 20 ਈ.ਸੀਂ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛਿੱਟਾ ਦਿੱਤਾ ਜਾ ਸਕਦਾ ਹੈ ਜਾਂ ਇਸ ਦੇ ਬਦਲ ਵਜੋਂ 50 ਮਿ. ਲਿ. ਪ੍ਰਤੀ ਏਕੜ ਕੋਰਾਜ਼ਿਨ 18.5 ਐਸ.ਸੀ (ਕਲੋਰਐਟਰਾਨਿਲੀਪਰੋਲ) ਨੂੰ 80-100 ਲੀਟਰ ਪਾਣੀ ਵਿੱਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਆਪਣੇ ਨਜ਼ਦੀਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਬਲਾਕ ਦਫ਼ਤਰ ਨਾਲ

# ਸਰਕਾਰ ਨੇ ਪੁਰਾਣੀ ਕਬਾੜੀ ਮਾਰਕੀਟ ਦੀ ਜਮੀਨ ਦੇ ਕਰਮਸ਼ੀਅਲ ਪਲਾਟ ਕੱਟ ਕੇ ਵੇਚੇ : ਬਿੱਟੂ

**ਪਟਿਆਲਾ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਵਿਖੇ ਸਥਿਤ ਟੋਬਾ ਬਾਬਾ ਧਿਆਨ ਸਿੰਘ ਪੁਰਾਣੀ ਕਬਾੜੀ ਮਾਰਕੀਟ ਜੋ ਕਿ ਏਸ਼ੀਆ ਦੀ ਸਭ ਤੋਂ ਵੱਡੀ ਟ੍ਰੈਕਟਰ ਮਾਰਕੀਟ ਹੈ। ਇਸ ਨੂੰ ਪੰਜਾਬ ਸਰਕਾਰ ਦੁਆਰਾ ਸ਼ਿਫਟ ਕਰ ਦਿੱਤਾ ਗਿਆ ਹੈ, ਅਤੇ ਪੁਰਾਣੇ ਨਿਵਾਸ ਦੇ ਤਹਿਤ ਲੱਖਾ ਰੁਪਏ ਗਜ ਦੀ ਜਮੀਨ, ਕੇਵਲ 1400 ਰੁਪਏ ਗਜ ਨੂੰ ਦਿੱਤੀ ਗਈ ਸੀ। ਇਸ ਦੇ ਨਾਲ ਹੀ ਸੰਜੀਵ ਸ਼ਰਮਾ (ਬਿੱਟੂ) ਜਿਲ੍ਹਾ ਪ੍ਰਧਾਨ ਬੀਜੇਪੀ ਪਟਿਆਲਾ, ਸਾਬਕਾ ਮੇਅਰ ਨੇ ਦਸਿਆ ਕਿ ਪਟਿਆਲਾ ਸ਼ਹਿਰ ਦੀ ਟਰੈਫਿਕ ਨੂੰ ਦੇਖਦੇ ਹੋਏ ਸਰਕਾਰ ਨੇ 2004 ਵਿਚ ਕਰੋੜਾਂ ਰੁਪਏ ਖ਼ਰਚ ਕੀਤੇ ਸਨ। ਪਿਛਲੇ ਸਮੇਂ ਵਿਚ ਸਰਕਾਰ ਵਲੋ ਪੁਰਾਣੀ ਕਬਾੜੀ ਮਾਰਕੀਟ ਦੀ ਜਮੀਨ ਨੂੰ ਮਲਟੀ ਸਟੋਰੀ ਦੇ ਪ੍ਰੋਜਲ ਨੂੰ ਖਤਮ ਕਰਕੇ ਕਰਮਸ਼ੀਅਲ ਪਲਾਟ ਕੱਟ ਕੇ ਪੰਜਾਬ ਹੋਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਅੱਜ ਇਸ ਜਮੀਨ ਉਤੇ ਸ਼ੋ-ਰੂਮ ਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ ਹੈ। ਪਟਿਆਲਾ ਸ਼ਹਿਰ 261 ਸਾਲ ਪੁਰਾਣਾ ਸ਼ਹਿਰ ਹੈ। ਇਸ ਵਿਚ ਕਾਰਾ, ਸਕੂਟਰ ਦੀ ਗਿਣਤੀ ਬੌਹਤ ਵੱਧ ਗਈ ਹੈ, ਅਤੇ ਪਟਿਆਲਾ ਦੀ ਟਰੈਫਿਕ ਦੀ ਸਮੱਸਿਆ ਨੂੰ ਪਟਿਆਲਾ ਦੇ ਅੰਦਰੂਨ ਸ਼ਹਿਰ ਚੁੰਝ ਰਿਹਾ ਹੈ। ਸਰਕਾਰ ਦੁਆਰਾ ਨਵੀਂ ਪਾਰਕਿੰਗ ਤਾ ਕਿ ਬਣਾਉਣੀ ਹੈ, ਇਹ ਪੁਰਾਣੀ ਪਾਰਕਿੰਗ ਨੂੰ ਵੇਚ ਕੇ ਪਟਿਆਲਾ ਦੇ ਲੋਕਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਪਹਿਲਾ ਹੀ ਪਾਰਕਿੰਗ ਦੀ ਸਮੱਸਿਆ ਦੇ ਨਾਲ ਪਟਿਆਲਾ ਸ਼ਹਿਰ ਦੇ ਬਾਜ਼ਾਰ ਗੁੜ ਮੰਡੀ, ਅਦਾਲਤ ਬਾਜ਼ਾਰ, ਸ਼ੇਰੇ ਪੰਜਾਬ ਮਾਰਕੀਟ, ਸਦਰ ਬਾਜ਼ਾਰ, ਸ਼ੇਰਾ ਵਾਲਾ

# ਜਮੀਨ ਦੀ ਰਜਿਸਟਰੀ ਕਰਵਾਉਣ ਬਦਲੇ ਮੰਗੀ 20,000 ਦੀ ਰਿਸਵਤ, ਤਹਿਸੀਲਦਾਰ ਰੰਗੇ ਹੱਥੀਂ ਕਾਬੂ

ਚੰਡੀਗੜ੍ਹ 2 ਦਸੰਬਰ। ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬੁੱਧਵਾਰ ਨੂੰ ਜਿ਼ਲ੍ਹਾ ਬਰਨਾਲਾ ਦੀ ਤਹਿਸੀਲ ਤਪਾ ਵਿਖੇ ਤਾਇਨਾਤ ਤਹਿਸੀਲਦਾਰ ਸੁਖਚਰਨ ਸਿੰਘ ਨੂੰ 20,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਅਧਿਕਾਰੀ ਨੂੰ ਅਮਰੀਕ ਸਿੰਘ ਵਾਸੀ ਪਿੰਡ ਬੀਹਲਾ, ਜਿ਼ਲ੍ਹਾ ਬਰਨਾਲਾ ਵੱਲੋਂ ਦਰਜ ਕਰਵਾਈ ਗਈ ਸਿ਼ਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ



ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਸ ਦੇ ਦੋਸਤ ਹਰਭਜਨ ਸਿੰਘ ਵਾਸੀ ਪਿੰਡ ਮੌੜ ਨਾਭਾ, ਜਿ਼ਲ੍ਹਾ ਬਰਨਾਲਾ ਨੇ ਉਕਤ ਤਹਿਸੀਲਦਾਰ ਤੋਂ 2 ਕਨਾਲ 4 ਮਰਲੇ ਵਾਹੀਯੋਗ ਜਮੀਨ ਦੀ ਰਜਿਸਟਰੀ ਕਰਵਾਉਣੀ ਸੀ ਪਰ ਇਸ ਦੇ ਬਦਲੇ ਉਹ ਸਿ਼ਕਾਇਤਕਰਤਾ ਤੋਂ 20,000 ਰੁਪਏ ਰਿਸਵਤ ਦੀ ਮੰਗ ਕਰ ਰਿਹਾ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਿ਼ਕਾਇਤ ਦੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਬਰਨਾਲਾ ਯੂਨਿਟ ਨੇ ਜਾਲ ਵਿਛਾ ਕੇ ਉਕਤ ਤਹਿਸੀਲਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸਿ਼ਕਾਇਤਕਰਤਾ ਤੋਂ 20,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਰਿਸਵਤ ਵਾਲੇ ਰੰਗੇ ਹੋਏ ਕਰੰਸੀ ਨੋਟ ਉਸ ਕੋਲੋਂ ਮੌਕੇ ਤੇ ਹੀ ਬਰਾਮਦ ਕਰ ਲਏ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਲਜਮ ਖਿ਼ਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਕਾਂਗਰਸ 'ਚ ਵਾਪਸੀ ਨੂੰ ਲੈ ਕੇ ਦਲਬੀਰ ਗੋਲਡੀ ਦਾ ਵੱਡਾ ਬਿਆਨ

ਚੰਡੀਗੜ੍ਹ 2 ਦਸੰਬਰ। ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲੇ ਦਲਬੀਰ ਗੋਲਡੀ ਦੀ ਕਾਂਗਰਸ 'ਚ ਜਲਦੀ ਹੀ ਘਰ ਵਾਪਸੀ ਹੋਵੇਗੀ। ਇਸ ਗੱਲ ਦੇ ਸੰਕੇਤ ਦਲਬੀਰ ਗੋਲਡੀ ਵਲੋਂ ਦਿੱਤੇ ਗਏ ਹਨ। ਜਾਣਕਾਰੀ ਮੁਤਾਬਕ ਧੂਰੀ ਵਿਖੇ ਦਲਬੀਰ ਗੋਲਡੀ ਨੇ ਕਾਂਗਰਸ 'ਚ ਵਾਪਸੀ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਛੱਡਣਾ ਮੇਰੀ ਪਹਿਲੀ ਅਤੇ ਆਖਰੀ ਗਲਤੀ ਹੈ। ਪ੍ਰਤਾਪ ਸਿੰਘ ਬਾਜਵਾ ਦੀ ਨਾਰਾਜਗੀ 'ਤੇ ਵੀ ਦਲਬੀਰ ਗੋਲਡੀ ਨੇ ਬਿਆਨ ਦਿੱਤਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਮੇਰੇ ਸੀਨੀਅਰ ਆਗੂ ਹਨ ਅਤੇ ਜਲਦ ਮੈਂ ਉਨ੍ਹਾਂ ਨਾਲ ਮੁਲਾਕਾਤ ਕਰਾਂਗਾ। ਦੱਸਣਯੋਗ ਹੈ ਕਿ ਦਲਬੀਰ ਗੋਲਡੀ ਪਹਿਲਾਂ ਕਾਂਗਰਸ ਪਾਰਟੀ ਦਾ ਹਿੱਸਾ ਸਨ। ਦਰਅਸਲ ਲੋਕਾਂ ਸਭਾ ਚੋਣਾਂ ਦੌਰਾਨ ਸੰਗਰੂਰ ਤੋਂ ਟਿਕਟ ਦੇ ਦਾਅਵੇਦਾਰ ਸਨ ਪਰ ਉਨ੍ਹਾਂ ਨੂੰ ਟਿਕਟ ਨਹੀਂ ਮਿਲੀ। ਇਸ ਤੋਂ ਨਾਰਾਜ ਹੋ ਕੇ ਉਨ੍ਹਾਂ ਨੇ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ ਅਤੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ। ਫਿਲਹਾਲ ਪਿਛਲੇ ਦਿਨਾਂ ਦੌਰਾਨ ਆਮ ਆਦਮੀ ਪਾਰਟੀ 'ਚ ਉਨ੍ਹਾਂ ਦੀ ਕੋਈ ਸਰਗਰਮੀ ਨਜਰ ਨਹੀਂ ਆਈ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਉਹ ਕਿਸੇ ਵੀ ਪਾਰਟੀ ਦਾ ਹਿੱਸਾ ਨਹੀਂ ਹਨ।


ਦਿ ਵਿ ਵਿ ਆ
D E R C

## ਦਿੱਲੀ ਵਿਧੁਤ ਵਿਨਿਯਾਮਕ ਆਯੋਗ

ਵਿਨਿਯਾਮਕ ਭਵਨ, ਸੀ-ਬਲੱਾਕ, ਸ਼ਿਵਾਲਿਕ, ਮਾਲਵੀਯ ਨਗਰ, ਨਵੀਂ ਦਿੱਲੀ-1100017
ਵੇਬਸਾਈਟ: www.derc.gov.in
ਟੇਲੀਫੈਕਸ: +91-11-26673608, +91-11-41080417

### ਜਨਤੱਕ ਸੂਚਨਾ

**ਦਿੱਲੀ ਦੀ ਜਨਰੇਸ਼ਨ ਕੰਪਨੀਆਂ, ਟਰਾਂਸਮਿਸ਼ਨ ਲਾਈਸੈਂਸਧਾਰੀ, ਸਟੇਟ ਲੋਡ ਡਿਸਪੈਚ ਸੈਂਟਰਾਂ ਅਤੇ ਵੇਰਵੇਲਾਈਸੈਂਸਧਾਰੀਆਂ ਦੁਆਰਾ ਵਿੱਤੀ ਸਾਲ 2022-23 ਦੇ ਵਯਯ ਦੇ ਸਤਯਾਪਨ ਅਤੇ ਵਿੱਤੀ ਸਾਲ 2024-25 ਦੇ ਕੁਲ ਰਾਜਸਵ ਲੋੜਾਂ (ਏਆਰਆਰ) ਅਤੇ ਟੈਰਿਫਾਂ ਲਈ ਦਾਇਰ ਕੀਤੀਆਂ ਪਟੀਸ਼ਨਾਂ।**

1. ਜਨਰੇਸ਼ਨ ਕੰਪਨੀਆਂ ਜਿਵੇਂ ਕਿ ਇੰਦਰਪ੍ਰਸਥ ਪਾਵਰ ਜਨਰੇਸ਼ਨ ਕਾਰਪੋਰੇਸ਼ਨ ਲਿਮਿਟੇਡ (ਆਈਪੀਜੀਸੀਐਲ) ਅਤੇ ਪ੍ਰਗਤੀ ਪਾਵਰ ਕਾਰਪੋਰੇਸ਼ਨ ਲਿਮਿਟੇਡ (ਪੀਪੀਸੀਐਲ), ਟਰਾਂਸਮਿਸ਼ਨ ਲਾਇਸੰਸਧਾਰੀ ਯਾਨੀ ਦਿੱਲੀ ਟ੍ਰਾਂਸਕੋ ਲਿਮਿਟੇਡ (ਡੀਟੀਐਲ), ਸਟੇਟ ਲੋਡ ਡਿਸਪੈਚ ਸੈਂਟਰ (ਏਸਐਲਡੀਸੀ) ਅਤੇ ਡਿਸਟਰੀਬਿਊਸ਼ਨ ਲਾਇਸੰਸਧਾਰੀ ਯਾਨੀ ਨਵੀਂ ਦਿੱਲੀ ਮਿਉਂਸਪਲ ਕੌਂਸਲ (ਏਨਡੀਏਮਸੀ), ਬੀਏਸਈਏਸ ਰਾਜਧਾਨੀ ਪਾਵਰ ਲਿਮਿਟੇਡ (ਬੀਆਰਪੀਏਲ), ਬੀਏਸਈਏਸ ਯਮੁਨਾ ਪਾਵਰ ਲਿਮਿਟੇਡ (ਬੀਵਾਈਪੀਏਲ) ਅਤੇ ਟਾਟਾ ਪਾਵਰ ਦਿੱਲੀ ਡਿਸਟਰੀਬਿਊਸ਼ਨ ਲਿਮਿਟੇਡ (ਟੀਪੀਡੀਡੀਏਲ) ਨੇ ਦਿੱਲੀ ਵੈਧੁਤ ਵਿਨਿਯਾਮਕ ਆਯੋਗ ("ਦਿ.ਵਿ.ਵਿ.ਆ." ਜਾਂ "ਆਯੋਗ") ਦੇ ਸਮਕਸ਼ ਵਿੱਤੀ ਸਾਲ 2022-23 ਲਈ ਖਰਚਿਆਂ ਦੀ ਸਤਯਾਪਨ ਅਤੇ ਵਿੱਤੀ ਸਾਲ 2024-25 ਦੇ ਕੁੱਲ ਰਾਜਸਵ ਲੋੜਾਂ ਅਤੇ ਟੈਰਿਫਾਂ ਦੀ ਪ੍ਰਵਾਨਗੀ ਲਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ।

2. ਪਟੀਸ਼ਨਕਰਤਾਵਾਂ ਨੇ ਆਪਣੀਆਂ ਸਬੰਧਤ ਪਟੀਸਨਾਂ ਬਿਜਲੀ ਐਕਟ, 2003, ਦੀ.ਵੀ.ਵੀ. ਆ. (ਵਿਸਤ੍ਰਿਤ ਕੰਮ ਸੰਚਾਲਨ) ਵਿਨਿਯਮ, 2001, ਦੀ.ਵੀ.ਵੀ. ਆ. (ਚਕ੍ਰਣ ਟੈਰਿਫ ਅਤੇ ਪ੍ਰਚੂਨ ਸਪਲਾਈ ਟੈਰਿਫ ਨਿਰਧਾਰਤ ਕਰਨ ਲਈ ਨਿਯਮ ਅਤੇ ਸਰਤਾਂ) ਵਿਨਿਯਮ, 2007, ਦੀ.ਵੀ.ਵੀ. ਆ. (ਚਕ੍ਰਣ ਟੈਰਿਫ ਅਤੇ ਪ੍ਰਚੂਨ ਸਪਲਾਈ ਟੈਰਿਫ ਨਿਰਧਾਰਤ ਕਰਨ ਲਈ ਨਿਯਮ ਅਤੇ ਸਰਤਾਂ) ਵਿਨਿਯਮ, 2011, ਦੀ.ਵੀ.ਵੀ. ਆ. (ਟੈਰਿਫ ਨਿਰਧਾਰਤ ਕਰਨ ਲਈ ਨਿਯਮ ਅਤੇ ਸਰਤਾਂ) ਵਿਨਿਯਮ, 2017, ਦੀ.ਵੀ.ਵੀ. ਆ. ਬਿਜਨਸ ਪਲਾਨ ਵਿਨਿਮਯ, 2017, 2019 ਅਤੇ 2023 ਦੇ ਉਪਬੰਧਾਂ ਅਧੀਨ ਦਾਇਰ ਕੀਤਾ ਕਿਤੀ ਗਈ ਹੈ। । ਕਮਿਸਨ ਨੇ ਮਿਤੀ 7/06/2024 ਦੇ ਆਪਣੇ ਹੁਕਮ ਰਾਹੀਂ ਉਨ੍ਹਾਂ ਪਟੀਸ਼ਨਾਂ ਨੂੰ ਸਵੀਕਾਰ ਕਰ ਲਿਆ ਹੈ ਜਿਨ੍ਹਾਂ 'ਤੇ ਸਪੱਸ਼ਟੀਕਰਨ/ਵਾਧੂ ਜਾਣਕਾਰੀ, ਜੇਕਰ ਕੋਈ ਹੋਵੇ, ਸਮੇਂ-ਸਮੇਂ 'ਤੇ ਮੰਗੀ ਜਾ ਸਕਦੀ ਹੈ।

3. ਕਮਿਸ਼ਨ ਨੇ ਇਹਨਾਂ ਪਟੀਸ਼ਨਾਂ ਦਾ ਇੱਕ ਸਿੰਗਲ ਪੰਨੇ ਦਾ ਸਨੈਪਸ਼ਾਟ, ਕਾਰਜਕਾਰੀ ਸੰਖੇਪ ਤਿਆਰ ਕੀਤਾ ਹੈ ਅਤੇ ਇਸਨੂੰ ਆਪਣੀ ਵੈੱਬਸਾਈਟ <http://derc.gov.in> 'ਤੇ ਅਪਲੋਡ ਕਰ ਦਿੱਤਾ ਗਿਆ ਹੈ।

4. ਕਮਿਸ਼ਨ ਡੀ.ਵੀ.ਵੀ.ਆ. (ਵਪਾਰ ਦਾ ਵਿਸਤ੍ਰਿਤ ਸੰਚਾਲਨ) ਵਿਨਿਯਮ, 2001 ਦੇ ਉਪਬੰਧਾਂ ਦੇ ਤਹਿਤ, ਉਪਰੋਕਤ ਪਟੀਸ਼ਨਾਂ 'ਤੇ ਖਪਤਕਾਰਾਂ ਅਤੇ ਹੋਰ ਹਿੱਸੇਦਾਰਾਂ ਤੋਂ ਟਿੱਪਣੀਆਂ/ਸੁਝਾਅ ਪ੍ਰਾਪਤ ਕਰਨਾ ਚਾਉਂਦਾ ਹੈ। **ਟਿੱਪਣੀਆਂ/ਸੁਝਾਅਵਾਂ ਨੂੰ 16/12/2024 ਤਕ ਜਾਂ ਜਨਤਕ ਸੁਣਵਾਈ ਦੀ ਮਿਤੀ ਤਕ ਜਾਂ ਇਸ ਤੋਂ ਪਹਿਲਾਂ , ਜੋ ਵੀ ਬਾਅਦ ਵਿੱਚ ਹੋਵੇ, ਉਪਰੋਕਤ ਦਫਤਰ ਦੇ ਪਤੇ 'ਤੇ ਕਮਿਸ਼ਨ ਦੇ ਸਕੱਤਰ ਨੂੰ ਭੇਜੇ ਜਾ ਸਕਦੇ ਹਨ।** ਟਿੱਪਣੀਆਂ ਵਿਅਕਤੀਗਤ ਰੂਪ ਜਾਂ ਡਾਕ ਰਾਹੀਂ ਜਾਂ ਈ-ਮੇਲ ਰਾਹੀਂ ਆਯੋਗ ਨੂੰ ਪੇਸ਼ ਕਰਵਾਈਆਂ ਜਾ ਸਕਦੀਆਂ ਹਨ। ਟਿੱਪਣੀਆਂ ਡੀ.ਵੀ.ਵੀ. ਆ. ਦੇ ਸਕੱਤਰ ਨੂੰ ਈਮੇਲ ਪਤੇ <secyderc@nic.in> 'ਤੇ ਵੀ ਈ-ਮੇਲ ਭੇਜੀ ਜਾ ਸਕਦੀ ਹੈ।

5. ਕਮਿਸ਼ਨ ਹਿੱਸੇਦਾਰਾਂ ਨਾਲ ਜਨਤਕ ਸੁਣਵਾਈ (ਅਸਿੱਧੇ/ਵਿਅਕਤੀਗਤ ਤੌਰ 'ਤੇ) ਵੀ ਆਯੋਜਿਤ ਕਰ ਸਕਦਾ ਹੈ ਅਤੇ ਸੁਣਵਾਈ ਦੀ ਮਿਤੀ ਨੂੰ ਵੱਖਰੇ ਤੌਰ 'ਤੇ ਅਧੀਸੂਚਿਤ ਕੀਤੀ ਜਾਵੇਗੀ।

6. ਕਮਿਸ਼ਨ ਪਟੀਸ਼ਨਾਂ ਦੀ ਜਾਂਚ ਕਰੇਗਾ ਅਤੇ, ਜੇ ਲੋੜ ਪਈ ਤਾਂ ਪਟੀਸ਼ਨਕਰਤਾਵਾਂ ਤੋਂ ਅੱਗੇ ਸਪੱਸ਼ਟੀਕਰਨ ਮੰਗੇਗਾ। ਇੱਕ ਆਦੇਸ਼ ਦੇ ਰੂਪ ਵਿੱਚ, ਕਮਿਸ਼ਨ, ਵਿਵੇਕਪੂਰਣ ਜਾਂਚ ਤੋਂ ਬਾਅਦ, ਵਿੱਤੀ ਸਾਲ 2022-23 ਦੇ ਖਰਚਿਆਂ ਦੀ ਪੁਸ਼ਟੀ ਕਰੇਗਾ ਅਤੇ ਵਿੱਤੀ ਸਾਲ 2024-25 ਦੇ ਏਆਰਆਰ ਅਤੇ ਟੈਰਿਫ ਨੂੰ ਮਨਜ਼ੂਰੀ ਦੇਵੇਗਾ। ਵੱਖ ਹਿੱਸੇਦਾਰਾਂ ਤੋਂ ਪ੍ਰਾਪਤ ਟਿੱਪਣੀਆਂ/ਸੁਝਾਵਾਂ 'ਤੇ ਵਿਚਾਰ ਕਰਨ ਤੋਂ ਬਾਅਦ ਹੀ ਪਟੀਸ਼ਨਾਂ 'ਤੇ ਆਦੇਸ਼ ਵੱਖ-ਜਾਰੀ ਕੀਤੇ ਜਾਣਗੇ।

7. ਹਿੱਸੇਦਾਰਾਂ ਦੀਆਂ ਬੇਨਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਕਮਿਸ਼ਨ ਖਪਤਕਾਰਾਂ ਨੂੰ ਪਟੀਸ਼ਨਾਂ ਨੂੰ ਸਮਝਣ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਇਸ ਸਬੰਧ ਵਿੱਚ ਟਿੱਪਣੀਆਂ ਦਰਜ ਕਰਨ ਵਿੱਚ ਵੀ ਉਨਾਂ ਦੀ ਸਹਾਇਤਾ ਕਰ ਸਕਦਾ ਹੈ। ਇਸ ਅਨੁਸਾਰ, ਕਮਿਸ਼ਨ ਨੇ ਅਜਿਹੇ ਸਾਰੇ ਖਪਤਕਾਰਾਂ ਨੂੰ, ਜਿਨ੍ਹਾਂ ਨੂੰ ਇਸਦੀ ਲੋੜ ਹੋ ਸਕਦੀ ਹੈ, ਜਰੂਰੀ ਸਹਾਇਤਾ ਪ੍ਰਦਾਨ ਕਰਨ ਲਈ ਹੇਠਾਂ ਦਿੱਤੇ ਅਧਿਕਾਰੀਆਂ ਨੂੰ ਨਾਮਜਦ ਕੀਤਾ ਹੈ । ਪਹਿਲਾਂ ਮੁਲਾਕਾਤ ਤੋਂ ਬਾਅਦ ਚਰਚਾ ਕੀਤੀ ਜਾ ਸਕਦੀ ਹੈ।

- ਸ੍ਰੀ ਕੰਨਨ ਚਿਨਈਆ, ਕਾਰਜਕਾਰੀ ਨਿਰਦੇਸ਼ਕ (ਟੈਰਿਫ) ਫੋਨ ਨੰ.. 011 41601675 ਐਕਸਟੈਂਸ਼ਨ : 105
- ਸ੍ਰੀ ਐਸ ਕਲਿਆਣ ਵੈਂਕਟੇਸ਼ਨ, ਸੰਯੁਕਤ ਨਿਰਦੇਸ਼ਕ (ਟੈਰਿਫ ਫਾਈਨੈਂਸ) ਫੋਨ ਨੰ.. 011 41080417 ਐਕਸਟੈਨ: 118
- ਸ੍ਰੀ ਨੀਰਜ ਸਿੰਘ ਗੌਤਮ, ਸੰਯੁਕਤ ਨਿਰਦੇਸ਼ਕ (ਇੰਜੀਨੀਅਰਿੰਗ) ਫੋਨ ਨੰ.. 011 41080417 ਐਕਸਟੈਨ: 119
- ਸ੍ਰੀ ਕੁਸ਼ਲ ਕੁਮਾਰ ਲਕਸ਼ਮਣ ਰਾਓ ਭੋਸੀਕਰ, ਸੰਯੁਕਤ ਨਿਰਦੇਸ਼ਕ (ਪੀਏਸਏਂਡਈ) ਫੋਨ ਨੰ.. 01141080417 : 120
- ਸ੍ਰੀਮਤੀ ਸੁਮਿਤੀ ਮਹਾਜਨ, ਡਿਪਟੀ ਡਾਇਰੈਕਟਰ (ਟੀਏਏਂਡਏਫਏ) ਫੋਨ ਨੰ.. 011 41080417 ਐਕਸਟੈਂਸ਼ਨ : 126
- ਸ੍ਰੀ ਰੋਹਿਤ ਕੁਮਾਰ ਗੁਰੁਰਾਣੀ, ਡਿਪਟੀ ਡਾਇਰੈਕਟਰ (ਟੈਰਿਫ ਇਕਨੌਮਿਕਸ) ਫੋਨ ਨੰ. 011 41080417 ਐਕਸਟੈਂਸ਼ਨ : 129
- ਸ੍ਰੀ ਹਿਮਾਂਸ਼ੂ ਭਾਰਦਵਾਜ, ਡਿਪਟੀ ਡਾਇਰੈਕਟਰ (ਟੈਰਿਫ-ਇੰਜੀਨੀਅਰਿੰਗ) ਫੋਨ ਨੰ.. 011-41080417, ਐਕਸਟੈਨ: 127
- ਸ੍ਰੀ ਮ੍ਰਿਣਾਲ ਆਨੰਦ ਅਗਰਵਾਲ, ਡਿਪਟੀ ਡਾਇਰੈਕਟਰ (ਟੈਰਿਫ-ਇੰਜੀਨੀਅਰਿੰਗ) ਫੋਨ ਨੰਬਰ 011-41080417, ਐਕਸਟੈਨ: 115

8. ਪਟੀਸ਼ਨਰਾਂ ਦੁਆਰਾ ਦਾਇਰ ਪੂਰੀਆਂ ਪਟੀਸਨਾਂ ਨੂੰ ਕਮਿਸ਼ਨ ਦੀ ਵੈੱਬਸਾਈਟ <://../> ਅਤੇ ਪਟੀਸਨਰਾਂ ਦੀ ਵੈੱਬਸਾਈਟ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਪਟੀਸ਼ਨ ਦੀ ਸਾਫਟ ਕਾਪੀ 25 ਰੁਪਏ ਪ੍ਰਤੀ ਸੀਡੀ ਦੇ ਭੁਗਤਾਨ 'ਤੇ ਜਾਂ 16/12/2024 ਤੱਕ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 11:00 ਵਜੇ ਅਤੇ ਸ਼ਾਮ 4:00 ਵਜੇ ਦੇ ਵਿਚ ਯਾ ਤਾਂ 100/- ਰੁਪਏ ਨਕਦ ਧਨਰਾਸ਼ੀ ਦੇਕੇ ਅਤੇ ਨਵੀਂ ਦਿੱਲੀ ਵਿਖੇ ਭੁਗਤਾਨ ਯੋਗ ਡਿਮਾਂਡ ਡਰਾਫਟ/ਪੇਅ ਆਰਡਰ ਦੇ ਭੁਗਤਾਨ ਤੇ ਯਾਚਿਕਾ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ:

| | |
|---|---|
| **ਇੰਦਰਪ੍ਰਸਥ ਪਾਵਰ ਜਨਰੇਸ਼ਨ ਕਾਰਪੋਰੇਸ਼ਨ ਲਿਮਿਟੇਡ**<br>ਹਿਮਾਦਰੀ ਰਾਜਘਾਟ ਪਾਵਰ ਹਾਊਸ ਪਰੀਸਰ<br>ਨਵੀਂ ਦਿੱਲੀ 110 002<br>ਵੈੱਬਸਾਈਟ: www.ipgcl-ppcl.gov.in<br>ਫੋਨ : 011-23273542/44 | **ਪ੍ਰਗਤੀ ਪਾਵਰ ਕਾਰਪੋਰੇਸ਼ਨ ਲਿਮਿਟੇਡ**<br>ਹਿਮਾਦਰੀ ਰਾਜਘਾਟ ਪਾਵਰ ਹਾਊਸ ਪਰਿਸਰ<br>ਨਵੀਂ ਦਿੱਲੀ 110 002<br>ਵੈੱਬਸਾਈਟ: www.ipgcl-ppcl.gov.in<br>ਫੋਨ: 011-23273542/44 |
| **ਦਿੱਲੀ ਟ੍ਰਾਂਸਕੋ ਲਿਮਿਟੇਡ**<br>ਸ਼ਕਤੀ ਸਦਨ ਕੋਟਲਾ ਮਾਰਗ<br>ਨਵੀਂ ਦਿੱਲੀ - 110 002<br>ਵੈੱਬਸਾਈਟ: www.dlt.gov.in<br>ਫੋਨ: 011-23370409 | **ਨਵੀਂ ਦਿੱਲੀ ਨਗਰਪਾਲਿਕਾ ਪਰਿਸ਼ਦ**<br>ਪਾਲਿਕਾ ਕੇਂਦਰ ਸੰਸਦ ਮਾਰਗ<br>ਨਵੀਂ ਦਿੱਲੀ -110 001<br>ਵੈੱਬਸਾਈਟ: www.ndmc.gov.in<br>ਫੋਨ: 011-23341605 |
| **ਬੀਏਸਈਏਸ ਰਾਜਧਾਨੀ ਪੱਾਵਰ ਲਿਮਿਟੇਡ**<br>ਬੀਏਸਈਏਸ ਭਵਨ, ਨਹਿਰੂ ਪਲੇਸ<br>ਨਵੀਂ ਦਿੱਲੀ - 110 019<br>ਵੈੱਬਸਾਈਟ: www.bsesdelhi.com<br>ਫੋਨ: 19123 | **ਬੀਏਸਈਏਸ ਯਮੁਨਾ ਪੱਾਵਰ ਲਿਮਿਟੇਡ**<br>ਸ਼ਕਤੀ ਕਿਰਨ ਬਿਲਡਿੰਗ, ਕੜਕੜਡੂਮਾ,<br>ਨਵੀਂ ਦਿੱਲੀ - 110 092<br>ਵੈੱਬਸਾਈਟ: www.bsesdelhi.com<br>ਫੋਨ: 19122 |
| **ਟਾਟਾ ਪੱਾਵਰ ਦਿੱਲੀ ਡਿਸਟਰੀਬਿਊਸਨ ਲਿਮਿਟੇਡ**<br>ਸਬਸਟੇਸ਼ਨ ਭਵਨ, ਹਡਸਨ ਲਾਈਨਜ,<br>ਕਿੰਗਸਵੇ ਕੈਂਪ, ਨਵੀਂ ਦਿੱਲੀ -110 009<br>ਵੈੱਬਸਾਈਟ: www.tatapower-ddl.com<br>ਫੋਨ: 19124 | **ਸਟੇਟ ਲੋਡ ਡਿਸਪੈਚ ਸੈਂਟਰ**<br>33 ਕੇਵਾਏਸ /ਏਸ, ਮਿੰਟੋ ਰੋਡ - ਟੈਗੋਰ ਰੋਡ<br>ਨਵੀਂ ਦਿੱਲੀ 110 002<br>ਵੈੱਬਸਾਈਟ: www.delhisldc.org<br>ਫੋਨ: 011-23221091 |

**DIP/Shabdarth/Classified/0293/24-25**

**ਦਸਤਖਤ**
**ਰਾਜੇਸ਼ ਦਾਂਗੀ, ਸਕੱਤਰ**

## ਸੰਪਾਦਕੀ

# ਭਾਰਤ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨ ਦੀ ਪ੍ਰੌੜ੍ਹਤਾ

ਭਾਰਤ ਵਿੱਚ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈਵੀਐੱਮਜ਼) ਦੀ ਭਰੋਸੇਯੋਗਤਾ ਅਤੇ ਪ੍ਰਮਾਣਿਕਤਾ ਨੂੰ ਲੈ ਕੇ ਕਈ ਸਾਲਾਂ ਤੋਂ ਸਵਾਲ ਉੱਠ ਰਹੇ ਹਨ ਪਰ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਇੱਕ ਪਟੀਸ਼ਨ ਦਾ ਨਿਬੇੜਾ ਕਰਦਿਆਂ ਸਾਫ਼ ਤੌਰ ’ਤੇ ਆਖਿਆ ਹੈ ਕਿ ਹੁਣ ਬੈਲੇਟ ਪੇਪਰ ਵਾਲੇ ਮਤਦਾਨ ਵੱਲ ਪਰਤਿਆ ਨਹੀਂ ਜਾ ਸਕਦਾ ਅਤੇ ਈਵੀਐੱਮਜ਼ ਉੱਪਰ ਸਵਾਲਾਂ ਦਾ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ। ਇਹ ਗੱਲ ਠੀਕ ਹੈ ਕਿ ਅਦਾਲਤ ਨੇ ਦੇਸ਼ ਭਰ ਵਿੱਚ ਈਵੀਐੱਮਜ਼ ਦੀ ਥਾਂ ਬੈਲੇਟ ਪੇਪਰ ਰਾਹੀਂ ਮਤਦਾਨ ਦੀ ਪ੍ਰਣਾਲੀ ਮੁੜ ਅਪਣਾਉਣ ਦੀ ਮੰਗ ਕਰਾਉਣ ਲਈ ਇਸਾਈ ਮਿਸ਼ਨਰੀ ਕੇਏ ਪੱਾਲ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ ਅਤੇ ਨਾਲ ਹੀ ਆਖਿਆ ਹੈ ਕਿ ਈਵੀਐੱਮਜ਼ ਨਾਲ ਛੇੜਛਾੜ ਹੋਣ ਦਾ ਦੋਸ਼ ਉਦੋਂ ਹੀ ਲਾਇਆ ਜਾਂਦਾ ਹੈ ਜਦੋਂ ਲੋਕ ਚੋਣ ਹਾਰ ਜਾਂਦੇ ਹਨ। ਇਸ ਪਟੀਸ਼ਨ ’ਤੇ ਸੁਣਵਾਈ ਕਰਨ ਵਾਲੇ ਦੋ ਜੱਜਾਂ ਦੇ ਬੈਂਚ ਦੀ ਸਦਾਰਤ ਕਰਦਿਆਂ ਜਸਟਿਸ ਵਿਕਰਮ ਨਾਥ ਨੇ ਆਖਿਆ, ਕੀ ਹੁੰਦਾ ਜੇ ਤੁਸੀਂ ਚੋਣਾਂ ਜਿੱਤ ਜਾਂਦੇ। ਜਦੋਂ ਤੁਸੀਂ ਚੋਣਾਂ ਹਾਰ ਜਾਂਦੇ ਹੋ ਤਾਂ ਈਵੀਐੱਮਜ਼ ਨਾਲ ਛੇੜਛਾੜ ਹੋ ਜਾਂਦੀ ਹੈ। ਕੱਲ੍ਹ ਹੀ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਲਾਨ ਕੀਤਾ ਹੈ ਕਿ ਈਵੀਐੱਮ ਦੀ ਵਰਤੋਂ ਬੰਦ ਹੋਣੀ ਚਾਹੀਦੀ ਹੈ ਅਤੇ ਸਮੁੱਚੇ ਦੇਸ਼ ਵਿੱਚ ਬੈਲੇਟ ਪੇਪਰ ’ਤੇ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਈਵੀਐੱਮਜ਼ ਦੀ ਵਰਤੋਂ ਬੰਦ ਕਰਨ ਅਤੇ ਬੈਲੇਟ ਪੇਪਰ ਮਤਦਾਨ ਪ੍ਰਣਾਲੀ ਬਹਾਲ ਕਰਵਾਉਣ ਲਈ ਉਸੇ ਤਰਜ਼ ਦੀ ਕੌਮੀ ਲਹਿਰ ਸ਼ੁਰੂ ਕੀਤੀ ਜਾਵੇ ਜਿਵੇਂ ਰਾਹੁਲ ਗਾਂਧੀ ਨੇ ‘ਭਾਰਤ ਜੋੜੋ ਯਾਤਰਾ’ ਕੀਤੀ ਸੀ।

ਬਿਨਾਂ ਸ਼ੱਕ ਚੁਣਾਵੀ ਅਤੇ ਜਮਹੂਰੀ ਪ੍ਰਕਿਰਿਆ ਵਿੱਚ ਸਿਆਸੀ ਪਾਰਟੀਆਂ ਦੀ ਮੁੱਖ ਭੂਮਿਕਾ ਹੁੰਦੀ ਹੈ ਪਰ ਇਨ੍ਹਾਂ ਤੋਂ ਇਲਾਵਾ ਨਾਗਰਿਕ ਸਮਾਜ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਵੀ ਈਵੀਐੱਮਜ਼ ਦੀ ਭਰੋਸੇਯੋਗਤਾ ਉੱਪਰ ਸਵਾਲ ਉਠਾਏ ਜਾਂਦੇ ਰਹੇ ਹਨ। ਸਭ ਤੋਂ ਵਧ ਕੇ ਵੋਟਰਾਂ ਦੇ ਮਨਾਂ ਵਿੱਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਉਸ ਦੀ ਵੋਟ ਉਸੇ ਪਾਰਟੀ ਜਾਂ ਉਮੀਦਵਾਰ ਨੂੰ ਪਈ ਹੈ ਜਿਸ ਨੂੰ ਉਸ ਨੂੰ ਪਾਈ ਸੀ ਜਾਂ ਇਸ ਦਾ ਭੁਗਤਾਨ ਕਿਤੇ ਹੋਰ ਹੋ ਰਿਹਾ ਹੈ।

ਸਾਡੇ ਲੋਕਤੰਤਰ ਦੀ ਸਿਹਤਯਾਬੀ ਲਈ ਅਜਿਹੇ ਸਵਾਲਾਂ ਦਾ ਨਿਬੇੜਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦਾ ਤਾਅਲੁਕ ਸਿੱਧੇ ਤੌਰ ’ਤੇ ਜਮਹੂਰੀ ਫ਼ਤਵੇ ਦੀ ਵਾਜਬੀਅਤ ਨਾਲ ਜੁੜਿ ?ਆ ਹੋਇਆ ਹੈ। ਇਸ ਦੀ ਪਹਿਲ ਚੋਣ ਕਮਿਸ਼ਨ ਵੱਲੋਂ ਹੋਣੀ ਚਾਹੀਦੀ ਹੈ। ਇਸ ਸਬੰਧ ਵਿੱਚ ਕੁਝ ਸਾਬਕਾ ਚੋਣ ਕਮਿਸ਼ਨਰਾਂ ਨੇ ਵੀ ਵਾਜਿਬ ਸੁਝਾਅ ਦਿੱਤੇ ਹਨ ਜਿਨ੍ਹਾਂ ਨਾਲ ਚੰਗੀ ਸ਼ੁਰੂਆਤ ਹੋ ਸਕਦੀ ਹੈ। ਮਿਸਾਲ ਦੇ ਤੌਰ ’ਤੇ ਈਵੀਐੱਮਜ਼ ਦੇ ਪੇਪਰ ਟ੍ਰੇਲ ਦੀ ਗਿਣਤੀ। 2019 ਦੀਆਂ ਲੋਕ ਸਭਾ ਚੋਣਾਂ ਵੇਲੇ ਇਸ ਦੀ ਸ਼ੁਰੂਆਤ ਵੀ ਸੁਪਰੀਮ ਕੋਰਟ ਦੇ ਨਿਰਦੇਸ਼ਾਂ ’ਤੇ ਹੀ ਕੀਤੀ ਗਈ ਸੀ। ਮੌਜੂਦਾ ਸਮੇਂ ਵੀਵੀਪੈਟ ਪਰਚੀਆਂ ਦੀ ਗਿਣਤੀ ਕਿਸੇ ਹਲਕੇ ਦੇ ਉੱਘੜ ਦੁਘੜ ਢੰਗ ਨਾਲ ਚੁਣੇ ਗਏ ਮਹਿਜ਼ ਪੰਜ ਬੂਥਾਂ ’ਤੇ ਹੀ ਕੀਤੀ ਜਾਂਦੀ ਹੈ ਜਦਕਿ ਬਹੁਤ ਸਾਰੇ ਲੋਕਾਂ ਦੀ ਮੰਗ ਹੈ ਕਿ ਸਮੁੱਚੇ ਹਲਕਿਆਂ ਵਿਚ ਸੌ ਫ਼ੀਸਦੀ ਵੀਵੀਪੈਟ ਪਰਚੀਆਂ ਦੀ ਗਿਣਤੀ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਵੋਟਰਾਂ ਦੇ ਮਨਾਂ ਵਿੱਚ ਚੋਣਾਂ ਬਾਰੇ ਉੱਠ ਰਹੇ ਸ਼ੱਕ ਸ਼ੁਬਹਿਆਂ ਦਾ ਅੰਤ ਕੀਤਾ ਜਾ ਸਕੇ। ਇਸ ਬਾਰੇ ਭਲਾ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ।

## ਨਸ਼ਾ-ਮੁਕਤ ਪੰਜਾਬ ਸਾਈਕਲ ਯਾਤਰਾ ’ਚ ਪਟਿਆਲਾ, ਸੰਗਰੂਰ ਅਤੇ ਲੁਧਿਆਣਾ ਤੋਂ ਹੁੰਦੀ ਹੋਈ ਜਲੰਧਰ ਪਹੁੰਚੇ ਐਨਸੀਸੀ ਕੈਡਿਟ



**ਲੁਧਿਆਣਾ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਨਲ ਟੀ.ਵਾਈ.ਐਸ.ਬੇਦੀ, ਕਮਾਂਡਿੰਗ ਅਫਸਰ, ਨੈਸ਼ਨਲ ਕੈਡਿਟਸ ਕੋਰ, ਰੋਪੜ ਦੀਆਂ ਹਦਾਇਤਾਂ ਅਨੁਸਾਰ ਨਸ਼ਾਮੁਕਤ ਪੰਜਾਬ ਸਾਈਕਲ ਰੈਲੀ ਕੱਢੀ ਜਾ ਰਹੀ ਹੈ।

ਪੰਜਾਬ ਯਾਤਰਾ ਦੀ ਇਸ ਲੜੀ ਵਿੱਚ ਅੱਜ ਮੁੱਖ ਅਫਸਰ ਰਣਜੀਤ ਸਿੰਘ ਅਤੇ ਗਰਲਜ਼ ਕੈਡੇਟ ਇੰਸਟ੍ਰਕਟਰ ਮੁਸਕਾਨ 15 ਕੈਡਿਟਾਂ ਦੇ ਨਾਲ 2 ਪੰਜਾਬ ਐਨਸੀਸੀ ਬਟਾਲੀਅਨ ਹੈੱਡਕੁਆਰਟਰ ਵਿੱਚ ਪਹੁੰਚੇ। ਕਮਾਂਡਿੰਗ ਅਫਸਰ ਕਰਨਲ ਵਿਨੋਦ ਜੋਸ਼ੀ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਕੈਡਿਟਾਂ ਨੂੰ ਬਾਕੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਦੱਸਦਿਆਂ ਕਰਨਲ ਜੋਸ਼ੀ ਨੇ ਉਨ੍ਹਾਂ ਦੀ ਪੰਜਾਬ ਫੇਰੀ ਦੇ ਤਜ਼ਰਬਿਆਂ ਬਾਰੇ ਪੁੱਛਿਆ। ਉਨ੍ਹਾਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਐਨ.ਸੀ.ਸੀ ਕੈਡਿਟ ਵੀ ਪੰਜਾਬ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ ਦਾ ਹਿੱਸਾ ਬਣੇ ਹਨ। ਉਨ੍ਹਾਂ ਵੱਲੋਂ ਦਿੱਤਾ ਸੰਦੇਸ਼ ਪੰਜਾਬ ਭਰ ਵਿੱਚ ਜਾਵੇਗਾ ਅਤੇ ਇਤਿਹਾਸ ਦਾ ਹਿੱਸਾ ਬਣੇਗਾ। ਇਸ ਨਸ਼ਾ ਮੁਕਤ ਪੰਜਾਬ ਸਾਈਕਲ ਰੈਲੀ ਬਾਰੇ ਦੱਸਦਿਆਂ ਮੁੱਖ ਅਫਸਰ ਰਣਜੀਤ ਸਿੰਘ ਨੇ ਦੱਸਿਆ ਕਿ ਕੈਡਿਟਾਂ ਨੂੰ 25 ਨਵੰਬਰ ਨੂੰ ਐਨ.ਸੀ.ਸੀ ਅਕੈਡਮੀ ਰੋਪੜ ਤੋਂ ਗਰੁੱਪ ਕਮਾਂਡਰ ਬ੍ਰਿਗੇਡੀਅਰ ਰਾਹੁਲ ਕੁਮਾਰ ਗੁਪਤਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਰੈਲੀ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਵਾਤਾਵਰਨ ਨੂੰ ਸ਼ੁੱਧ ਰੱਖਣ ਅਤੇ ਸਾਹਸੀ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ ਹੈ। ਗਰਲਜ਼ ਕੈਡੇਟ ਇੰਸਟ੍ਰਕਟਰ ਮੁਸਕਾਨ ਨੇ ਦੱਸਿਆ ਕਿ 7 ਲੜਕੀਆਂ ਵੀ ਰੈਲੀ ਦਾ ਹਿੱਸਾ ਹਨ। ਰੋਪੜ ਤੋਂ ਸ਼ੁਰੂ ਹੋਈ ਇਹ ਸਾਈਕਲ ਰੈਲੀ ਪਟਿਆਲਾ, ਸੰਗਰੂਰ ਅਤੇ ਲੁਧਿਆਣਾ ਤੋਂ ਹੁੰਦੀ ਹੋਈ ਜਲੰਧਰ ਪਹੁੰਚੀ। ਇੱਥੇ ਦੋ ਦਿਨ ਰੁਕਣ ਤੋਂ ਬਾਅਦ ਇਹ ਸ਼ਹੀਦ ਭਗਤ ਸਿੰਘ ਨਗਰ ਜਾਵੇਗੀ। ਇਸ ਰੈਲੀ ਵਿੱਚ ਭਾਰਤੀ ਫੌਜ ਦੇ 5 ਜਵਾਨ ਵੀ ਉਨ੍ਹਾਂ ਦੇ ਨਾਲ ਹਨ।

ਜਾਣਕਾਰੀ ਦਿੰਦੇ ਹੋਏ ਸੂਬੇਦਾਰ ਆਰ.ਡੀ.ਸਿੰਘ ਅਤੇ ਹੌਲਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਫੌਜ ਵੱਲੋਂ ਕੈਡਿਟਾਂ ਦੀ ਸੁਰੱਖਿਆ, ਠਹਿਰਣ ਅਤੇ ਖਾਣ-ਪੀਣ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਇਸ ਉਪਰੰਤ ਸਮੂਹ ਕੈਡਿਟਸ ਅਤੇ ਸਹਾਇਕ ਸਟਾਫ਼ ਲਾਇਲਪੁਰ ਖ਼ਾਲਸਾ ਕਾਲਜ ਵਿਖੇ ਪੁੱਜਿਆ, ਜਿੱਥੇ ਪਿ ?ੰਸੀਪਲ ਡਾ: ਜਸਪਾਲ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ। ਕਾਲਜ ਵਿੱਚ ਕੈਡਿਟਾਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ।

# ਮਾਮਲਾ ਫਿਰੋਜ਼ਪੁਰ ਵਿੱਚ ਵਧੇ ਨਸ਼ਿਆਂ ਤੇ ਲੁੱਟਾਂ ਖੋਹਾਂ ਦਾ ਮੈਂ ਸੱਚ ਬੋਲਿਆ ਤੇ ਬੋਲਦਾ ਰਹਾਂਗਾ : ਗੁਰਨਾਮ ਸਿੱਧੂ

**ਫਿਰੋਜ਼ਪੁਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ ਵਿੱਚ ਆਪਣੀ ਚਰਮ ਸੀਮਾ ਤੱਕ ਪਹੁੰਚ ਚੁੱਕੇ ਨਸ਼ਿਆਂ ਦੇ ਧੰਦੇ, ਨਸ਼ਿਆਂ ਕਾਰਨ ਅਣਿਆਈ ਮੌਤੇ ਮਰ ਰਹੀ ਨੌਜਵਾਨ ਪੀੜ੍ਹੀ ਅਤੇ ਨਿੱਤ ਦਿਹਾੜੇ ਵਾਪਰ ਰਹੀਆਂ ਲੁੱਟਾਂ ਖੋਹਾਂ ਤੇ ਝਪਟਮਾਰੀ ਦੀਆਂ ਵਾਰਦਾਤਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਤੋਂ ਅਸਮਰਥ ਜਾਪ ਰਹੀ ਪੰਜਾਬ ਪੁਲਿਸ ਨੂੰ ਜਾਗਰੂਕ ਕਰਨ ਲਈ ਆਵਾਜ਼ ਉੱਠਾ ਰਹੇ ਸਮਾਜ ਸੁਧਾਰਕਾਂ ਨੂੰ ਪੁਲਿਸ ਦੇ ਖੁਫ਼ੀਆ ਤੰਤਰ ਵੱਲੋਂ ਟਾਰਗੇਟ ਕੀਤੇ ਜਾਣ ਦੀ ਪੱਤਰਕਾਰ ਭਾਈਚਾਰੇ, ਕਿਸਾਨ, ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਹੱਕ ਸੱਚ ਲਈ ਲੜਨ ਅਤੇ ਸਮਾਜ ਸੇਵੀਆਂ ਦੇ ਨਾਲ ਖੜ੍ਹਨ ਦਾ ਐਲਾਨ ਕੀਤਾ ਹੈ। ਉੱਧਰ ਪੱਤਰਾਕਾਰਾਂ ਨਾਲ ਗੱਲਬਾਤ ਕਰਦਿਆਂ ਸਤਲੁਜ ਪ੍ਰੈਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਅਤੇ ਨੈਸ਼ਨਲ ਯੂਥ ਅਵਾਰਡੀ ਗੁਰਨਾਮ ਸਿੰਘ ਸਿੱਧੂ ਨੇ ਕਿਹਾ ਕਿ ਫਿਰੋਜ਼ਪੁਰ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਸਰਹੱਦ ਪਾਰ ਤੋਂ ਪੰਜਾਬ ਤੇ ਬਾਹਰੀ ਸੂਬਿਆਂ ਵਿੱਚ ਨਸ਼ੇ ਤੇ ਹਥਿਆਰ ਇਸੇ ਰਸਤੇ ਸਪਲਾਈ ਹੋ ਰਹੇ ਹਨ ਅਤੇ ਸਰਹੱਦ ਨਾਲ ਲੱਗਦੇ ਪਿੰਡਾਂ ਦੇ ਬਹੁਤਾਤ ਨੌਜਵਾਨ ਇਥੋਂ ਤੱਕ ਕਿ ਮਹਿਲਾਵਾਂ ਵੀ ਨਸ਼ਿਆਂ ਦੀ ਸਪਲਾਈ ਕਰਨ ਦੇ ਧੰਦੇ ਵਿੱਚ ਲੱਗੇ ਹੋਏ ਹਨ। ਇੱਥੇ ਹੀ ਬੱਸ ਫਿਰੋਜ਼ਪੁਰ ਸ਼ਹਿਰੀ ਖੇਤਰ ਵਿੱਚ ਵੀ ਅਨੇਕਾਂ ਅਜਿਹੀਆਂ ਬਸਤੀਆਂ ਹਨ, ਜਿਥੇ ਹਰ ਘਰ ਵਿੱਚ ਨਸ਼ੇ ਵਿਕ ਤੇ ਸਪਲਾਈ ਹੋ ਰਹੇ ਹਨ ਪਰ ਫਿਰੋਜ਼ਪੁਰ ਪੁਲਿਸ ਨਿੱਕੀਆਂ ਨਿੱਕੀਆਂ ਕਾਰਵਾਈ ਕਰ ਆਪਣਾ ਦਾਮਨ ਸਾਫ਼ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਰਹਿੰਦੀ ਹੈ ਜਦੋਂ ਕਿ ਨਸ਼ਿਆਂ ਦੇ ਵੱਡੇ ਸੁਦਾਗਰ ਪੁਲਿਸ ਦੀ ਫਰਾਖਦਿਲੀ ਨਾਲ ਸ਼ਰੇਆਮ ਆਪਣੇ ਧੰਦੇ ਨੂੰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਡੀਜੀਪੀ ਪੰਜਾਬ ਦੀਆਂ ਹਦਾਇਤਾਂ ’ਤੇ ਫਿਰੋਜ਼ਪੁਰ ਪੁਲਿਸ ਨਸ਼ਿਆਂ ਦੇ ਗੜ੍ਹ ਬਣ ਚੁੱਕੀਆਂ ਬਸਤੀਆਂ ਵਿੱਚ ਵਾਰ ਵਾਰ ਸਰਚ ਅਪ੍ਰੇਸ਼ਨ ਚਲਾਉਂਦੀ ਹੈ ਪਰ ਛਿੱਟ ਪੁੱਟ ਰਿਕਵਰੀ ਤੋਂ ਇਲਾਵਾ ਕਦੇ ਪੁਲਿਸ ਦੇ ਹੱਥ ਕੁੱਝ ਖਾਸ ਨਹੀਂ ਲੱਗਿਆ। ਤਕੜੇ ਲਾਮ ਲਸ਼ਕਰ ਨਾਲ ਚਲਾਏ ਜਾਂਦੇ ਇਹਨਾਂ ਅਪ੍ਰੇਸ਼ਨਾਂ ਦੌਰਾਨ ਪੁਲਿਸ ਦੇ ਹੱਥ ਖਾਲੀ ਰਹਿਣ ਦੇ ਕਾਰਨ ਕਿਸੇ ਨੂੰ ਦੱਸਣ ਦੀ ਲੋੜ ਨਹੀਂ, ਪੁਲਿਸ ਅਧਿਕਾਰੀ ਭਲੀ ਭਾਂਤ ਜਾਣਦੇ ਹਨ। ਫਿਰੋਜ਼ਪੁਰ ਵਿੱਚ ਵਾਪਰਦੀਆਂ ਲੁੱਟਾਂ ਖੋਹਾਂ ਤੇ ਝਪਟਮਾਰੀ ਦੀਆਂ ਹਜ਼ਾਰਾਂ ਦਰਖਾਸਤਾਂ ਨਿਆਂ ਦੀ ਉਡੀਕ ਵਿੱਚ ਪੁਲਿਸ ਥਾਣਿਆਂ ਤੇ ਉੱਚ ਅਧਿਕਾਰੀਆਂ ਦੀਆਂ ਮੇਜ਼ਾਂ ’ਤੇ ਧੂੜ ਚੱਟ ਰਹੀਆਂ ਹਨ ਅਤੇ ਪੀੜਤ ਵਿਚਾਰੇ ਥਾਣਿਆਂ, ਪੁਲਿਸ ਅਧਿਕਾਰੀਆਂ ਦੇ ਦਫ਼ਤਰਾਂ ਦੇ ਚੱਕਰ ਕੱਟ ਕੱਟ ਬੇਵੱਸ ਹੋਏ ਥੱਕ ਹਾਰ ਕੇ ਘਰ ਬੈਠਣ ਲਈ ਮਜਬੂਰ ਹੋ ਜਾਂਦੇ ਹਨ।

ਸਤਲੁਜ ਪ੍ਰੈਸ ਕਲੱਬ ਪ੍ਰਧਾਨ ਗੁਰਨਾਮ ਸਿੱਧੂ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੋਸ਼ਲ ਮੀਡੀਆ ’ਤੇ ਪੁਲਿਸ ਵੱਲੋਂ ਸ਼ਰੇਆਮ ਵਿਕ ਰਹੇ ਨਸ਼ਿਆਂ ਤੇ ਲੁਟੇਰਿਆਂ ਖਿਲਾਫ ਸਖ਼ਤ ਕਾਰਵਾਈ ਕਰਨ ਲਈ ਅਪਣਾਏ ਜਾ ਰਹੇ ਗੈਰ ਜਿੰਮੇਵਾਰਾਨਾ ਵਤੀਰੇ ਖਿਲਾਫ਼ ਆਵਾਜ਼ ਉਠਾਈ ਸੀ, ਜਿਸ ਤੋਂ ਚਿੜ੍ਹੇ ਪੁਲਿਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਖੁਫ਼ੀਆ ਤੰਤਰ ਤੇ ਪੁਲਿਸ ਅਧਿਕਾਰੀਆਂ ਕੋਲੋਂ ਟਾਰਗੇਟ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਹੋ ਸਕਦਾ ਹੈ ਕਿ ਪੁਲਿਸ ਉਨ੍ਹਾਂ ਖ਼ਿਲਾਫ਼ ਝੂਠੇ ਕੇਸ ਵੀ ਦਰਜ ਕਰ ਦੇਵੇ। ਉਹਨਾਂ ਸਪਸ਼ਟ ਕੀਤਾ ਹੈ ਉਨ੍ਹਾਂ ਜੋ ਵੀ ਬੋਲਿਆ ਹੈ ਉਹ ਚਿੱਟੇ ਦਿਨ ਵਾਂਗ ਸਾਫ਼ ਹੈ ਜਦੋਂ ਕਿ ਪੁਲਿਸ ਨੂੰ ਆਪਣੇ ਅਕਸ ਨੂੰ ਸਾਫ਼ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹਨਾਂ ਸੱਚ ਬੋਲਿਆ ਹੈ ਅਤੇ ਭਵਿੱਖ ਵਿੱਚ ਵੀ ਸੱਚ ਦਾ ਹੋਕਾ ਦਿੰਦੇ ਰਹਿਣਗੇ। ਗੁਰਨਾਮ ਸਿੱਧੂ ਨੇ ਉਨ੍ਹਾਂ ਵੱਲੋਂ ਫਿਰੋਜ਼ਪੁਰ ਤੇ ਇਥੋਂ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢਣ ਅਤੇ ਲੁੱਟਾਂ ਖੋਹਾਂ ਖਿਲਾਫ ਆਵਾਜ਼ ਬੁਲੰਦ ਕਰਨ ਬਦਲੇ ਸੰਭਾਵੀ ਪੁਲਸੀਆ ਧੱਕੇਸ਼ਾਹੀ ਵਿਰੁੱਧ ਲੜਾਈ ਜਾਰੀ ਰੱਖਣ ਲਈ ਉਨ੍ਹਾਂ ਦਾ ਸਾਥ ਦੇਣ ਲਈ ਪੱਤਰਕਾਰ ਭਾਈਚਾਰੇ, ਕਿਸਾਨ, ਧਾਰਮਿਕ ਤੇ ਸਮਾਜਿਕ ਜੱਥੇਬੰਦੀਆਂ ਤੇ ਨਿਆਂ ਪਸੰਦ ਸ਼ਹਿਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਸਾਨੂੰ ਸਭ ਨੂੰ ਮਿਲ ਕੇ ਸਮਾਜ ਨੂੰ ਖੋਰਾ ਲਾ ਰਹੀਆਂ ਸਮਾਜਿਕ ਬੁਰਾਈਆਂ ਖ਼ਿਲਾਫ਼ ਇਕਜੁੱਟ ਹੋਣ ਦਾ ਤਾਂ ਹੀ ਅਸੀਂ ਸਮਾਜ ਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸੰਭਾਲ ਸਕਾਂਗੇ।

# ਪੇਟ ਦੇ ਕੀੜਿਆਂ ਦੀ ਲਾਗ ਦਾ ਬੱਚਿਆਂ ਦੀ ਸਿਹਤ ’ਤੇ ਮਾੜਾ ਅਸਰ : ਡਾ. ਆਨੰਦ ਘਈ



**ਭਰਤਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਬਚਾਓ ਲਈ ਰਾਸ਼ਟਰੀ ਮੁਕਤੀ ਦਿਵਸ ਬਲਾਕ ਭਰਤਗੜ੍ਹ ਵਿਚ ਵੱਖ ਵੱਖ ਸਕੂਲਾਂ ਵਿੱਚ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸੀਨਿਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਦੱਸਿਆ ਕਿ ਬਲਾਕ ਭਰਤਗੜ ਵਿੱਚ 1-19 ਸਾਲ ਤੱਕ ਦੇ 54 ਹਜ਼ਾਰ ਤੋਂ ਵੱਧ ਬੱਚਿਆਂ ਨੂੰ ਅਲਬੈਂਡਾਜ਼ੋਲ ਦੀ ਦਵਾਈ ਦਿੱਤੀ ਗਈ, ਜਿਸ ਦਾ ਮੁੱਖ ਮਕਸਦ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਾਉਣਾ ਹੈ। ਡਾ ਘਈ ਨੇ ਦੱਸਿਆ ਕਿ ਪੇਟ ਦੇ ਕੀੜਿਆਂ ਦੀ ਲਾਗ ਦਾ ਬੱਚਿਆਂ ਦੀ ਸਿਹਤ ’ਤੇ ਮਾੜਾ ਅਸਰ ਪੈਦਾ ਹੈ। ਉਨ੍ਹਾਂ ਦੱਸਿਆ ਕਿ ਜੋ ਬੱਚੇ ਅੱਜ ਕਿਸੇ ਕਾਰਨ ਕਰਕੇ ਐਲਬੇਂਡਾਜੋਲ ਗੋਲੀ ਖਾਣ ਤੋਂ ਵਾਂਝੇ ਰਹਿ ਗਏ, ਉਨ੍ਹਾਂ ਨੂੰ ਇਹ ਖ਼ੁਰਾਕ 5 ਦਸੰਬਰ ਨੂੰ ਮੋਪ-ਅਪ ਡੇਅ ਵਾਲੇ ਦਿਨ ਖੁਆਈ ਜਾਵੇਗੀ। ਇਸ ਖੁਰਾਕ ਨਾਲ ਬੱਚਿਆਂ ਨੂੰ ਬਿਮਾਰੀਆਂ ਦੇ ਨਾਲ ਖ਼ੂਨ ਦੀ ਕਮੀ ਤੋਂ ਵੀ ਛੁਟਕਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਸਰਕਾਰੀ ਸਕੂਲਾਂ, ਸਰਕਾਰੀ ਮਾਨਤਾ ਪ੍ਰਾਪਤ ਸਕੂਲਾਂ, ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਬੱਚਿਆਂ, ਆਂਗਣਵਾੜੀ ਸੈਂਟਰਾਂ ਵਿੱਚ ਰਜਿਸਟਰਡ ਬੱਚਿਆਂ, ਕਿਸੇ ਕਾਰਨ ਪੜ੍ਹਾਈ ਛੱਡ ਚੁੱਕੇ 1 ਤੋਂ 19 ਸਾਲ ਤੱਕ ਦੇ 100 ਫੀਸਦੀ ਬੱਚਿਆਂ ਨੂੰ ਕਵਰ ਕੀਤਾ ਜਾ ਰਿਹਾ ਹੈ।

ਇਸ ਮੌਕੇ ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ ਦੇ ਡਾ ਅਜੇ ਨੇ ਦੱਸਿਆ ਕਿ ਇਸ ਪ੍ਰੋਗਰਾਮ ਅਧੀਨ 1 ਤੋਂ 2 ਸਾਲ ਤੱਕ ਦੇ ਬੱਚਿਆਂ ਨੂੰ 5 ਐੱਮ.ਐੱਲ. ਸਿਰਪ ਅਤੇ 2 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ 1 ਗੋਲੀ (400 ਐੱਮ.ਜੀ.) ਅਲਬੈਂਡਾਜੋਲ ਦੀ ਖੁਆਈ ਜਾ ਰਹੀ ਹੈ। ਇਸ ਉਪਰਾਲੇ ਨਾਲ ਲੱਖਾਂ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਰਾਹਤ ਮਿਲੇਗੀ, ਕਿਉਂਕਿ ਜ਼ਿਆਦਾਤਰ ਬੱਚਿਆਂ ਵਿਚ ਪੇਟ ਦੇ ਕੀੜਿਆਂ ਕਾਰਨ ਰੋਜ਼ਾਨਾ ਦੀ ਖ਼ੁਰਾਕ ਦੇ ਘਟਣ ਕਾਰਨ ਸਰੀਰਕ ਕਮਜ਼ੋਰੀ, ਖ਼ੂਨ ਦੀ ਕਮੀ ਦੇ ਨਾਲ-ਨਾਲ ਬੱਚਿਆਂ ਵਿਚ ਚਿੜਚਿੜਾਪਣ ਦੇਖਣ ਵਿਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਸਰੀਰ ਵਿੱਚ ਖ਼ੂਨ ਦੀ ਕਮੀ ਨਾਲ ਬੱਚਿਆਂ ਦੇ ਸਰੀਰਿਕ ਤੇ ਮਾਨਸਿਕ ਵਾਧੇ ਵਿੱਚ ਰੁਕਾਵਟਾਂ ਪੈਦਾ ਹੁੰਦੀਆਂ ਹਨ ਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਘੱਟ ਜਾਂਦੀ ਹੈ, ਇਸ ਲਈ ਬੱਚਿਆਂ ਦੇ ਪੇਟ ਦੇ ਕੀੜਿਆਂ ਨੂੰ ਖਤਮ ਕਰਨ ਲਈ ਐਲਬੇਂਡਾਜੋਲ ਗੋਲੀਆਂ ਖੁਵਾਉਣੀਆਂ ਬਹੁਤ ਜ਼ਰੂਰੀ ਹਨ।

# ਗੁ: ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਵਿਖੇ 33ਵੇਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਹੋਈ ਆਰੰਭਤਾ



**ਲੁਧਿਆਣਾ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ 450 ਸਾਲਾ ਜੋਤੀ ਜੋਤ ਦਿਵਸ ਅਤੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਗੁਰਤਾ ਗੱਦੀ ਦਿਵਸ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਗੁਰਪੁਰਵਾਸੀ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਰੰਭੇ ਕਾਰਜਾਂ ਨੂੰ ਦ੍ਰਿੜ੍ਹਤਾ ਨਾਲ ਨਿਰੰਤਰ ਨਿਭਾਅ ਰਹੇ, ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਵਲੋਂ ਸਹਿਯੋਗੀ ਸੰਗਤਾਂ ਦੇ ਸਹਿਯੋਗ ਅਤੇ ਸ਼ਰਧਾ ਭਾਵਨਾ ਨਾਲ 33ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਾ ਰਿਹਾ ਹੈ। ਜਿਸਦੀ ਆਰੰਭਤਾ ਦੀ ਅਰਦਾਸ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਕੀਤੀ। ਗੁਰੂ ਸਾਹਿਬ ਜੀ ਦੇ ਹੁਕਮਨਾਮੇ ਉਪਰੰਤ ਗੁਰਮਤਿ ਸੰਗੀਤ ਦੇ ਪਹਿਲੇ ਕੀਰਤਨੀਏ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ 54 ਸਾਲ ਰਬਾਬ ਵਜਾਉਣ ਵਾਲੇ ਭਾਈ ਮਰਦਾਨਾ ਜੀ ਦੇ ਅਕਾਲ ਚਲਣਾ ਦਿਵਸ ਦਾ ਹਵਾਲਾ ਦਿੰਦਿਆਂ ਸਿੰਘ ਸਾਹਿਬ ਜੀ ਨੇ ਕਿਹਾ ÷ਭਾਈ ਮਰਦਾਨਾ ਜੀ÷ ਕੀਰਤਨ ਜਗਤ ਦੇ ਪ੍ਰੇਰਨਾ ਸਰੋਤ ਅਤੇ ਗੁਰਮਤਿ ਸੰਗੀਤ ਦੇ ਪਹਿਲੇ ਕੀਰਤਨੀਏ ਸਨ। ਜਵੱਦੀ ਟਕਸਾਲ ਦਾ ਹਰ ਕਾਰਜ ਵਕਤ ਅਤੇ ਭਵਿੱਖ ਦੀਆਂ ਲੋੜਾਂ ਮੁਤਾਬਕ ਹਰ ਪੱਖ ਤੋਂ ਵਿਉਤਬੰਦੀ ਨਾਲ ਕੀਤਾ ਜਾਂਦਾ ਹੈ। ਆਪਣੇ ਜੀਵਨ ਨੂੰ ਪੰਥਕ ਸੇਵਾਵਾਂ ਅਤੇ ਕੌਮੀ ਫਰਜ਼ ਨਿਭਾਉਂਦਿਆਂ ਸਫਲ ਜੀਵਨ ਯਾਤਰਾ ਕਰਕੇ ਜਾਣ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਵਕਤ ਦੀਆਂ ਮੁਸ਼ਕਲਾਂ ਅਤੇ ਭਵਿੱਖ ਦੀਆਂ ਵੰਗਾਰਾਂ/ਚਣੌਤੀਆਂ ਨੂੰ ਸਮਝਦਿਆਂ ਗੁਰੂ ਸਾਹਿਬਾਨਾਂ ਵੇਲੇ ਵਾਂਗ ਕਿਤੇ ਜਾਂਦੇ ਗੁਰਬਾਣੀ ਕੀਰਤਨ ਨੂੰ, ਪੁਰਾਤਨ ਕੀਰਤਨ ਸ਼ੈਲੀ ਨੂੰ ਮੁੜ ਸੰਗਤਾਂ ਵਿਚ ਲਾਗੂ ਕਰਵਾਉਣ ਲਈ, ÷ਗੁਰਮਤਿ ਸੰਗੀਤ÷ ਲਈ ਵੱਡੀ ਘਾਲਣਾ ਕੀਤੀ। ਉਸ ਘਾਲਣਾ ਵਿਚੋਂ ÷ਅਦੁੱਤੀ ਗੁਰਮਤਿ ਸੰਗੀਤ ਸੰਮੇਲਨ÷ ਇਕ ਅਹਿਮ ਕੌਮੀ ਕਾਰਜ ਹੈ। ਜਿਸ ਵਿਚ ਗੁਰਬਾਣੀ ਸ਼ਬਦ ਦੀ ਵਿਚਾਰ ਹੁੰਦੀ ਹੈ, ਗੁਰਬਾਣੀ ਸ਼ਬਦ ਦਾ ਕੀਰਤਨ ਹੁੰਦਾ ਹੈ। ਕਲਜੁਗ ਦੇ ਤਪਸ ਭਰੇ ਮਾਰੂ ਪ੍ਰਭਾਵਾਂ ਦੇ ਬਚਾਅ ਲਈ ਗੁਰਬਾਣੀ ਦੀ ਠੰਡਕ ਬਚਾਅ ਪੱਖ ’ਚ ਅਸਰ ਕਰਦੀ ਹੈ। ਸਿੰਘ ਸਾਹਿਬ ਨੇ ਸੰਸਾਰ ਦੇ ਹਾਲਾਤਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਜੇਕਰ ਸੰਸਾਰ ਵਿਕਾਰਾਂ ਦੀ ਭੱਠੀ ਵਾਂਗ ਬਲ ਰਿਹਾ ਹੈ, ਤਾਂ ÷ਅਦੁੱਤੀ ਗੁਰਮਤਿ ਸੰਗੀਤ ਸੰਮੇਲਨ÷ ਵਰਗੇ ਸਮਾਗਮਾਂ ਵਿਚੋਂ ਗੁਰਬਾਣੀ ਕੀਰਤਨ ਸਤਿਸੰਗ ਰੂਪੀ ਸੀਤਲ ਸੋਮੇ ਤੋਂ ਤਪਦੇ ਹਿਰਦਿਆਂ ਨੂੰ ਠਾਰ ਮਿਲਦੀ ਹੈ।

ਗੁਰਮਤਿ ਸੰਗੀਤ ਤੋਂ ਭੁੱਲੇ-ਭਟਕਿਆਂ ਨੂੰ ਸਹੀ ਰਾਹ ਵਿਖਾਈ ਦੇਣ ਲਗਦਾ ਹੈ, ਅਤੇ ਗੁਰੂ ਨਾਲ ਪਛਾਣ ਬਣਦੀ ਹੈ। ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਨੇ ਸਿੰਘ ਸਾਹਿਬ ਅਤੇ ਪੁੱਜੀਆਂ ਸੰਗਤਾਂ ਨੂੰ ਸੁਆਗਤੀ ਬੋਲਾਂ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਮੰਤਵ ਅਤੇ ਉਦੇਸ਼ ਵਿਸ਼ਿਆਂ ਤੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਜੀਵਨ ਅਤੇ ÷ਅਦੁੱਤੀ ਗੁਰਮਤਿ ਸੰਗੀਤ ਸੰਮੇਲਨ÷ ਨਾਲ ਸੰਬੰਧਿਤ ਕੁਝ ਯਾਦਾਂ ਨੂੰ ਸਾਂਝਾ ਕੀਤਾ, ਉਨ੍ਹਾ ਭਾਈ ਮਰਦਾਨਾ ਜੀ ਦੇ ਅਕਾਲ ਚਲਣਾ ਦਿਵਸ ਅਤੇ ਅੱਜ ਦੇ ਸਮਾਗਮ ਸਬੰਧੀ ਦਸਿਆ ਕਿ ਆਰੰਭਤਾ ਦੀ ਅਰਦਾਸ ਤੋਂ ਪਹਿਲਾਂ ਗਿਆਨੀ ਜਸਵਿੰਦਰ ਸਿੰਘ ਜਵੱਦੀ ਟਕਸਾਲ ਦੇ ਵਿਦਿਆਰਥੀ ਗਿਆਨੀ ਜਸਵਿੰਦਰ ਸਿੰਘ ਨੇ ਗੁਰਮਤ ਵਿਚਾਰਾਂ ਦੀ ਸਾਂਝ ਪਾਈ ਨੇ ਭਾਈ ਕਮਲਜੋਤ ਸਿੰਘ ਨੇ ਰਹਿਰਾਸ ਸਾਹਿਬ ਜੀ ਦਾ ਪਾਠ ਕੀਤਾ। ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਵਿਦਆਰਥੀ ਭਾਈ ਸਿਮਰਜੀਤ ਸਿੰਘ ਅਤੇ ਸਾਥੀਆਂ ਵਲੋਂ ਆਰਤੀ ਅਤੇ ਕਲਿਆਣ ਰਾਗ, ਭਾਈ ਕੰਵਲਪਾਲ ਸਿੰਘ ਦੇਹਰਾਦੂਨ ਦੇ ਜਥੇ ਵੱਲੋਂ ਸਿਰੀ ਅਤੇ ਮਾਝ ਰਗ, ਭਾਈ ਸਤਿੰਦਰ ਸਿੰਘ ਸਾਰੰਗ ਦੇ ਜਥੇ ਵੱਲੋ ਗਉੜੀ ਗੁਆਰੇਰੀ ਅਤੇ ਸੋਰਠ ਰਾਗ, ਭਾਈ ਗੁਰਮੀਤ ਸਿੰਘ ਸ਼ਾਂਤ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਜਥੇ ਵੱਲੋਂ ਗਉੜੀ ਮਾਝ ਅਤੇ ਨਟ ਨਾਰਾਇਣ, ਭਾਈ ਸਤਵਿੰਦਰ ਸਿੰਘ ਬੋਦਲ ਦੇ ਜਥੇ ਵੱਲੋਂ ਗਉੜੀ ਪੂਰਬੀ ਅਤੇ ਬਿਹਾਗੜਾ ਰਾਗਾਂ ਵਿੱਚ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਖਬਰਾਂ ਲਿਖੇ ਜਾਣ ਵੇਲੇ ਸੰਗਤਾਂ ÷ਅਦੁੱਤੀ ਗੁਰਮਤਿ ਸੰਗੀਤ ਸੰਮੇਲਨ÷ ਵਿਚ ਸਮੂਲੀਅਤ ਕਰਕੇ ਨਿਰਧਾਰਤ ਰਾਗਾਂ ਵਿੱਚ ਹੁੰਦੇ ਕੀਰਤਨ ਨੂੰ ਸਰਵਣ ਕਰਨ ਲਈ ਹੁਮ-ਹੁਮਾ ਕੇ ਪੁੱਜ ਰਹੀਆਂ ਸਨ।

# ਮਲੋਟ ਸ਼ਹਿਰ ਵਿੱਚ ਸੀਵਰੇਜ ਵਿਵਸਥਾ ਨੂੰ ਬਿਹਤਰ ਬਣਾਉਣ ਲਈ 6 ਕਰੋੜ ਰੁਪਏ ਦੇ ਸੀਵਰੇਜ ਪ੍ਰੋਜੈਕਟ ਦੀ ਸ਼ੁਰੂਆਤ: ਡਾ. ਬਲਜੀਤ ਕੌਰ



**ਮਲੋਟ/ਚੰਡੀਗੜ੍ਹ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਲੋਟ ਸ਼ਹਿਰ ਵਿੱਚ ਸੀਵਰੇਜ਼ ਵਿਵਸਥਾ ਨੂੰ ਬਿਹਤਰ ਬਣਾਉਣ ਲਈ 6 ਕਰੋੜ ਰੁਪਏ ਦੇ ਸੀਵਰੇਜ਼ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਲਈ ਬਿਹਤਰ ਨਾਗਰਿਕ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਈ ਵਿਕਾਸ ਪ੍ਰੋਜੈਕਟ ਚਲਾਏ ਹੋਏ ਹਨ।

ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਮਲੋਟ ਸ਼ਹਿਰ ਵਿੱਚ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੀਵਰੇਜ ਦੀ ਸਮੱਸਿਆ ਨੂੰ ਸੁਧਾਰਨ ਲਈ ਅਤੇ ਸ਼ਹਿਰ ਦੇ ਨਿਵਾਸੀਆਂ ਨੂੰ ਬਿਹਤਰ ਅਤੇ ਸੰਪੂਰਣ ਸੀਵਰੇਜ ਸੇਵਾਵਾਂ ਪ੍ਰਦਾਨ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਲਈ ਲਗਾਤਾਰ ਸਬੰਧਤ ਵਿਭਾਗ ਨਾਲ ਤਾਲਮੇਲ ਕਰਕੇ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਲੋਟ ਦੇ ਨਿਵਾਸੀ ਇਹ ਸਮੱਸਿਆ ਕਈ ਸਾਲਾਂ ਤੋਂ ਝੱਲ ਰਹੇ ਸਨ, ਜੋ ਕਿ ਹੁਣ ਇਸ ਪ੍ਰੋਜੈਕਟ ਰਾਹੀਂ ਹੱਲ ਹੋਵੇਗੀ।

ਮੰਤਰੀ ਨੇ ਦੱਸਿਆ ਕਿ ਇਹ ਪ੍ਰੋਜੈਕਟ ਮਲੋਟ ਸ਼ਹਿਰ ਦੀਆਂ ਪੁਰਾਣੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਨਿਵਾਸੀਆਂ ਦੀ ਜੀਵਨ ਗੁਣਵੱਤਾ ਨੂੰ ਸੁਧਾਰਨ ਲਈ ਇੱਕ ਮਹੱਤਵਪੂਰਨ ਕਦਮ ਹੈ। ਇਸ ਸੰਬੰਧ ਵਿੱਚ, ਉਨ੍ਹਾਂ 6 ਕਰੋੜ ਦੀ ਲਾਗਤ ਨਾਲ ਮਲੋਟ ਦੀ ਮੇਨ ਕਾਲੋਨੀ ਰੋਡ ਉਪਰ ਵੱਡੀ ਪਾਈਪਾਂ ਵਾਲਾ ਸੀਵਰੇਜ ਵਿਛਾਏ ਜਾਣ ਦੇ ਕੰਮ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਨਾਲ ਪਿੰਕ ਸਿਟੀ ਅਤੇ ਦਸ਼ਮੇਸ਼ ਨਗਰ ਦੇ ਵਸਨੀਕਾਂ ਨੂੰ ਸੀਵਰੇਜ ਬੈਕਫਲੋ ਮੁਸ਼ਕਿਲ ਤੋਂ ਮੁਕੰਮਲ ਤੌਰ ’ਤੇ ਨਿਜਾਤ ਮਿਲ ਜਾਵੇਗੀ।

ਮੰਤਰੀ ਨੇ ਕਿਹਾ ਕਿ ਮਲੋਟ ਵਿੱਚ ਦਾਣਾ ਮੰਡੀ ਡਿਸਪੋਜ਼ਲ ਤੋਂ ਭਗਵਾਨਪੁਰਾ ਤੱਕ ਸੀਵਰੇਜ ਨਿਕਾਸੀ ਲਈ 3100 ਮੀਟਰ ਲੰਬੀ ਰਾਈਜ਼ਿੰਗ ਮੇਨ ਪਾਈਪ ਵੀ ਬਦਲੀ ਜਾ ਰਹੀ ਹੈ। ਇਸ ਨਾਲ ਪੁੱਡਾ ਕਲੋਨੀ, ਸਟਾਰ ਸਿਟੀ ਕਾਲੋਨੀ ਅਤੇ ਸ਼ਹਿਰ ਦੇ 40% ਇਲਾਕੇ ਦੀ ਪਾਣੀ ਨਿਕਾਸੀ ਦੀ ਮੁਸ਼ਕਿਲ ਹੱਲ ਹੋ ਜਾਵੇਗੀ। ਇਹ ਪ੍ਰਾਜੈਕਟ ਨਾ ਸਿਰਫ਼ ਮਲੋਟ ਦੇ ਨਿਵਾਸੀਆਂ ਲਈ ਬੇਹਤਰ ਸਿਹਤ ਅਤੇ ਸਫਾਈ ਯਕੀਨੀ ਬਣਾਏਗਾ, ਬਲਕਿ ਇਹ ਸਮਾਜਿਕ ਵਿਕਾਸ ਅਤੇ ਆਰਥਿਕ ਵਾਧੇ ਵਿੱਚ ਵੀ ਯੋਗਦਾਨ ਪਾਏਗਾ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਨਵੇਂ ਪਾਈਪਲਾਈਨ ਦਾ ਡਿਜ਼ਾਇਨ ਆਧੁਨਿਕ ਤਕਨੀਕਾਂ ਦੇ ਨਾਲ ਤਿਆਰ ਕੀਤਾ ਗਿਆ ਹੈ, ਜੋ ਲੰਬੇ ਸਮੇਂ ਲਈ ਸਥਿਰਤਾ ਅਤੇ ਦ੍ਰਿੜ੍ਹਤਾ ਨੂੰ ਯਕੀਨੀ ਬਣਾਏਗਾ। ਇਸ ਪ੍ਰੋਜੈਕਟ ਦੇ ਅਧੀਨ ਉਚਿਤ ਮਾਨਟਰਿੰਗ ਅਤੇ ਪੂਰੀ ਪਰਖ ਵੀ ਕੀਤੀ ਜਾਵੇਗੀ ਤਾਂ ਜੋ ਕੰਮ ਦੀ ਗੁਣਵੱਤਾ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ। ਇਹ ਪ੍ਰੋਜੈਕਟ ਸਿਰਫ ਮਲੋਟ ਲਈ ਨਹੀਂ, ਸਗੋਂ ਪੂਰੇ ਪੰਜਾਬ ਲਈ ਵਿਕਾਸ ਦਾ ਇੱਕ ਨਵਾਂ ਮਾਡਲ ਪੇਸ਼ ਕਰੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੀਵਰੇਜ ਸੇਵਾਵਾਂ ਤੋਂ ਇਲਾਵਾ, ਸਾਫ ਪਾਣੀ ਦੀ ਸਪਲਾਈ, ਰੋਡ ਨਵੀਨੀਕਰਨ ਅਤੇ ਪਾਰਕਾਂ ਦੀ ਵਿਕਾਸ ਯੋਜਨਾ ’ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ।

## ਸਮਾਜ ਸੇਵੀ ਸੰਸਥਾ ਵੱਲੋਂ ਬੇਟੀ ਮੀਨਾਕਸ਼ੀ ਨੂੰ ਵਿਆਹ ’ਤੇ 11ਹਜ਼ਾਰ ਰੁਪਏ ਸ਼ਗਨ



ਮੈਡਮ ਜੋਤੀ ਸ਼ਰਮਾ ਅਤੇ ਮੈਡਮ ਰੀਨਾ ਬੇਟੀ ਮੀਨਾਕਸ਼ੀ ਨੂੰ ਸ਼ਗਨ ਸਕੀਮ ਰਾਸ਼ੀ ਦੇਣ ਸਬੰਧੀ ਗੱਲਬਾਤ ਕਰਦੇ ਹੋਏ । ਫ਼ੋਟੋ : ਪ੍ਰੈਸ ਕੀ ਤਾਕਤ

**ਸ੍ਰੀ ਆਨੰਦਪੁਰ ਸਾਹਿਬ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਊਂਡਰ ਸੁਨੀਲ ਦੱਤ ਸ਼ਰਮਾ ਦੀ ਅਗਵਾਈ ਹੇਠ ਯੂ ਐਮ ਸੀ ਏ ਫਾਊਂਡੇਸ਼ਨ ਇੰਡੀਆ ਜੀਵਨ ਦਾਨ ਸੰਸਥਾ ਵਲੋਂ ਪਿੰਡ ਅਗੰਮਪੁਰ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਜਿਲਾ ਰੂਪਨਗਰ ਦੀ ਵਾਸੀ ਬੇਟੀ ਮੀਨਾਕਸ਼ੀ ਪਿਤਾ ਸੰਜੀਵ ਕੁਮਾਰ ਅਤੇ ਮਾਤਾ ਜੂਲੀ ਰਾਣੀ ਨੂੰ 17 ਨਵੰਬਰ ਨੂੰ ਵਿਆਹ ਤੇ 11ਹਜਾਰ ਰੁਪਏ ਸ਼ਗਨ ਵਜੋਂ ਦਿੱਤੇ। ਕੁਆਡੀਨੇਟਰ ਮੈਡਮ ਜੋਤੀ ਸ਼ਰਮਾ ਜ਼ਿਲ੍ਹਾ ਰੂਪਨਗਰ ਨੇ ਆਖਿਆ ਕਿ ਜੀਵਨ ਦਾਨ ਸੰਸਥਾ (ਯੂ ਐਮ ਸੀ ਏ) ਫਾਊਂਡੇਸ਼ਨ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕਰਦੀ ਹੈ। ਜਿਸ ਦੇ ਨਾਲ ਮਾਨਵਤਾ ਦਾ ਭਲਾ ਹੋ ਰਿਹਾ ਹੈ।

ਉਹਨਾਂ ਦੱਸਿਆ ਕਿ ਬੇਟੀ ਮੀਨਾਕਸ਼ੀ ਨੇ ਇਸ ਸੰਸਥਾ ਅੰਦਰ 1500 ਸੌ ਰੁਪਏ ਲਗਾ ਕੇ ਮੈਂਬਰਸ਼ਿਪ ਹਾਸਲ ਕੀਤੀ ਸੀ ਤੇ 90 ਦਿਨ ਤੋਂ ਬਾਅਦ 17 ਨਵੰਬਰ ਨੂੰ ਵਿਆਹ ਵਾਲੇ ਦਿਨ 11 ਹਜਾਰ ਰੁਪਏ ਸ਼ਗਨ ਵਜੋ ਦਿੱਤੇ।

ਇਸ ਮੌਕੇ ਕੋਆਰਡੀਨੇਟਰ ਸੰਜੀਵ ਕੁਮਾਰ ਨੇ ਦੱਸਿਆ ਕਿ ਜਦੋਂ ਵੀ ਕੋਈ ਵਿਅਕਤੀ ਇਸ ਸੰਸਥਾ ਦੇ ਅੰਦਰ 1500 ਸੌ ਰੁਪਏ ਲਗਾ ਕੇ ਮੈਂਬਰਸ਼ਿਪ ਲੈਂਦਾ ਹੈ ਤਾਂ ਉਹ ਵਿਅਕਤੀ 90 ਦਿਨ ਤੋਂ ਬਾਅਦ ਐਮਰਜੈਂਸੀ ਡੋਨੇਸ਼ਨ 10 ਤੋਂ 15 ਹਜਾਰ ਰੁਪਏ ਪ੍ਰਾਪਤ ਕਰ ਸਕਦਾ ਹੈ। ਜਦੋਂ ਕੋਈ ਬੇਟੀ 1500 ਸੌ ਰੁਪਏ ਲਗਾ ਕੇ ਸੰਸਥਾ ਦੇ ਅੰਦਰ ਮੈਂਬਰਸ਼ਿਪ ਲੈਂਦੀ ਹੈ ਤਾਂ ਉਸ ਨੂੰ 90 ਦਿਨ ਤੋਂ ਬਾਅਦ 2100 ਸੌ ਰੁਪਏ ਤੋਂ ਲੈ ਕੇ ਇਕ ਲੱਖ ਰੁਪਏ ਦੇ ਵਿਚਕਾਰ ਸ਼ਗਨ ਰਾਸ਼ੀ ਮਿਲਦੀ ਹੈ। ਬੇਟੀ ਮੀਨਾਕਸ਼ੀ ਪਿੰਡ ਅਗਮਪਰ ਜਿਲਾ ਰੂਪਨਗਰ ਨੇ 11 ਹਜਾਰ ਰੁਪਏ ਉਸ ਦੇ ਬੈਂਕ ਖਾਤੇ ਵਿੱਚ ਪੈਣ ਤੇ ਯੂ ਐਮ ਸੀ ਏ ਫਾਊਂਡਰੇਸ਼ਨ ਜੀਵਨ ਦਾਨ ਸੰਸਥਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਜੋ ਕਿ ਲਗਾਤਾਰ ਸਮਾਜ ਭਲਾਈ ਦੇ ਕਾਰਜ ਕਰ ਰਹੇ ਹਨ।ਇਸ ਖੁਸ਼ੀ ਦੇ ਮੌਕੇ ਪਹੁੰਚੇ ਕੋਆਰਡੀਨੇਟਰ ਮੈਡਮ ਜੋਤੀ ਸ਼ਰਮਾ, ਸੰਜੀਵ ਕੁਮਾਰ, ਤਰਨਜੀਤ ਸਿੰਘ ਬੈਂਸ ਅਤੇ ਮੈਡਮ ਰੀਨਾ ਨੇ ਵਿਆਹ ਸਮਾਗਮ ਵਿੱਚ ਪਹੁੰਚ ਕਿ ਬੇਟੀ ਨੂੰ ਆਸ਼ੀਰਵਾਦ ਦਿੱਤਾ।

## ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਮਾਪੇ ਅਧਿਆਪਕ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ



**ਗੜ੍ਹਸ਼ੰਕਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਮਾਪੇ ਅਧਿਆਪਕ ਐਸੋਸੀਏਸ਼ਨ ਦਾ ਜਨਰਲ ਅਜਲਾਸ ਬੁਲਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਅਜਲਾਸ ਵਿਚ ਪਹੁੰਚੇ ਹੋਏ ਮੈਂਬਰਾਂ ਦਾ ਸਵਾਗਤ ਕੀਤਾ। ਇਸ ਮੌਕੇ ਕਾਲਜ ਦੇ ਪਿਛਲੇ ਸੈਸ਼ਨ ਦੌਰਾਨ ਕੀਤੇ ਗਏ ਕੰਮਾਂ ’ਤੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਮੌਜੂਦਗੀ ਵਿਚ ਮਾਪਿਆਂ ਅਤੇ ਅਧਿਆਪਕਾਂ ਵਿਚੋਂ ਸੈਸ਼ਨ 2024-25 ਵਾਸਤੇ ਅਗਜ਼ੈਕਟਿਵ ਮੈਂਬਰਾਂ ਦੀ ਚੋਣ ਕੀਤੀ ਗਈ।

ਚੋਣ ਵਿਚ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਪ੍ਰਧਾਨ, ਤੀਰਥ ਸਿੰਘ ਮਾਨ ਸੀਨੀਅਰ ਮੀਤ ਪ੍ਰਧਾਨ, ਡਾ. ਹਰਵਿੰਦਰ ਕੌਰ ਮੀਤ ਪ੍ਰਧਾਨ, ਦਵਿੰਦਰ ਸਿੰਘ ਸਕੱਤਰ, ਡਾ. ਮਨਬੀਰ ਕੌਰ ਕੈਸ਼ੀਅਰ, ਡਾ. ਸੰਘਾ ਗੁਰਬਖਸ਼ ਕੌਰ ਸਯੁੰਕਤ ਸਕੱਤਰ ਅਤੇ ਅਗਜ਼ੈਕਟਿਵ ਮੈਂਬਰਾਂ ਵਿਚ ਗੁਰਜਿੰਦਰ ਕੌਰ, ਅਕਵਿੰਦਰ ਕੌਰ, ਸੁਰਿੰਦਰ ਪਾਲ ਕੌਰ, ਸੋਹਣ ਲਾਲ, ਡਾ. ਪ੍ਰੀਤਇੰਦਰ ਸਿੰਘ, ਪ੍ਰੋ. ਗੁਰਪ੍ਰੀਤ ਸਿੰਘ ਕਲਸੀ ਅਤੇ ਡਾ. ਅਜੈ ਦੱਤਾ ਨੂੰ ਸ਼ਾਮਿਲ ਕੀਤਾ ਗਿਆ।

ਅਖੀਰ ਵਿਚ ਕੋਆਰਡੀਨੇਟਰ ਡਾ. ਮਨਬੀਰ ਕੌਰ ਨੇ ਪਹੁੰਚੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿਚ ਐਸੋਸੀਏਸ਼ਨ ਵਲੋਂ ਕਾਲਜ ਦੀ ਬੇਹੱਤਰੀ ਲਈ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ।

## ਲੜਕੀਆਂ ਦੇ ਸਰਕਾਰੀ ਸਕੂਲ ਦਾ ਝਾੜ ਸਾਹਿਬ ਕਾਲਜ ਵਿਖੇ ਵਿੱਦਿਅਕ ਟੂਰ ਗਿਆ



**ਮਾਛੀਵਾੜਾ ਸਾਹਿਬ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਦੇ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਹਰਦੀਪ ਕੌਰ ਜੀ ਦੀ ਯੋਗ ਅਗਵਾਈ ਵਿੱਚ ਐੱਨ.ਐੱਸ.ਕਿਉ.ਐੱਫ. ਅਪੈਰਲ ਵਿੱਸ਼ੇ ਦੇ ਅਧਿਆਪਕ ਸ੍ਰੀ ਅਸ਼ਵਨੀ ਕੁਮਾਰ ਜੀ ਦੇ ਦੁਆਰਾ ਵੋਕੇਸ਼ਨਲ ਵਿਸ਼ੇ ਦੀ ਵਿਦਿਆਰਥਣਾਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵੋਮੈਨ ਝਾੜ ਸਾਹਿਬ, ਲੁਧਿਆਣਾ ਦਾ ਵਿੱਦਿਅਕ ਦੌਰਾ ਕਰਵਾਇਆ ਗਿਆ।

ਜਿਸ ਦੌਰਾਨ ਕਾਲਜ ਦੇ ਕਾਲਜ ਪ੍ਰਿੰਸੀਪਲ ਸ਼੍ਰੀਮਤੀ ਡਾ. ਰਣਜੀਤ ਕੌਰ ਜੀ ਅਤੇ ਸ਼੍ਰੀਮਤੀ ਜਸਵੀਰ ਕੌਰ ਜੀ ਨੇ ਸਕੂਲ ਦੇ ਅਧਿਆਪਕ ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀਮਤੀ ਮਨਵਿੰਦਰਜੀਤ ਕੌਰ ਅਤੇ ਸ਼੍ਰੀਮਤੀ ਹਰਪ੍ਰੀਤ ਕੌਰ ਜੀ ਦਾ ਅਤੇ ਵਿਦਿਆਰਥਣਾਂ ਦਾ ਸਵਾਗਤ ਕੀਤਾ।

ਇਸ ਵਿੱਦਿਅਕ ਦੌਰੇ ਦੌਰਾਨ ਸ਼੍ਰੀਮਤੀ ਸੁਖਨਪ੍ਰੀਤ ਕੌਰ ਜੀ ਨੇ ਬੱਚਿਆਂ ਨੂੰ ਗਾਰਮੇਂਟ ਦੀ ਡਿਜ਼ਾਈਨਿੰਗ, ਮਰਚੰਟਡਾਇਸਰ (ਵਪਾਰੀ) ਗਾਰਮੇਂਟ ਕੰਸਟ੍ਰਕਸ਼ਨ ਅਤੇ ਡਿਜ਼ਾਈਨ ਡਿਵੈਲਪਮੈਂਟ ਬਾਰੇ ਦੱਸਿਆ।

ਭਵਿੱਖ ਵਿੱਚ ਸਵੈ-ਰੁਜ਼ਗਾਰ ਅਤੇ ਇੰਡਸਟਰੀ ਵਿੱਚ ਨੌਕਰੀ ਦੇ ਮੌਕੇ ਬਾਰੇ ਦੱਸਿਆ। ਸਕੂਲ ਅਧਿਆਪਕ ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀਮਤੀ ਮਨਵਿੰਦਰਜੀਤ ਕੌਰ ਅਤੇ ਸ਼੍ਰੀਮਤੀ ਹਰਪ੍ਰੀਤ ਕੌਰ ਨੇ ਕਾਲਜ ਇੰਚਾਰਜ ਸ਼੍ਰੀਮਤੀ ਡਾ. ਰਣਜੀਤ ਕੌਰ ਅਤੇ ਗਾਰਮੇਂਟ ਹੈੱਡ ਸ਼੍ਰੀਮਤੀ ਸੁਖਨਪ੍ਰੀਤ ਕੌਰ ਜੀ ਜੀ ਦਾ ਧੰਨਵਾਦ ਕੀਤਾ।ਇਸ ਵਿੱਦਿਅਕ ਦੌਰੇ ਦੇ ਦੌਰਾਨ ਸਕੂਲ ਅਧਿਆਪਕ ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀਮਤੀ ਮਨਵਿੰਦਰਜੀਤ ਕੌਰ ਅਤੇ ਸ਼੍ਰੀਮਤੀ ਹਰਪ੍ਰੀਤ ਕੌਰ ਵੀ ਨਾਲ਼ ਸ਼ਾਮਿਲ ਸਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਲੋਕ ਵੇਦਨਾ ਦਾ ਸ਼ਾਇਰ



ਗਗਨ ਸਿੱਧੂ
97858-46688

ਅਗਗਨ ਸਿੱਧੂ ਦੇ ਖ਼ਿਆਲਾਂ ਵਿਚ ਲੋਕਾਈ ਦੀ ਪੀੜ ਅਤੇ ਦਰਦ ਹੈ। ਉਸ ਦੀ ਸ਼ਾਇਰੀ ਨਿੱਜੀ ਪੀੜਾ ਤੋਂ ਪਾਰ ਸਮਾਜ ਦੇ ਲੋਕਾਂ ਦੇ ਦਰਦ ਦੀ ਬਾਤ ਪਾਉਂਦੀ ਹੈ। ਨਿੱਜੀ ਤਜਰਬਿਆਂ ਵਿੱਚੋਂ ਪੁੰਗਰੀ ਹੋਣ ਕਾਰਨ ਉਸ ਦੀ ਲੇਖਣੀ ਵਿਚ ਸੁਭਾਵਕਤਾ ਹੈ। ਸ਼ਾਇਰ ਜਦੋਂ ਨਿੱਜੀ ਤਜਰਬਿਆਂ ਨੂੰ ਸਮਾਜ ਦੇ ਦਰਦ ਵਿਚ ਗੁੰਨ੍ਹਦਾ ਹੈ ਤਾਂ ਉਦੋਂ ਸ਼ਾਇਰੀ ਵਿੱਚੋਂ ਕਰਤਾਰੀ ਜਲੌਅ ਝਲਕਾਰੇ ਮਾਰਦਾ ਹੈ। ਕਵੀ ਕੋਲ ਆਪਣੇ ਵਿਚਾਰਾਂ ਦੇ ਨਿਭਾਅ ਲਈ ਸ਼ਬਦਾਂ ਦੀ ਜਾਦੂਈ ਕਲਾ ਹੈ। ਕਵੀ ਦੇ ਕਾਵਿ ਖ਼ਿਆਲਾਂ ਨੂੰ ਸਮਝਣ ਲਈ ਕਵੀ ਦੇ ਲਿਖਣ ਜਜ਼ਬੇ ਵਿਚ ਪਹੁੰਚਣ ਦੀ ਲੋੜ ਹੈ। ਸ਼ਾਲਾ ਸ਼ਾਇਰ ਦੀ ਕਲਮ ਲੋਕਾਈ ਦੇ ਹੱਕਾਂ ਵਿੱਚੋਂ ਟੋਭੇ ਲਗਾ ਕੇ ਸਮਾਜ ਦੇ ਕੁਹਜ ਨੂੰ ਸੁਹਜ ਵਿਚ ਬਦਲਣ ਲਈ ਵਗਦੀ ਰਹੇ। ਮਾਣਦੇ ਹਾਂ ਉਸ ਦੀ ਸ਼ਾਇਰੀ ਦਾ ਰੰਗ।

• ਡਾ. ਬਲਵਿੰਦਰ ਸਿੰਘ ਥਿੰਦ
9417606572

### ਕਵਿਤਾਵਾਂ

#### ਸੁੰਨਾ ਸ਼ਹਿਰ

ਸੁੰਨੇ ਸ਼ਹਿਰ ਦੀਆਂ ਸੁੰਨੀਆਂ
ਬਾਰੀਆਂ
ਡੋਲੀ 'ਚ ਲਾਸ਼,
ਜੇਵ ਦੀਆਂ ਤਿਆਰੀਆਂ।

ਘੁਟ-ਘੁਟ ਮਰਦੀਆਂ
ਰੋਜ਼ ਬੀਮਾਰੀਆਂ
ਰਹਿੰਦੀਆਂ ਨੇ ਹਾਲੇ
ਨਾ ਕਿਸ਼ਤਾਂ ਉਤਾਰੀਆਂ।

ਗੱਲਾਂ ਨੇ ਮਿੱਠੀਆਂ
ਜੀਭਾਂ ਨੇ ਖਾਰੀਆਂ
ਮਰੀਆਂ ਨੇ ਕਾਹਤੋਂ?
ਸੱਧਰਾਂ ਇਹ ਸਾਰੀਆਂ।

ਰੋਜ਼ ਹੀ ਨੇ ਆਉਂਦੀਆਂ
ਤੇ ਜਾਂਦੀਆਂ ਸਵਾਰੀਆਂ
ਅੱਜ ਫੇਰ ਹੱਡੀਆਂ ਨੇ ਪਾਣੀ 'ਚ
ਤਾਰੀਆਂ।

ਕਿੰਨੀਆਂ ਨੇ ਗਿਣੀਆਂ
ਨਾਂ ਜਾਣ ਇਹ ਸਾਰੀਆਂ
ਬੇਮੌਤ ਮਰਦੀਆਂ
ਰੋਜ਼ ਵਿਚਾਰੀਆਂ।

#### ਖ਼ਿਆਲ

ਖ਼ਿਆਲ ਅਜ਼ਲਾਂ ਦੇ
ਖ਼ਿਆਲ ਗ਼ਜ਼ਲਾਂ ਦੇ
ਖ਼ਿਆਲ ਮੋਤੀ ਨੇ
ਖ਼ਿਆਲ ਰੋਟੀ ਨੇ
ਖ਼ਿਆਲ ਉਕਰੇ ਸੀ
ਖ਼ਿਆਲ ਮੁਕਰੇ ਸੀ
ਖ਼ਿਆਲ ਤੇਰੇ ਨੀਂ
ਖ਼ਿਆਲ ਮੇਰੇ ਨੀਂ
ਖ਼ਿਆਲ ਫ਼ੁਰਸਤ 'ਚੋਂ
ਖ਼ਿਆਲ ਗੁਰਬਤ 'ਚੋਂ
ਖ਼ਿਆਲ ਸਾਂਝੇ ਵੀ
ਖ਼ਿਆਲ ਵਾਂਝੇ ਵੀ
ਖ਼ਿਆਲ ਹੱਸਦੇ ਰਹਿਣ
ਖ਼ਿਆਲ ਵਸਦੇ ਰਹਿਣ।



ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਪ੍ਰੋ. ਜਸਪ੍ਰੀਤ ਕੌਰ

**ਪੜ੍ਹਿਆ-ਲਿਖਿਆ ਪੰਜਾਬੀ ਕਿਸਾਨ ਪਿਤਾ ਨਾਲ ਖੇਤ ਵਿਚ ਕੰਮ ਕਰਾਉਣ ਦੀ ਬਜਾਇ ਵਿਦੇਸ਼ ਵਿਚ ਜਾ ਕੇ ਮਜ਼ਦੂਰੀ ਬੜੇ ਚਾਅ ਨਾਲ ਕਰਦਾ ਹੈ। ਇਹ ਜਿਸ ਕੰਮ ਨੂੰ ਆਪਣੇ ਦੇਸ਼ 'ਚ ਕਰਨ ਤੋਂ ਬੇਇੱਜ਼ਤੀ ਮਹਿਸੂਸ ਕਰਦੇ ਹਨ, ਉਸੇ ਨੂੰ ਵਿਦੇਸ਼ਾਂ 'ਚ ਹੱਸ-ਹੱਸ ਕੇ ਕਰਦੇ ਹਨ।**



# ਸਭ ਤੋਂ ਉੱਤਮ ਹੈ ਕਿਰਤ

ਪੰਜਾਬੀ ਸੱਭਿਆਚਾਰ ਵਿਚ ਕਿਰਤ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਸਖ਼ਤ ਮਿਹਨਤ ਨਾਲ ਕਮਾਈ ਕਰ ਕੇ ਜੀਵਨ ਜਿਊਣਾ, ਵਿਊਂਤਣਾ ਪੰਜਾਬੀ ਬਾਖ਼ੂਬੀ ਜਾਣਦੇ ਹਨ। ਵਿਹਲੜ, ਕੰਮਚੋਰ, ਆਲਸੀ, ਨਿਖੱਟੂ ਤੇ ਲੋਟੂ ਦੀ ਪੰਜਾਬੀ ਸੱਭਿਆਚਾਰ ਵਿਚ ਅਤਿਅੰਤ ਨਿੰਦਾਜਨਕ ਤੇ ਵਰਜਿਤ ਸਥਿਤੀ ਹੈ। ਕੰਮ, ਕਿਰਤ ਦੀ ਨਿਰੰਤਰ ਕਠੋਰ ਸਾਧਨਾ ਹੀ ਪੰਜਾਬੀਆਂ ਦੇ ਤਕੜੇ ਜੁੱਸੇ ਦਾ ਮੂਲ ਆਧਾਰ ਹੈ। ਕਿਰਤ ਹੈ ਹੀ ਸਭ ਤੋਂ ਉੱਤਮ। ਕਿਰਤੀ ਕੌਮਾਂ ਦੀ ਪਛਾਣ ਸੰਸਾਰ ਪੱਧਰ 'ਤੇ ਅਮਿੱਟ ਹੁੰਦੀ ਹੈ। ਜਿੱਥੇ ਕਿਰਤ ਦਾ ਮਹੱਤਵ ਘਟਿਆ ਹੈ ਅਤੇ ਉੱਥੇ ਹੀ ਵਿਹਲੜਪੁਣਾ ਵਧਿਆ ਹੈ। ਉਹ ਕੌਮਾਂ ਦੂਸਰਿਆਂ ਵੱਲ ਹਰ ਵਕਤ ਹੱਥ ਅੱਡੀ ਖੜ੍ਹੀਆਂ ਦਿਸਦੀਆਂ ਹਨ ਜੋ ਮਿਹਨਤ ਤੋਂ ਜੀ ਚੁਰਾਉਂਦੀਆਂ ਹਨ।

### ਯੋਧਿਆਂ ਤੇ ਮਿਹਨਤਕਸ਼ਾਂ ਦੀ ਧਰਤੀ

ਪੰਜਾਬ ਗੁਰੂਆਂ, ਅਵਤਾਰਾਂ, ਯੋਧਿਆਂ ਤੇ ਮਿਹਨਤਕਸ਼ਾਂ ਦੀ ਧਰਤੀ ਹੈ। ਇੱਥੇ ਕਿਰਤੀ ਬੰਦੇ ਦਾ ਸਤਿਕਾਰ ਕੀਤਾ ਜਾਂਦਾ ਹੈ। ਦੇਸ਼-ਵਿਦੇਸ਼ ਵਿਚ ਵੀ ਪੰਜਾਬੀਆਂ ਨੇ ਜਿਸ ਕੰਮ ਨੂੰ ਹੱਥ ਪਾਇਆ, ਸਫਲਤਾ ਨੇ ਉਨ੍ਹਾਂ ਦੇ ਕਦਮ ਚੁੰਮੇ। ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫ਼ੇ ਤੇ ਸਮੁੱਚੀ ਬਾਣੀ ਨੇ ਵੀ ਸਾਨੂੰ 'ਕਿਰਤ ਕਰੋ' ਦਾ ਉਪਦੇਸ਼ ਦਿੱਤਾ ਹੈ ਪਰ ਅੱਜ ਸਿੱਖ ਧਰਮ ਦੇ ਪ੍ਰਚਾਰ 'ਚ ਲੱਗੀਆਂ ਵੱਡੀ ਗਿਣਤੀ ਵਿਚ ਸੰਸਥਾਵਾਂ ਤੇ ਸੰਪਰਦਾਵਾਂ ਦੁਆਰਾ ਗੁਰੂ ਨਾਨਕ ਸਾਹਿਬ ਦੇ ਕਿਰਤ ਸਿਧਾਂਤ ਨੂੰ ਸਿੱਖੀ ਪ੍ਰਚਾਰ ਵਿੱਚੋਂ ਮਨਫ਼ੀ ਕਰ ਦਿੱਤਾ ਗਿਆ ਹੈ। ਅਜੋਕੇ ਪੰਜਾਬ ਵਿਚ ਉਹ ਕਿਰਤ ਸੱਭਿਆਚਾਰ ਨਹੀ ਰਿਹਾ ਜਿਸ ਦੇ ਲਈ ਪੰਜਾਬੀ ਪੂਰੀ ਦੁਨੀਆ ਵਿਚ ਸਤਿਕਾਰੇ ਜਾਂਦੇ ਸਨ। ਅੱਜ ਅਸੀ ਹੱਥੀ ਮਿਹਨਤ ਕਰਨ ਤੋਂ ਕੰਨੀ ਕਤਰਾਉਂਦੇ ਹਾਂ। ਅੱਜ ਦਾ ਪੜ੍ਹਿਆ-ਲਿਖਿਆ ਪੰਜਾਬੀ ਗੱਭਰੂ ਆਪਣੇ ਕਿਸਾਨ ਪਿਤਾ ਨਾਲ ਖੇਤ ਵਿਚ ਕੰਮ ਕਰਾਉਣ ਦੀ ਬਜਾਇ ਵਿਦੇਸ਼ਾਂ ਵਿਚ ਜਾ ਕੇ ਮਜ਼ਦੂਰੀ ਬੜੇ ਚਾਅ ਨਾਲ ਕਰਦਾ ਹੈ। ਵਿੱਦਿਅਕ ਯੋਗਤਾ ਪ੍ਰਾਪਤ ਪੰਜਾਬ ਦੇ ਗੱਭਰੂ ਤੇ ਮੁਟਿਆਰਾਂ ਜਿਸ ਕੰਮ ਨੂੰ ਆਪਣੇ ਦੇਸ਼ ਵਿਚ ਕਰਨ ਤੋਂ ਬੇਇੱਜ਼ਤੀ ਮਹਿਸੂਸ ਕਰਦੇ ਹਨ, ਉਸੇ ਨੂੰ ਵਿਦੇਸ਼ਾਂ ਵਿੱਚ ਹੱਸ-ਹੱਸ ਕੇ ਕਰਦੇ ਹਨ ਕਿਉਂਕਿ ਉੱਥੇ ਉੱਦਮ ਦੀ ਹੀ ਕਦਰ ਤੇ ਸ਼ਾਨ ਹੈ। ਅਸੀਂ ਆਪਣੇ ਦੇਸ਼ ਅੰਦਰ ਕਿਰਤ ਸੱਭਿਆਚਾਰ ਪੈਦਾ ਕਰਨ ਵਿਚ ਬਹੁਤ ਪਿੱਛੇ ਰਹਿ ਗਏ ਹਾਂ।

### ਕਿਰਤ ਸੱਭਿਆਚਾਰ

ਜਾਪਾਨੀ ਲੋਕ ਸੁਭਾਅ ਦੇ ਤੌਰ 'ਤੇ ਮਿਹਨਤੀ ਤੇ ਕਿਰਤੀ ਹਨ। ਜਾਪਾਨ ਵੱਖ-ਵੱਖ ਟਾਪੂਆਂ 'ਤੇ ਵਸਿਆ ਹੋਇਆ ਚੜ੍ਹਦੇ ਸੂਰਜ ਦਾ ਇਕ ਅਜਿਹਾ ਦੇਸ਼ ਹੈ ਜਿਸ ਕੋਲ ਕੋਈ ਖਣਿਜ ਪਦਾਰਥ ਨਹੀ ਅਤੇ ਇਸ ਧਰਤੀ 'ਤੇ ਸਭ ਤੋਂ ਵੱਧ ਭੂਚਾਲ ਅਤੇ ਜਵਾਲਾਮੁਖੀ ਵਰਗੀਆਂ ਕੁਦਰਤੀ ਆਫ਼ਤਾਂ ਸਰਗਰਮ ਰਹਿੰਦੀਆਂ ਹਨ ਪਰ ਉਨ੍ਹਾਂ ਲੋਕਾਂ ਨੇ ਸਿਦਕ ਤੇ ਸਿਰੜ ਨਾਲ ਆਪਣੇ ਮਨੁੱਖੀ ਸਾਧਨਾਂ ਨੂੰ ਬੜੇ ਸੁਚੱਜੇ ਢੰਗ ਨਾਲ ਵਰਤਿਆ ਹੈ। ਇਲੈਕਟ੍ਰੌਨਿਕਸ ਅਤੇ ਆਟੋ ਮੋਬਾਈਲ ਦੇ ਖੇਤਰ ਵਿਚ ਸਾਰੀ ਦੁਨੀਆ 'ਤੇ ਰਾਜ ਕਰ ਰਹੇ ਹਨ। ਸਾਨੂੰ ਕਿਰਤ ਸੱਭਿਆਚਾਰ ਸਿਰਜਣ ਲਈ ਹੁਣ ਗੰਭੀਰ ਹੋਣ ਦੀ ਲੋੜ ਹੈ। ਬੇਸ਼ੱਕ ਮਸ਼ੀਨੀਕਰਨ ਅਤੇ ਆਧੁਨਿਕੀਕਰਨ ਕਰਕੇ ਅੱਜ ਸਾਡਾ ਜ਼ਿਆਦਾ ਹੱਥੀਂ ਕੰਮ ਮਸ਼ੀਨਾਂ ਨੇ ਸਾਂਭ ਲਿਆ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਕਿਰਤ ਸੱਭਿਆਚਾਰ ਨੂੰ ਛੱਡ ਦਈਏ।

### ਨਿਕੰਮਾ ਮਨ ਸ਼ੈਤਾਨ ਦੀ ਟਕਸਾਲ

*ਪ੍ਰੋ. ਪੂਰਨ ਸਿੰਘ ਆਪਣੀ ਪ੍ਰਸਿੱਧ ਕਿਤਾਬ 'ਖੁੱਲ੍ਹੇ ਲੇਖ' ਵਿਚ ਕਿਰਤ ਬਾਰੇ ਲਿਖਦੇ ਹਨ, 'ਸਿਆਣਿਆਂ ਜੋ ਇਹ ਕਿਹਾ ਹੈ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ, ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ। ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ ਮੁਹਾਰੇ ਪਾਕ ਹੋ ਜਾਂਦੇ ਹਨ। ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ ਸੁਭਾ ਇਹ ਅਨੁਭਵ ਹੁੰਦਾ ਹੈ ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ, ਫਲ਼ ਦੇਣ ਵਾਲਾ ਤਾਂ ਕੋਈ ਹੋਰ ਹੈ। ਉਨ੍ਹਾਂ (ਵਿਹਲੜ ਅਮੀਰਾਂ) ਨੂੰ ਉਹ ਸੁੱਖ ਕਦੀ ਨਹੀਂ ਆ ਸਕਦਾ, ਜਿਹੜਾ ਕਿਰਤੀ ਦੀ ਹੱਡੀ ਵਿਚ ਕਿਰਤ ਪੈਦਾ ਕਰਦੀ ਹੈ। ਮਾਨਸਿਕ ਚਿੰਤਨ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ, ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲ਼ਾ ਕਰਦਾ ਹੈ ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ ਜਿਸ ਤਰ੍ਹਾਂ ਰੁੱਖਾਂ ਉੱਤੇ ਫਲ-ਫੁੱਲ ਆਣ ਲਗਦੇ ਹਨ, ਸਿਦਕ ਤੇ ਪਿਆਰ ਦੀ ਰੱਬਤਾ ਵਿਚ ਜੀਣ ਲੱਗਦੀ ਹੈ।'*

### ਹੱਥੀਂ ਕਿਰਤ ਕਰਨਾ

ਹੱਥੀਂ ਕਿਰਤ ਕਰ ਕੇ ਅਸੀਂ ਆਪਣੀ ਸਿਹਤ ਨੂੰ ਠੀਕ ਰੱਖ ਸਕਦੇ ਹਾਂ ਅਤੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਵੀ ਬਚ ਸਕਦੇ ਹਾਂ। ਪੁਰਾਣੇ ਬਜ਼ੁਰਗਾਂ ਨੂੰ ਹੱਥੀਂ ਕੰਮ ਕਰਨ ਕਰਕੇ ਬਹੁਤ ਘੱਟ ਬਿਮਾਰੀਆਂ ਲਗਦੀਆਂ ਸਨ ਤੇ ਉਹ ਤੰਦਰੁਸਤੀ ਭਰੀ ਲੰਬੀ ਉਮਰ ਭੋਗਦੇ ਸਨ ਪਰ ਅੱਜ ਜ਼ਿਆਦਾਤਰ ਲੋਕ ਹੱਥੀ ਕੰਮ ਕਰਨ ਨੂੰ ਹੇਠੀ ਸਮਝਦੇ ਹਨ ਤੇ ਵਿਹਲੇ ਰਹਿ ਕੇ ਨੌਕਰਾਂ ਤੇ ਹੁਕਮ ਚਲਾਉਣਾ ਸ਼ਾਨ ਸਮਝਦੇ ਹਨ। ਬਿਮਾਰੀਆਂ ਨਾਲ ਗ੍ਰਸਤ ਹੋ ਕੇ ਡਾਕਟਰ ਦੇ ਕਹਿਣ ਤੇ ਸੈਰ ਕਰਨ ਨੂੰ ਜ਼ਰੂਰ ਤਿਆਰ ਹੋ ਜਾਣਗੇ।

ਨੌਜਵਾਨਾਂ 'ਚ ਕਿਰਤ ਸੱਭਿਆਚਾਰ ਦਾ ਦਿਨੋ-ਦਿਨ ਖ਼ਤਮ ਹੋਣਾ ਸਮਾਜ ਲਈ ਖ਼ਤਰੇ ਦੀ ਘੰਟੀ ਹੈ, ਜਿਸ ਤੋਂ ਬਚਣਾ ਸਮੇਂ ਦੀ ਮੁੱਖ ਮੰਗ ਹੈ। ਪੰਜਾਬ ਦੇ ਕਿਸਾਨਾਂ ਦੇ ਕਰਜ਼ਾਈ ਹੋਣ ਦਾ ਇਕ ਵੱਡਾ ਕਾਰਨ ਨੌਜਵਾਨਾਂ ਵੱਲੋਂ ਖੇਤਾਂ 'ਚ ਹੱਥੀ ਕੰਮ ਕਰਨ ਤੋਂ ਮੁਨਕਰ ਹੋਣਾ ਹੈ। ਖੇਤੀਬਾੜੀ ਨਾਲ ਸਬੰਧਤ ਬਹੁਤ ਸਾਰੇ ਕੰਮਾਂ ਦੇ ਮਸ਼ੀਨੀਕਰਨ ਦੇ ਬਾਵਜੂਦ ਵੀ ਅਜਿਹੇ ਬਹੁਤ ਕੰਮ ਹਨ ਜਿਨ੍ਹਾਂ ਨੂੰ ਹੱਥੀਂ ਕਰ ਕੇ ਪੈਸੇ ਦੀ ਬੱਚਤ ਕੀਤੀ ਜਾ ਸਕਦੀ ਹੈ। ਕਿਸਾਨਾਂ ਲਈ ਆਪਣੀ ਆਮਦਨ 'ਚ ਵਾਧਾ ਕਰਨ ਦਾ ਸਭ ਤੋਂ ਵਧੀਆ ਜ਼ਰੀਆ ਖੇਤੀ ਨਾਲ ਸਬੰਧਤ ਸਹਾਇਕ ਧੰਦੇ ਹਨ, ਜਿਨ੍ਹਾਂ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਮੁਫ਼ਤ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਨਾਲ ਹੀ ਇਨ੍ਹਾਂ ਸਹਾਇਕ ਧੰਦਿਆਂ ਨੂੰ ਸ਼ੁਰੂ ਕਰਨ ਲਈ ਸਬਸਿਡੀ ਦਿੱਤੀ ਜਾ ਰਹੀ ਹੈ। ਔਰਤਾਂ ਘਰ ਬੈਠ ਕੇ ਹੀ ਲਘੂ ਉਦਯੋਗ ਸ਼ੁਰੂ ਕਰ ਕੇ ਆਮਦਨ 'ਚ ਚੋਖਾ ਵਾਧਾ ਕਰ ਸਕਦੀਆਂ ਹਨ। ਅਜਿਹੇ ਬਹੁਤ ਸਾਰੇ ਨੌਜਵਾਨ ਹਨ ਜਿਨ੍ਹਾਂ ਨੇ ਪਸ਼ੂ-ਪਾਲਣ, ਡੇਅਰੀ, ਸ਼ਹਿਦ, ਮੱਛੀ ਪਾਲਣ, ਖੁੰਬਾਂ ਦੀ ਖੇਤੀ, ਮੁਰਗੀ ਪਾਲਣ, ਬਾਗ਼ਬਾਨੀ ਆਦਿ ਕੰਮਾਂ ਨੂੰ ਸ਼ੁਰੂ ਕਰ ਕੇ ਆਪਣੇ ਹੱਥੀਂ ਮਿਹਨਤ ਕਰ ਕੇ ਸਫਲਤਾ ਦੇ ਨਵੇਂ ਮੁਕਾਮ ਸਿਰਜੇ ਹਨ। ਆਓ, ਅਸੀ ਸਾਰੇ ਰਲ-ਮਿਲ ਕੇ ਹੰਭਲਾ ਮਾਰੀਏ, ਹਿੰਮਤੀ ਤੇ ਉੱਦਮੀ ਬਣੀਏ ਅਤੇ ਪੰਜਾਬ ਵਿਚ ਇਕ ਨਰੋਏ ਕਿਰਤ ਸੱਭਿਆਚਾਰ ਨੂੰ ਪੈਦਾ ਕਰੀਏ। •

94178-31583

## ਪੱਤਰ ਹਰੇ ਕਚੂਰ

# ਨਰੋਏ ਸਾਹਿਤ ਦੀ ਸਿਰਜਕ



ਵੀਰਪਾਲ ਕੌਰ ਕਮਲ

ਵੀਰਪਾਲ ਕੌਰ ਕਮਲ ਕਿੱਤੇ ਵਜੋਂ ਅਸਿਸਟੈਂਟ ਪ੍ਰੋਫੈਸਰ ਦੀ ਜ਼ਿੰਮੇਵਾਰੀ ਨਿਭਾ ਰਹੀ ਹੈ। ਉਸ ਦੀ ਵਿੱਦਿਅਕ ਯੋਗਤਾ ਡਬਲ ਐੱਮਏ ਪੀਐੱਚਡੀ ਹੈ ਪਰ ਉਸ ਦੀ ਦਿਲੀ ਤਮੰਨਾ ਵਕੀਲ ਬਣਨ ਦੀ ਸੀ। ਕਮਲ ਦੀ ਪੰਜਾਬੀ ਸਾਹਿਤ ਨਾਲ ਬਚਪਨ ਤੋਂ ਹੀ ਡੂੰਘੀ ਸਾਂਝ ਰਹੀ ਹੈ। ਉਹ ਦੱਸਦੀ ਹੈ ਕਿ ਸਾਹਿਤ ਨਾਲ ਜੁੜੀ ਹੋਣ ਕਰਕੇ ਹੀ ਉਹ ਵਿੱਚੋਂ ਪੜ੍ਹਾਈ ਛੱਡਣ ਦੇ ਬਾਵਜੂਦ ਦੁਬਾਰਾ ਪੜ੍ਹਾਈ ਨਾਲ ਜੁੜ ਸਕੀ ਤੇ ਉੱਚ-ਵਿੱਦਿਅਕ ਯੋਗਤਾ ਪ੍ਰਾਪਤ ਕਰ ਸਕੀ। ਵੀਰਪਾਲ ਸਾਹਿਤਕ ਖੇਤਰ ਵਿਚ ਵਾਰਤਿਕ ਅਤੇ ਕਵਿਤਾ ਦੋਨੋਂ ਵਿਧਾਵਾਂ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਬਰਾਬਰ ਨਿਭਾ ਰਹੀ ਹੈ। ਉਸ ਦੀਆਂ ਲਿਖਤਾਂ ਦੀ ਭਾਸ਼ਾ ਬੜੀ ਸਰਲ ਅਤੇ ਦਿਲ ਟੁੰਬਵੀ ਹੁੰਦੀ ਹੈ। ਉਸ ਦੀਆਂ ਜ਼ਿਆਦਾਤਰ ਲਿਖਤਾਂ ਸਮਾਜ ਦੇ ਕੋਝਾਂ ਤੋਂ ਪਰਦਾ ਉਠਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਉਹ ਹਮੇਸ਼ਾਂ ਹੀ ਊਰਜਾ ਨਾਲ ਭਰੀ ਆਸ਼ਾਵਾਦੀ ਸੋਚ ਦੀ ਧਾਰਨੀ ਰਹੀ ਹੈ ਅਤੇ ਨਰੋਏ ਸਮਾਜ ਦੀ ਸਿਰਜਨਾ ਕਰਨੀ ਲੋਚਦੀ ਹੈ। ਵੀਰਪਾਲ ਕੌਰ ਕਮਲ ਦੇ ਲਗਾਤਾਰ ਅਖ਼ਬਾਰਾਂ ਮੈਗਜ਼ੀਨਾਂ ਵਿਚ ਛਪਣ ਕਰਕੇ ਉਸ ਦਾ ਸਾਹਿਤਕ ਖੇਤਰ ਵਿਚ ਵੱਖਰਾ ਮੁਕਾਮ ਹੈ। ਮਾਣਦੇ ਹਾਂ ਉਸ ਦੀਆਂ ਕਵਿਤਾ ਦਾ ਆਨੰਦ।

• ਕੁਲਦੀਪ ਸਿੰਘ ਬੰਗੀ
94174 - 07778

### ਕਵਿਤਾਵਾਂ

#### ਮੁਕਤੀ ਦਾ ਰਸਤਾ

ਲਾਲਸਾ
ਸੁਪਨੇ
ਚਾਹਤ
ਆਪਣੇਪਨ ਨੂੰ
ਮਾਰ ਲੈਣ ਨਾਲ
ਮੁਕਤੀ ਨਹੀਂ ਮਿਲਦੀ।
ਮੂਰਤੀ ਪੂਜਾ
ਕਰਮ-ਕਾਂਡ
ਨੰਗੇ -ਪਿੰਡੇ
ਤਨ ਲੰਗੋਟੀ
ਮੱਥੇ ਤਿਲਕ ਲਾ ਲੈਣ ਨਾਲ
ਮੁਕਤੀ ਨਹੀਂ ਮਿਲਦੀ।
ਛੁਟੀਆਂ ਟੱਲੀਆਂ
ਸੰਖ ਪੂਰਿਆ
ਬਾਂਗ ਦੇ ਕੇ
ਬਗਲੇ ਭਗਤ
ਲਾ ਕੇ ਧੂਣੀ
ਕਰ ਜਲ ਧਾਰੇ
ਮੁਕਤੀ ਨਹੀਂ ਮਿਲਦੀ।
ਉੱਚੀ ਸਪੀਕਰ
ਲੋਕ ਦਿਖਾਵੇ
ਬੇਈਮਾਨ ਮਨ ਨਾਲ
ਕੀਤੀਆਂ ਅਰਦਾਸਾਂ
ਨਾਲ ਮੁਕਤੀ ਨਹੀਂ ਮਿਲਦੀ।
ਰਸਤਾ ਤਾਂ ਮੁਕਤੀ ਵਾਲਾ
ਗੁਜ਼ਰ ਦਾ ਹੈ
ਇਨਸਾਨੀਅਤ 'ਚੋਂ ਹੋ ਕੇ।

#### ਨਿੱਕਾ ਜਿਹਾ ਆਲ੍ਹਣਾ

ਹਰ ਪਲ
ਜ਼ਿਹਨ 'ਚ ਰਹਿਦੈਂ
ਸਫ਼ਰ 'ਤੇ ਜਾਵਾਂ
ਨਾਲ ਤੁਰਦੈ
ਚੇਤਿਆਂ 'ਚ ਪਲਦੈ
ਹਰ ਪਲ
ਹਰ ਦਮ
ਕਦੇ ਨਹੀਂ ਭੁੱਲਦਾ
ਧੁੱਪਾਂ 'ਚ ਛਾਂ
ਹਨੇਰੀਆਂ 'ਚ ਓਟ
ਥੱਕੇ ਨੂੰ ਆਰਾਮ
ਟੁੱਟੇ ਨੂੰ ਸਹਾਰਾ ਦਿੰਦੈ
ਤੀਲਾ-ਤੀਲਾ
ਜੋੜ ਕੇ ਬਣਾਇਆ
ਮੇਰਾ ਨਿੱਕਾ ਜਿਹਾ ਆਲ੍ਹਣਾ



---

ਪਲਵਿੰਦਰ ਸਿੰਘ ਢੁੱਡੀਕੇ

# ਸਮਾਜ ਸੇਵਾ ਹੀ ਮੇਰਾ ਮਕਸਦ ਹੈ

## ਅਨਮੋਲ ਬਾਵਾ



ਅੱਜ ਸੂਬੇ ਅੰਦਰ ਜਿੱਥੇ ਅਨੇਕਾਂ ਨੌਜਵਾਨ ਨਸ਼ੇ ਦੀ ਦਲਦਲ ਵਿਚ ਫਸਕੇ ਸਮਾਜ ਨੂੰ ਖੋਖਲਾ ਕਰ ਰਹੇ ਹਨ ਉੱਥੇ ਅਨਮੋਲ ਬਾਵਾ ਇਕ ਅਜਿਹਾ ਨੌਜਵਾਨ ਹੈ ਜੋ ਆਪਣੇ ਸਾਥੀਆਂ ਸਮੇਤ ਇਨ੍ਹਾਂ ਨੌਜਵਾਨਾਂ ਨੂੰ ਇਸ ਦਲਦਲ ਵਿੱਚੋਂ ਬਾਹਰ ਕੱਢਣ ਦੇ ਨਾਲ-ਨਾਲ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਦੀ ਮੁਹਿੰਮ ਚਲਾ ਕੇ ਸਮਾਜ ਦਾ ਭਲਾ ਕਰਨ ਦਾ ਯਤਨ ਕਰ ਰਿਹਾ ਹੈ। ਪਿਤਾ ਓਮ ਪ੍ਰਕਾਸ਼ ਬਾਵਾ ਅਤੇ ਮਾਤਾ ਮਹਿੰਦਰ ਕੌਰ ਦੇ ਗ੍ਰਹਿ ਵਿਖੇ ਜਨਮੇ ਅਨਮੋਲ ਨੇ ਦੱਸਿਆ ਕਿ ਪਰਿਵਾਰ ਵੱਲੋਂ ਵਿਸ਼ੇਸ਼ਕਰ ਆਪਣੇ ਵੀਰ ਰਾਹੁਲ ਬਾਵਾ ਅਤੇ ਭੈਣ ਰੁਪਾਲੀ ਦੇ ਹੌਸਲੇ ਕਾਰਨ ਉਸ ਨੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਸਮਾਜ ਸੇਵੀ ਕੰਮਾਂ ਸਬੰਧੀ ਗੱਲ ਕਰਦਿਆਂ ਅਨਮੋਲ ਨੇ ਕਿਹਾ ਕਿ ਇਸ ਦੀ ਸ਼ੁਰੂਆਤ ਸ਼ੇਰ-ਏ-ਬੁਲੰਦ ਯੂਥ ਕਲੱਬ ਦੇ ਪ੍ਰਧਾਨ ਜਗਮੀਤ ਸਿੰਘ ਨੋਨੀ ਦੇ ਯਤਨਾਂ ਸਦਕਾ ਕਲੱਬ ਨਾਲ ਬਕਾਇਦਾ ਜੁੜਨ ਉਪਰੰਤ ਹੋਈ। ਇੰਨ੍ਹਾਂ ਸਮਾਜ ਸੇਵੀ ਕੰਮਾਂ ਵਿਚ ਲੜਕੀਆਂ ਦੇ ਵਿਆਹ ਕਰਵਾਉਣੇ, ਖ਼ੂਨਦਾਨ ਕੈਂਪ ਲਗਾਉਣੇ, ਲੋੜਵੰਦ ਵਿਦਿਆਰਥੀਆਂ ਨੂੰ ਕਾਪੀਆਂ ਕਿਤਾਬਾਂ ਅਤੇ ਫ਼ੀਸਾਂ ਭਰਨਾ ਸ਼ਾਮਲ ਹਨ। ਅਨਮੋਲ ਬਾਵਾ ਨੇ ਇਹ ਵੀ ਦੱਸਿਆ ਕਿ ਸਮੇਂ-ਸਮੇਂ ਤੇ ਕਈ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ ਜਿੰਨ੍ਹਾਂ ਵਿਚ ਕੀਰਤਨ ਦਰਬਾਰ ਅਤੇ ਭਾਗਵਤ ਕਥਾ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ। ਅਨਮੋਲ ਬਾਵਾ ਨੇ ਸਮਾਜ ਸੇਵੀ ਕੰਮਾਂ ਲਈ ਕਲੱਬ ਨੂੰ ਇਕ ਢੁੱਕਵਾਂ ਪਲੇਟਫਾਰਮ ਦੱਸਦੇ ਹੋਏ ਕਿਹਾ ਕਿ ਨੌਜਵਾਨਾਂ ਨੂੰ ਇਸ ਕਲੱਬ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ। ਸਹਿਯੋਗ ਦੇਣ ਅਤੇ ਉਤਸ਼ਾਹ ਵਧਾਉਣ ਲਈ ਅਨਮੋਲ ਬਾਵਾ ਨੇ ਸਾਰੇ ਦੋਸਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। •

98724-96720

# ਸੱਭਿਆਚਾਰ ਦਾ ਸਿਰਨਾਵਾਂ

ਲੋਕ ਕਾਵਿ ਆਪਣੇ ਆਪ ਵਿਚ ਕਿਸੇ ਵੀ ਸਮੂਹ ਦੇ ਸਮੁੱਚੇ ਸੱਭਿਆਚਾਰ ਨੂੰ ਸਮੋਈ ਬੈਠਾ ਹੁੰਦਾ ਹੈ। ਬੋਆਜ਼ ਕਹਿੰਦਾ ਹੈ ਕਿ ਤੁਸੀਂ ਮੈਨੂੰ ਕਿਸੇ ਇਕ ਜਾਤੀ ਦੇ ਲੋਕਗੀਤ ਦੇ ਦਿਉ ਮੈਂ ਤੁਹਾਨੂੰ ਉਸ ਜਾਤੀ ਦਾ ਸਮੁੱਚਾ ਸੱਭਿਆਚਾਰ ਉਸਾਰ ਦੇਵਾਂਗਾ। ਬੋਆਜ਼ ਦੇ ਕਥਨ ਦਾ ਅਰਥ ਵੀ ਇਹੋ ਹੈ ਕਿ ਲੋਕ ਕਾਵਿ ਵਿਚ ਸੱਭਿਆਚਾਰ ਸਮੁੱਚਤਾ ਵਿਚ ਪ੍ਰਗਟ ਹੁੰਦਾ ਹੈ। ਲੋਕ ਕਾਵਿ ਵਿਚ ਲੋਕਾਂ ਦੇ ਖਾਣ-ਪੀਣ, ਪਹਿਨਣ, ਸਦਾਚਾਰ, ਹਾਰ ਸ਼ਿੰਗਾਰ, ਰਾਜਨੀਤੀ, ਦਰਸ਼ਨ ਭਾਵ ਕਿ ਹਰ ਉਹ ਮਾਨਸਿਕ ਸਿਰਜਣਾ ਸ਼ਾਮਿਲ ਹੋ ਜਾਂਦੀ ਹੈ ਜੋ ਸੱਭਿਆਚਾਰ ਦਾ ਅੰਗ ਹੈ। ਲੋਕ ਕਾਵਿ ਵਿਚ ਪੇਸ਼ਕਾਰੀ ਦਾ ਇਕ ਮਹੱਤਵਪੂਰਣ ਪੱਖ ਇਹ ਹੈ ਕਿ ਸੱਭਿਆਚਾਰ ਇਸ ਲੋਕ ਕਾਵਿ ਵਿਚ ਸੁਹਜ ਜਾਂ ਸੁੰਦਰਤਾ ਦੀ ਉਚੇਰੀ ਪੱਧਰ ਤੇ ਜਾ ਪਹੁੰਚਦਾ ਹੈ। ਇੱਥੇ ਖਾਣ, ਪੀਣ, ਪਹਿਨਣ ਆਦਿ ਦੀਆਂ ਵਸਤਾਂ, ਵਸਤਾਂ ਨਾ ਰਹਿ ਕੇ ਸੁਹਜਾਤਮਿਕ ਸਿਰਜਣਾਵਾਂ ਬਣ ਜਾਂਦੀਆਂ ਹਨ ਤੇ ਕਲਪਣਾ ਦੇ ਘੋੜੇ ਤੇ ਸਵਾਰ ਹੋ ਕੇ ਨਵਾਂ ਸੁਹਜ ਗ੍ਰਹਿਣ ਕਰ ਲੈਂਦੀਆਂ ਹਨ। •

**ਹਵਾ, ਮੌਸਮ, ਰੁੱਤਾਂ, ਚਿੜੀਆਂ, ਪਿੱਪਲ, ਬੋਹੜ, ਟੋਭੇ, ਬਾਬੇ ਸਾਰਾ ਕੁਝ ਤਾਂ ਹਿਜਰਤ ਕਰ ਗਿਆ ਹੈ। ਬਾਕੀ ਜੋ ਬਚੇ ਨੇ ਜਹਾਜ਼ ਦੀ ਟਿਕਟ ਲਈ ਪੈਸੇ ਜੋੜ ਰਹੇ ਨੇ...**



# ਪਿੰਡ ਦੀ ਹਿਜਰਤ

ਮੈਂ ਤੇ ਡਾ. ਸਤਵੰਤ ਸਵੇਰੇ ਸੈਰ ਕਰ ਰਹੇ ਸਾਂ। ਸਵਖਤੇ ਹੀ ਸਕੂਲੀ ਬੱਸਾਂ ਦੇ ਹਾਰਨ ਸੈਰ 'ਚ ਖ਼ਲਲ ਪਾ ਰਹੇ ਸਨ। ਸਤਵੰਤ ਕਹਿੰਦਾ, 'ਡਾਕਟਰ ਯਾਰ ਆਰਟੀਕਲ ਲਿਖਣਾ ਚਾਹੀਦੈ ਕਿ ਇਕ ਪਾਸੇ ਪਿੰਡਾਂ ਦੀ ਆਬੋ-ਹਵਾ 'ਚ ਬਾਣੀ ਗੂੰਜ ਰਹੀ ਹੁੰਦੀ ਆ ਤੇ ਦੂਜੇ ਪਾਸੇ ਬੱਸਾਂ ਦਾ ਸ਼ੋਰ।

ਮੈਂ ਕਿਹਾ ਡਾਕਟਰ, 'ਜਦੋਂ ਜੂਲੀਆ ਕ੍ਰਿਸਤੇਵਾ ਵਰਗੀਆਂ ਬੀਬੀਆਂ ਕਹਿੰਦੀਆਂ ਕਿ ਸਿੱਖਿਆ ਪ੍ਰਬੰਧ ਸਟੇਟ ਦਾ ਸਭ ਤੋਂ ਵੱਡਾ ਸਾਧਨ ਆ ਜਿਹੜਾ ਬੰਦੇ ਨੂੰ ਘੜਦਾ ਤਰਾਸਦਾ ਰਹਿੰਦਾ ਤੇ ਆਪਣੇ ਮੇਚ ਦਾ ਕਰ ਲੈਂਦਾ। ਆਪਾਂ ਤਾਂ ਸ਼ਾਇਦ ਭੋਰਾ ਕੁ ਬਚ ਗਏ ਪਰ ਆਪਣੇ ਬਾਲਾਂ ਦਾ ਕੀ ਬਣੇਗਾ? ਸਵੱਖਤੇ ਈ ਉਮਰ ਦੇ ਸਰਘੀ ਵੇਲੇ ਇਨਾਂ ਨੂੰ ਸਟੇਟ ਦੀਆਂ ਟਕਸਾਲਾਂ 'ਤੇ ਜਾ ਘੜਿਆ ਜਾਣ ਲੱਗਾ ਹੈ।' ਸਤਵੰਤ ਨੇ ਲੰਮਾ ਸਾਹ ਭਰਿਆ। ਕੁਝ ਦੇਰ ਅਸੀਂ ਚੁੱਪ-ਚਾਪ ਤੁਰਦੇ ਰਹੇ। ਮੈਂ ਬਸ ਇੰਨਾ ਹੀ ਕਿਹਾ ਕਿ ਆਰਟੀਕਲ ਲਿਖਦਾਂ ਅੱਜ ਤੇ ਨਾਂ ਰੱਖਾਂਗਾ, 'ਪਿੰਡ ਮਰ ਜਾਂਦਾ ਹੈ ਤੇ ਫਿਰ ਮਰ ਜਾਂਦਾ ਹੈ।'ਸਾਡੇ ਜ਼ਿਹਨ 'ਚ ਪਿੰਡ ਦਾ ਕਿੰਨਾ ਕੁਝ ਘੁੰਮਣ ਲੱਗਾ ਕਿ ਪਿੰਡ ਸਵੱਖਤੇ ਹੀ ਹਿਜ਼ਰਤ ਕਰ ਜਾਂਦਾ ਹੈ। ਬੱਸਾਂ ਬਚਪਨ ਹਿਜਰਤ ਕਰ ਜਾਂਦਾ ਹੈ। ਪਿੰਡਾਂ 'ਚੋਂ ਦੁੱਧ ਹਿਜ਼ਰਤ ਕਰ ਜਾਂਦਾ ਹੈ ਤੇ ਪੁੱਤ ਵੀ। ਪਹੁ-ਫੁਟਦਿਆਂ ਹੀ ਹਿਜਰਤ ਕਰ ਜਾਂਦੀ ਹੈ ਕਿਰਤੀਆਂ ਰਾਹੀਂ ਕਿਰਤ। ਚੜ੍ਹਦੀ ਉਮਰਾਂ ਦੇ ਮੁੰਡਿਆਂ ਕੁੜੀਆਂ ਪਿੰਡ ਦੀਆਂ ਪਹਿਲੀਆਂ ਬੱਸਾਂ 'ਤੇ ਜਦ ਅੰਗਰੇਜ਼ੀ ਸਿਖ ਜਾਂਦੇ ਨੇ ਆਈਲੈਟਸ ਦੇ ਸੈਂਟਰਾਂ ਵੱਲ ਤਾਂ ਮਾਂ-ਬੋਲੀ ਤੇ ਸੁਪਨੇ ਕਰ ਜਾਂਦੇ ਨੇ ਹਿਜਰਤ। ਪਿੰਡ ਦੇ ਅਧਿਆਪਕਾਂ ਦਾ ਧਰਨੇ ਲਈ ਦਿੱਤਾ ਸੱਦਾ ਹਿਜਰਤ ਕਰਾ ਦਿੰਦਾ ਏ ਪਿੰਡ ਦੇ ਭਵਿੱਖ ਨੂੰ।

ਸਵੇਰੇ-ਸਵੇਰੇ ਸਮਾਰਟ ਫੋਨਾਂ 'ਚ ਮੁਫ਼ਤ ਮਿਲਦਾ ਡਾਟਾ ਅੰਮ੍ਰਿਤ ਵੇਲੇ ਦੀਆਂ ਸਾਰੀਆਂ ਨਿਆਮਤਾਂ ਦੀ ਹਿਜਰਤ ਦਾ ਸਬੱਬ ਬਣ ਗਿਆ ਏ। ਸਾਲਾਂ ਬਾਅਦ ਵੋਟਾਂ ਰਾਹੀਂ ਹਿਜਰਤ ਹੋ ਜਾਂਦੀ ਸਾਰੇ ਅਧਿਕਾਰਾਂ ਦੀ ਗੋਲ-ਗੁੰਬਦਾਂ ਵਾਲੇ ਸ਼ਹਿਰ ਨੂੰ। ਪਾਣੀ ਹਿਜਰਤ ਕਰ ਗਿਆ ਏ। ਹਵਾ, ਮੌਸਮ, ਰੁੱਤਾਂ, ਚਿੜੀਆਂ, ਪਿੱਪਲ, ਬੋਹੜ, ਟੋਭੇ, ਬਾਬੇ ਸਾਰਾ ਕੁਝ ਤਾਂ ਹਿਜਰਤ ਕਰ ਗਿਆ ਏ। ਬਾਕੀ ਜੋ ਬਚੇ ਨੇ ਪਾਸਪੋਰਟ ਦੀ ਉਡੀਕ 'ਚ ਨੇ ਜਾਂ ਜਹਾਜ਼ ਦੀ ਟਿਕਟ ਦੇ ਪੈਸੇ ਜੋੜ ਰਹੇ ਨੇ। ਪਿੰਡ ਤਾਂ ਕਦੋਂ ਦਾ ਹਿਜਰਤ ਕਰ ਗਿਆ ਏ। ਮੇਰਾ ਪਿੰਡ ਤਾਂ ਕਦੋਂ ਦਾ ਮਰ ਗਿਆ ਏ।

• ਪਰਮਜੀਤ ਸਿੰਘ ਕੱਟੂ

---

ਬਹਾਦਰ ਸਿੰਘ ਗੋਸਲ

# ਬੜੀ ਚੇਤੇ ਆਉਂਦੀ ਹੈ ਬੇਬੇ ਦੀ ਚੱਕੀ



ਇਹ ਸੱਚ ਹੈ ਕਿ ਪ੍ਰਮਾਤਮਾ ਨੇ ਹੀ ਇਨਸਾਨ ਦੀ ਜ਼ਿੰਦਗੀ ਨੂੰ ਮੁੱਖ ਤੌਰ 'ਤੇ ਤਿੰਨ ਅਵਸਥਾਵਾਂ ਵਿਚ ਵੰਡਿਆ ਹੋਇਆ ਹੈ ਜਿਵੇਂ ਬਚਪਨ, ਜੁਆਨੀ ਅਤੇ ਬੁਢਾਪਾ। ਮਨੁੱਖ ਲਈ ਇਨ੍ਹਾਂ ਤਿੰਨਾਂ ਅਵਸਥਾਵਾਂ ਵਿਚ ਤਜਰਬਾ ਵੀ ਵੱਖ-ਵੱਖ ਅਤੇ ਹਾਲਾਤ ਅਨੁਸਾਰ ਹੀ ਹੁੰਦਾ ਹੈ। ਕਦੇ ਉਸ ਨੂੰ ਦੁੱਖ-ਸੁੱਖ, ਜ਼ਿੰਦਗੀ ਦੇ ਉਤਰਾਅ-ਚੜ੍ਹਾਅ, ਚੰਗੇ-ਮਾੜੇ ਸਮੇਂ ਅਤੇ ਖ਼ੁਸ਼ੀਆਂ-ਗ਼ਮੀਆਂ ਨਾਲ ਨਜਿੱਠਣਾ ਪੈਂਦਾ ਹੈ ਪਰ ਇਹ ਗੱਲ ਪੱਕੀ ਹੈ ਕਿ ਜਦੋਂ ਵੀ ਉਸ ਦੇ ਜੀਵਨ ਵਿਚ ਕੋਈ ਅਹਿਮ ਘਟਨਾ ਵਾਪਰਦੀ ਹੈ ਤਾਂ ਉਹ ਪੂਰੀ ਜ਼ਿੰਦਗੀ ਲਈ ਅਹਿਮ ਬਣਾ ਕੇ ਰਹਿ ਜਾਂਦੀ ਹੈ।

### ਮਾਂ ਦਾ ਪਿਆਰ

ਆਪਣੇ ਜੀਵਨ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਝੱਲਦੀ ਹੋਈ ਮਾਂ ਜਦੋਂ ਆਪਣੇ ਬੱਚੇ ਨੂੰ ਗੋਦ ਵਿਚ ਲੈਂਦੀ ਹੈ ਤਾਂ ਉਸ ਨੂੰ ਕਈ ਸਵਰਗਾਂ ਦੇ ਰਹਿਣ ਜਿਹਾ ਅਨੰਦ ਮਿਲਦਾ ਹੈ। ਮਾਂ ਅਤੇ ਬੱਚੇ ਦਾ ਪਿਆਰ ਪ੍ਰਭੂ ਦਾ ਕੋਈ ਅਲੌਕਿਕ ਵਰਤਾਰਾ ਹੈ। ਇਹੀ ਕਾਰਣ ਹੈ ਕਿ ਬਚਪਨ ਵਿਚ ਮਾਂ ਦੀ ਗੋਦ ਵਿਚ ਬੈਠ ਕੀਤੀਆਂ ਅਨਖੇਲੀਆਂ ਅਤੇ ਮਾਂ ਵੱਲੋਂ ਮਿਲਿਆ ਪਿਆਰ ਮਨੁੱਖ ਕਿਸੇ ਵੀ ਕੀਮਤ 'ਤੇ ਸਾਰੀ ਉਮਰ ਨਹੀਂ ਭੁੱਲ ਸਕਦਾ। ਮੇਰੇ ਜੀਵਨ ਵਿਚ ਵੀ ਕੁਝ ਅਜਿਹਾ ਹੀ ਹੋਇਆ ਜਿਸ ਤਰ੍ਹਾਂ ਆਮ ਬੱਚਿਆਂ ਦੇ ਬਚਪਨ ਵਿਚ ਹੁੰਦਾ ਹੈ। ਮਾਂ ਦੇ ਪਿਆਰ ਸਦਕਾ ਮੇਰਾ ਬਚਪਨ ਬਹੁਤ ਹੀ ਖ਼ੁਸ਼ੀਆਂ ਭਰਿਆ ਰਿਹਾ ਹੈ। ਮਾਂ ਬਿਲਕੁਲ ਅਨਪੜ੍ਹ ਸੀ ਪਰ ਉਸ ਨੇ ਆਪਣੇ ਸਾਰੇ ਬੱਚਿਆਂ ਨੂੰ ਪੜ੍ਹਾਉਣ ਲਈ ਪੂਰੀ ਵਾਹ ਲਗਾਈ। ਉਹ ਮਿਹਨਤ ਦੀ ਮੂਰਤ ਸੀ। ਹਰ ਸਮੇਂ ਕੰਮ ਵਿਚ ਹੀ ਲੱਗੀ ਰਹਿੰਦੀ ਸੀ। ਕਦੇ ਚੌਕਾ-ਚੁੱਲ੍ਹਾ, ਕਦੇ ਪਸ਼ੂਆਂ ਦੀ ਸੰਭਾਲ, ਕਦੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨਾ ਅਤੇ ਘਰ ਦੇ ਹੋਰ ਕੰਮ ਉਸ ਲਈ ਕਦੇ ਮੁੱਕਦੇ ਹੀ ਕੇ, ਰਾਤ ਨੂੰ ਦੇਰ ਤਕ ਔਰਤਾਂ ਘੱਟ ਹੀ ਅਰਾਮ ਕਰਦੀਆਂ ਸਨ।

### ਸਮੇਂ ਦਾ ਚੱਕਰ

ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਅਜੇ ਪਿੰਡਾਂ ਵਿਚ ਕਣਕ ਪੀਸਣ ਲਈ ਮਸ਼ੀਨੀ ਚੱਕੀਆਂ ਨਹੀ ਸਨ ਆਈਆਂ। ਘਰਾਂ ਵਿਚ ਆਟਾ ਪੀਸਣ ਲਈ ਔਰਤਾਂ ਨੂੰ ਹੱਥ ਚੱਕੀਆਂ 'ਤੇ ਹੀ ਆਟਾ ਪੀਸਣਾ ਪੈਂਦਾ ਸੀ ਅਤੇ ਹਰ ਔਰਤ ਲਈ ਇਹ ਹੀ ਸਭ ਤੋਂ ਵੱਡਾ ਕੰਮ ਹੁੰਦਾ ਸੀ। ਸਾਡਾ ਪਰਿਵਾਰ ਵੱਡਾ ਪਰਿਵਾਰ ਸੀ ਇਸ ਲਈ ਮਾਂ ਨੂੰ ਕਾਫ਼ੀ ਸਮਾਂ ਹੱਥ ਚੱਕੀ 'ਤੇ ਹੀ ਗੁਜ਼ਾਰਨਾ ਪੈਂਦਾ ਸੀ ਪਰ ਉਹ ਕੰਮ ਕਰਦੀ ਕਦੇ ਨਾ ਥੱਕਦੀ, ਕਦੇ ਨਾ ਅੱਕਦੀ, ਹਾਂ ਪਰ



ਪਰ ਉਹ ਸਦਾ ਕਿਸੇ ਨਾ ਕਿਸੇ ਕੰਮ ਵਿਚ ਲੱਗੀ ਹੁੰਦੀ। ਜਦੋਂ ਕਦੇ ਉਹ ਹੱਥ ਚੱਕੀ ਤੇ ਆਟਾ

### ਪਿਆਰ ਦੀ ਸੁਗਾਤ

ਬਚਪਨ ਦਾ ਸਮਾਂ ਤਾਂ ਅਜਿਹਾ ਹੁੰਦਾ ਹੈ ਕਿ ਉਸ ਸਮੇਂ ਬੱਚੇ ਨੂੰ ਅਨੰਦ ਤੋਂ ਬਿਨਾਂ ਕੁਝ ਨਜ਼ਰ ਹੀ ਨਹੀਂ ਆਉਂਦਾ, ਨਾ ਕੰਮ ਕਾਜ ਦਾ ਬੋਝ, ਨਾ ਕਮਾਉਣ ਦੀ ਚਿੰਤਾ, ਬਸ ਉੱਪਰੋਂ ਮਾਪਿਆਂ ਕੋਲੋਂ ਪਿਆਰ ਦੀ ਸੁਗਾਤ, ਉਸ ਨੂੰ ਇਸ ਤਰ੍ਹਾਂ ਦੀ ਸੋਚ ਦਾ ਮਾਲਕ ਬਣਾ ਦਿੰਦੀਆਂ ਹਨ ਕਿ ਉਹ ਹਰ ਸਮੇਂ ਇਹੀ ਸੋਚਦਾ ਹੈ ਕਿ ਜ਼ਿੰਦਗੀ ਦਾ ਮਤਲਬ ਸੁਨਹਿਰੀ ਸੁੱਖ ਭੋਗਣਾ ਹੈ। ਬੱਚੇ ਦੇ ਜੀਵਨ ਵਿਚ ਅਜਿਹਾ ਹੋਣਾ ਸੁਭਾਵਕ ਹੈ। ਸਭ ਤੋਂ ਵੱਧ ਉਸ ਦੇ ਜੀਵਨ ਵਿਚ ਮਿਠਾਸ ਘੋਲਦਾ ਹੈ, ਮਾਂ ਦਾ ਪਿਆਰ! ਸੰਸਾਰ ਵਿਚ ਇੰਝ ਲੱਗਦਾ ਹੈ ਕਿ ਮਾਵਾਂ ਹੁੰਦੀਆਂ ਹੀ ਹਨ ਬੱਚਿਆਂ ਨੂੰ ਪਿਆਰ ਬਖ਼ਸ਼ਿਸ਼ ਕਰਨ ਲਈ। ਇਕ ਮਾਂ ਲਈ ਉਸ ਦੇ ਬੱਚੇ ਇੰਨੇ ਪਿਆਰੇ ਹੁੰਦੇ ਹਨ ਕਿ ਉਹ ਉਨ੍ਹਾਂ ਦੀ ਦੇਖ ਭਾਲ, ਪਿਆਰ ਜਿਤਾਉਣ ਅਤੇ ਉਨ੍ਹਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ।

ਗੋਦ ਵਿਚ ਪਾ, ਚੱਕੀ ਚਲਾਉਂਦੀ ਰਹਿੰਦੀ। ਮੈਂ ਤਾਂ ਪਤਾ ਨਹੀਂ

ਪਾਸੇ ਮਾਂ ਦਾ ਪਿਆਰ ਅਤੇ ਦੂਜੇ ਪਾਸੇ ਚੱਕੀ ਦੇ ਚੱਲਣ ਦੀ ਆਵਾਜ਼ ਦੁਨੀਆ ਦੇ ਕਿਸੇ ਵੀ ਸੁੱਖ ਤੋਂ ਉੱਪਰ ਹੁੰਦੀ। ਮੇਰੀਆਂ ਅੱਖਾਂ ਮਾਂ ਦੇ ਉਸ ਪਿਆਰ ਨੂੰ ਯਾਦ ਕਰਦੀਆਂ ਨਮ ਹੋ ਜਾਂਦੀਆਂ ਹਨ। ਅੱਖਾਂ ਬੰਦ ਕਰ ਜਦ ਕਦੇ ਮਾਂ ਨੂੰ ਯਾਦ ਕਰਦਾ ਹਾਂ ਤਾਂ ਬੇਬੇ ਦੀ ਉਹ ਹੱਥ ਚੱਕੀ ਚਲਦੀ ਮਹਿਸੂਸ ਹੁੰਦੀ ਹੈ।

ਫਿਰ ਸਮੇਂ ਨੇ ਚੱਕਰ ਖਾਧਾ ਅਤੇ ਪਿੰਡਾਂ ਵਿਚ ਮਸ਼ੀਨੀ ਚੱਕੀਆਂ ਆ ਲੱਗੀਆਂ। ਔਰਤਾਂ ਦਾ ਹੱਥ ਚੱਕੀਆਂ ਤੋਂ ਛੁਟਕਾਰਾ ਹੋ ਗਿਆ। ਬੇਬੇ ਨੇ ਵੀ ਉਹ ਹੱਥ ਚੱਕੀ ਪਾਸੇ ਕਰ ਕੇ ਰੱਖ ਦਿੱਤੀ। ਪਿੰਡ ਵਿਚ ਸਭ ਲੋਕਾਂ ਲਈ ਚੱਕੀਆਂ ਲੱਗਣ ਦੀ ਅਥਾਹ ਖ਼ੁਸ਼ੀ ਸੀ ਤਾਂ ਹੀ ਸਾਡੇ ਪਿੰਡ ਦਾ ਅਨਪੜ੍ਹ ਚਾਨਣ ਕਵੀਸ਼ਰ ਗਾ ਕੇ ਲੋਕਾਂ ਨੂੰ ਦੱਸਿਆ ਕਰਦਾ ਸੀ :

ਪਿੰਡ ਦੀਆਂ ਗਲੀਆਂ ਹੋ ਗਈਆਂ ਪੱਕੀਆਂ
ਫਿਰਨੀ 'ਤੇ ਲੱਗੀਆਂ ਨੇ ਦੋ ਚੱਕੀਆਂ।
ਬੋਰੀ ਰੱਖ, ਪਹਿਲਾਂ ਨੰਬਰ ਲੁਆਈਦਾ
ਵਾਰੀ ਸਿਰ ਭਾਈ ਆਟਾ ਏ ਪਿਸਾਈ ਦਾ।

### ਮਿਹਨਤ ਦੀ ਆਦਤ

ਸੱਚ ਵਿਚ ਹੀ ਪਿੰਡ ਦੀਆਂ ਔਰਤਾਂ ਨੂੰ ਬੇਬੇ ਸਮੇਤ ਚੱਕੀਆਂ ਤੋਂ ਛੁਟਕਾਰਾ ਮਿਲ ਗਿਆ। ਮੈਂ ਵੀ ਵੱਡਾ ਹੋ ਕੇ ਦਸਵੀਂ ਪਾਸ ਕਰ ਕੇ ਖੰਨਾ ਵਿਖੇ ਬੀਐੱਸਸੀ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਕਾਲਜ ਕਾਲਜ ਦੇ ਮੁੰਡੇ ਗਾਉਂਦੇ ਫਿਰਨ :

ਚੱਕੀ ਛੁੱਟ ਗਈ, ਚੁੱਲ੍ਹੇ ਨੇ ਛੁੱਟ ਜਾਣਾ,
ਔਰਤਾਂ ਦਾ ਰਾਜ ਆ ਗਿਆ।

ਜ਼ਮਾਨਾ ਤੇਜ਼ੀ ਨਾਲ ਬਦਲਿਆ ਅਤੇ ਬਹੁਤ ਛੇਤੀ ਹੀ ਘਰਾਂ ਵਿਚ ਗੈਸ ਚੁੱਲ੍ਹੇ ਆ ਗਏ ਅਤੇ ਔਰਤਾਂ ਦਾ ਕੰਮ ਹੋਰ ਵੀ ਸੌਖਾ ਹੋ ਗਿਆ। ਫਿਰ ਜਦੋਂ ਮੈਂ ਚੰਡੀਗੜ੍ਹ ਵਿਖੇ ਸਰਕਾਰੀ ਨੌਕਰੀ ਕਰਨ ਲੱਗਿਆ ਤਾਂ ਮੇਰੀ ਬੇਬੇ ਸਾਡੇ ਪਾਸ ਚੰਡੀਗੜ੍ਹ ਆ ਗਏ ਪਰ ਉਨ੍ਹਾਂ ਨੇ ਆਪਣੀ ਮਿਹਨਤ ਦੀ ਆਦਤ ਨਹੀਂ ਛੱਡੀ। ਸਗੋਂ ਆਪਣੀ ਉਮਰ ਦੇ ਅਖ਼ੀਰਲੇ ਸਾਲਾਂ ਤੱਕ ਪੜ੍ਹਨਾ ਸਿਖਦੀ ਰਹੀ ਅਤੇ ਘਰ ਆਏ ਚਿੱਠੀ ਦੇਣ ਆਏ ਡਾਕੀਏ ਨੂੰ ਕਹਿੰਦੀ, 'ਭਾਈ, ਮੈਂ ਹੁਣ ਦਸਤਖ਼ਤ ਕਰੂੰਗੀ' ਅਤੇ ਉਹ ਬੜੀ ਚੰਗੀ

# ਹਰਿਆਣਾ ਦੇ ਮੁੱਖ ਸਕੱਤਰ ਨੇ ਕੀਤੀ ਨਸ਼ਾ ਵਿਰੋਧੀ ਮੁਹਿੰਮਾਂ ਦੀ ਪ੍ਰਗਤੀ ਦੀ ਸਮੀਖਿਆ

## ਨਸ਼ੀਲੀਆਂ ਦਵਾਈਆਂ ਦੀ ਗਲਤ ਵਰਤੋਂ ਦੇ ਬਾਰੇ ਵਿਚ ਜਾਗਰੁਕਤਾ ਪੈਦਾ ਕਰਨ ਲਈ ਸੂਬੇ ਵਿਚ ਸ਼ੁਰੂ ਹੋਵੇਗਾ ਪੰਦਰਵਾੜਾ ਮੁਹਿੰਮ

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੇ ਅੱਜ ਇੱਥੇ 9ਵੀਂ ਨਾਰਕੋ ਤਾਲਮੇਲ (ਐਮਸੀਓਆਰਡੀ) ਦੀ ਰਾਜ ਪੱਧਰੀ ਕਮੇਟੀ ਦੀ ਮੀਟਿੰਗ ਦੀ ਅਗਵਾਈ ਕੀਤੀ। ਕਾਨੂੰਨ ਬਦਲਾਅ, ਸਿਹਤ, ਸਿਖਿਆ ਅਤੇ ਸਮਾਜ ਭਲਾਈ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਹੋਈ ਇਸ ਮੀਟਿੰਗ ਵਿਚ ਸੂਬੇ ਵਿਚ ਨਸ਼ੀਲੀ ਦਵਾਈਆਂ ਦੇ ਗਲਤ ਵਰਤੋ ਅਤੇ ਤਸਕਰਾਂ ਦੇ ਖਤਰੇ ਨਾਲ ਨਜਿਠਣ ਲਈ ਚਲਾਈ ਜਾ ਰਹੀ ਮੁਹਿੰਮਾਂ ਦੀ ਸਮੀਖਿਆ ਕਰਨ ਦੇ ਨਾਲ-ਨਾਲ ਭਾਵੀ ਰਣਨੀਤੀਆਂ ਦੀ ਰੂਪਰੇਖਾ ਵੀ ਤਿਆਰ ਕੀਤੀ ਗਈ। ਮੀਟਿੰਗ ਵਿਚ ਏਨਫੋਰਸਮੈਂਟ, ਮੁੜ ਵਸੇਬਾ ਅਤੇ ਜਾਗਰੁਕਤਾ ਯਤਨਾਂ ਦੇ ਸੁਮੇਲ ਨਾਲ ਨਸ਼ੀਲੀ ਦਵਾਈਆਂ ਨਾਲ ਜੁੜੇ ਮੁਦਿਆਂ ਨਾਲ ਨਜਿਠਣ ਲਈ ਹਰਿਆਣਾ ਦੇ ਸਮੂਚੇ ਦ੍ਰਿਸ਼ਟੀਕੋਣ 'ਤੇ ਜੋਰ ਦਿੱਤਾ ਗਿਆ।

ਮੁੱਖ ਸਕੱਤਰ ਨੇ ਸੂਬੇ ਨੂੰ ਨਸ਼ਾ ਮੁਕਤ ਬਨਾਉਣ ਦੀ ਦਿਸ਼ਾ ਵਿਚ ਹੋਈ ਪ੍ਰਗਤੀ ਦੀ ਸ਼ਲਾਘਾ ਕਰਦੇ ਹੋਏ ਨਸ਼ੀਲੀ ਦਵਾਈਆਂ ਦੀ ਤਸਕਰੀ ਦੀ ਚਨੌਤੀਆਂ ਨਾਲ ਨਜਿਠਣ ਲਈ ਵਿਜੀਲੈਂਸ, ਅੰਤਰ-ਵਿਭਾਗ ਦਾ ਤਾਲਮੇਲ ਅਤੇ ਤਕਨਾਲੋਜੀ ਦੀ ਵਰਤੋ ਦੀ ਜਰੂਰਤ 'ਤੇ ਜੋਰ ਦਿੱਤਾ।

ਡਾ. ਜੋਸ਼ੀ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੇ ਨਸ਼ਾ ਮੁਕਤ ਹਰਿਆਣਾ ਦੇ ਦ੍ਰਿਸ਼ਟੀਕੋਣ ਦੇ ਅਨੁਰੂਪ ਇਕ ਪਖਵਾੜੇ ਤਕ ਚੱਲਣ ਵਾਲੇ ਮੁਹਿੰਮ ਦੀ ਸ਼ੁਰੂਆਤ ਦੀ ਅਪੀਲ ਕੀਤੀ। ਉਨ੍ਹਾਂ ਨੇ ਨਾ ਸਿਰਫ ਸਕੂਲ ਅਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਸਗੋਂ ਵਿਦਿਅਕ ਸੰਸਥਾਨਾਂ ਦੇ ਬਾਹਰ ਵੀ ਨੌਜੁਆਨਾਂ ਨੂੰ ਨਸ਼ੀਲੀ ਪਦਾਰਥਾਂ ਦੇ ਸੇਵਨ ਦੇ ਖਤਰਿਆਂ ਦੇ ਬਾਰੇ ਵਿਚ ਜਾਗਰੁਕ ਕਰਨ ਲਈ ਪ੍ਰਦਰਸ਼ਨੀਆਂ ਅਤੇ ਜਾਗਰੁਕਤਾ ਪ੍ਰੋਗ੍ਰਾਮ ਪ੍ਰਬੰਧਿਤ ਕਰਨਦਾ ਸੁਝਾਅ ਦਿੱਤਾ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਇੰਨ੍ਹਾਂ ਪਹਿਲਾਂ ਨੂੰ ਫੇਸਬੁੱਕ, ਯੂਟਿਊਬ ਅਤੇ ਐਕਸ (ਪਹਿਲਾਂ ਤੋਂ ਟਵੀਟਰ) ਵਰਗੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਤੇਜੀਨਾਲ ਪ੍ਰਚਾਰਿਤ ਕੀਤਾ ਜਾਣਾ ਚਾਹੀਦਾ ਤਾਂ ਜੋ ਵੱਧ ਤੋਂ ਵੱਧ ਲੋਕਾਂ ਤਕ ਇਨ੍ਹਾਂ ਦੀ ਪਹੁੰਚ ਅਤੇ ਜੁੜਾਵ ਹੋ ਸਕੇ। ਵੀਡੀਓ ਕਾਨਫ੍ਰੈਂਸਿੰਗ ਰਾਹੀਂ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਸੁਪਰਡੈਂਟਾਂ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਵਿਚ ਮੁੱਖ ਸਕੱਤਰ ਨੇ ਸਥਾਨਕ ਐਸਡੀਐਮ ਵੱਲੋਂ ਨਸ਼ਾ ਮੁਕਤੀ ਕੇਂਦਰਾਂ ਦੇ ਨਿਯਮਤ ਨਿਰੀਖਣ ਦੀ ਜਰੂਰਤ 'ਤੇ ਜੋਰ ਦਿੱਤਾ। ਉਨ੍ਹਾਂ ਨੇ ਮਾਨਕਾਂ ਦਾ ਪਾਲਣ ਯਕੀਨੀ ਕਰਨ ਅਤੇ ਇੰਨ੍ਹਾਂ ਕੇਂਦਰਾਂ ਦੇ ਸੰਚਾਲਨ ਵਿਚ ਜਵਾਬਦੇਹੀ ਵਿਚ ਸੁਧਾਰ ਲਈ, ਅਧਿਕਾਰੀਆਂ ਨੂੰ 10 ਦਿਨਾਂ ਦੇ ਅੰਦਰ ਵਿਸਤਾਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਡਾ. ਜੋਸ਼ੀ ਨੇ ਨਸ਼ਾ ਮੁਕਤ ਪ੍ਰੋਗ੍ਰਾਮਾਂ ਨੂੰ ਸਫਲਤਾਪੂਰਵਕ ਪੂਰਾ ਕਰਨ ਵਾਲੇ ਵਿਅਕਤੀਆਂ ਦੇ ਪੁਨਰਵਾਸ ਦੇ ਮਹਤੱਵ 'ਤੇ ਵੀ ਜੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕੌਸ਼ਲ ਵਿਕਾਸ ਅਤੇ ਰੁ੧ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਇਕ ਸਮਰਪਿਤ ਸੈਲ ਬਣਾਇਆ ਜਾਵੇ ਤਾਂ ਜੋ ਇਹ ਲੋਕ ਫਿਰ ਤੋਂ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋ ਕੇ ਸਕਾਰਾਤਮਕ ਜੀਵਨ ਜੀ ਸਕਣ।

ਹਰਿਆਣਾ ਰਾਜ ਨਸ਼ੀਲੇ ਪਦਾਰਥ ਕੰਟਰੋਲ ਬਿਊਰੋ ਦੇ ਮਹਾਨਿਦੇਸ਼ਕ ਸ੍ਰੀ ਓ ਪੀ ਸਿੰਘ ਨੇ ਐਨਡੀਪੀਐਸ ਐਕਟ ਤਹਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਖਿਲਾਫ ਹਰਿਆਣਾ ਦੀ ਲੜਾਈ ਵਿਚ ਹਾਸਲ ਹੋਈ ਮਹਤੱਵਪੂਰਨ ਪ੍ਰਗਤੀ ਦਾ ਜਿਕਰ ਕਰਦੇ ਹੋਏ ਦਸਿਆ ਕਿ ਸੂਬੇ ਵਿਚ ਜਨਵਰੀ ਤੋਂ ਨਵੰਬਰ, 2024 ਤਕ 3005 ਮਾਮਲੇ ਦਰਜ ਕੀਤੇ ਗਏ ਅਤੇ 4523 ਵਿਅਕਤੀਆਂ ਦੀ ਗਿਰਫਤਾਰੀ ਕੀਤੀ ਗਈ। ਇੰਨ੍ਹਾਂ ਵਿੱਚੋਂ 819 ਲੋਕ ਵਪਾਰਕ ਗਿਣਤੀ ਵਿਚ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ੀ ਸਨ।

ਇਸ ਗਹਿਨ ਕਾਰਵਾਈ ਦੇ ਫਲਸਰੂਪ ਐਨਡੀਪੀਐਸ ਮਾਮਲਿਆਂ ਦੇ ਦੋਸ਼ ਸਾਬਤ ਦਰ ਵਿਚ ਵੀ ਵਰਨਣਯੋਗ ਸੁਧਾਰ ਹੋਇਆ ਅਤੇ ਇਸ ਸਾਲ 428 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ। ਇਹ ਕਾਨੂੰਨੀ ਜਵਾਬਦੇਹੀ ਯਕੀਲੀ ਕਰਨ ਦੀ ਦਿਸ਼ਾ ਵਿਚ ਇਕ ਵੱਡੀ ਉਪਲਬਧੀ ਹੈ। ਇਸ ਤੋਂ ਇਲਾਵਾ, 27 ਕਿਲੋ ਹੀਰੋਇਨ , 265 ਕਿਲੋ ਚਰਸ, 8520 ਕਿਲੋ ਗਾਂਜਾ ਅਤੇ 10 ਲੱਖ ਤੋਂ ਵੱਧ ਫਾਰਮਾਸੂਟੀਕਲ ਡਰੱਗ ਵੀ ਜਬਤ ਕੀਤੀ ਗਈ। ਇਸ ਤੋਂ ਇਲਾਵਾ, ਨਸ਼ੀਲੇ ਪਦਾਰਥ ਦੇ ਤਸਕਰਾਂ ਨਾਲ ਜੁੜਿਆ 52.72 ਕਰੋੜ ਰੁਪਏ ਦੀ ਸੰਪਤੀ ਜਬਤ ਕੀਤੀ ਗਈ, ਜਿਸ ਨਾਲ ਨਸ਼ੀਲੇ ਪਦਾਰਥ ਦੇ ਨੈਟਵਰਕ ਨੂੰ ਜਬਤਦਸਤ ਮਾਲੀ ਝਟਕਾ ਲਗਿਆ ਹੈ।

ਹਰਿਆਣਾ ਉਦੈ ਪਹਿਲ ਤਹਿਤ 2495 ਤੋਂ ਵੱਧ ਨਸ਼ਾ ਵਿਰੋਧੀ ਜਾਗਰੁਕਤਾ ਪ੍ਰੋਗ੍ਰਾਮ ਪ੍ਰਬੰਧਿਤ ਕੀਤੇ ਗਏ, ਜਿਨ੍ਹਾਂ ਵਿਚ 16.43 ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਨਸ਼ੀਲੀ ਦਵਾਈਆਂ ਦੀ ਲੱਤ ਦੇ ਖਤਰਿਆਂ ਦੇ ਪ੍ਰਤੀ ਜਾਗਰੁਕਤਾ ਫੈਲਾਉਣ ਅਤੇ ਇਸ ਵਿਚ ਕੰਮਿਊਨਿਟੀ ਭਾਗੀਦਾਰੀ ਨੂੰ ਪ੍ਰੋਤਸਾਹਨ ਦੇਣ ਲਈ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਲਾਇਟ ਐਂਡ ਸਾਊਂਡ ਸ਼ੌਅ ਰਾਮ ਗੁਰੂਕੁੱਲ ਗਮਨ ਵਰਗੇ ਅਨੋਖੇ ਅਤੇ ਪ੍ਰਭਾਵਸ਼ਾਲੀ ਮੁਹਿੰਮ ਚਲਾਏ ਗਏ। ਜਿਲ੍ਹਾ ਪੁਲਿਸ ਵੱਲੋਂ ਨਸ਼ਾ ਮੁਕਤ ਵਾਰਡਾਂ, ਪੰਚਾਇਤਾਂ ਅਤੇ ਪਿੰਡਾਂ ਨੂੰ ਪ੍ਰੋਤਸਾਹਨ ਦੇਣ ਲਈ ਚੁੱਕੇ ਗਏ ਸਰਗਰਮ ਕਦਮਾਂ ਤੋਂ ਨਸ਼ਾ ਵਿਰੋਧੀ ਯਤਨਾਂ ਵਿਚ ਜਮੀਨੀ ਪੱਧਰ 'ਤੇ ਭਾਗੀਦਾਰੀ ਨੂੰ ਪ੍ਰੋਤਸਾਹਨ ਮਿਲਿਆ ਹੈ।

ਇਸ ਤੋਂ ਇਲਾਵਾ, ਰਾਜ ਦੀ ਪ੍ਰਹਿਰੀ ਪਹਿਲ ਰਾਹੀਂ ਨਸ਼ਾ ਕਰਨ ਵਾਲੇ 7523 ਵਿਅਕਤੀਆਂ ਦੀ ਪਹਿਚਾਣ ਕੀਤੀ ਗਈ ਅਤੇ 572 ਨੂੰ ਹਰਿਆਣਾ ਰਾਜ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਪੇਸ਼ੇਵਰ ਨਸ਼ਾ ਮੁਕਤੀ ਸਹਾਇਤਾ ਲਈ ਨਿਰਦੇਸ਼ਿਤ ਕੀਤਾ ਗਿਆ। ਮਾਨਦੰਡਾਂ ਦਾ ਪਾਲਣ ਯਕੀਨੀ ਕਰਨ ਲਈ ਪੂਰੇ ਰਾਜ ਵਿਚ ਨਸ਼ਾ ਮੁਕਤੀ ਕੇਂਦਰਾਂ ਦਾ ਨਿਯਮਤ ਰੂਪ ਨਾਲ ਨਿਰੀਖਣ ਕੀਤਾ ਜਾ ਰਿਹਾ ਹੈ। ਸੂਬੇ ਵਿਚ 104 ਕੇਂਦਰਾਂ ਵਿੱਚੋਂ 99 ਕੇਂਦਰ ਮਾਨਕਾਂ ਦੇ ਅਨੁਰੂਪ ਕੰਮ ਕਰਦੇ ਪਾਏ ਗਏ, ਜਦੋਂ ਕਿ ਮਾਨਕਾਂ ਦੇ ਅਨੁਰੂਪ ਨਾ ਪਾਏ ਜਾਣ ?ਤੇਇਕ ਕੇਂਦਰ 'ਤੇ ਮਾਮਲਾ ਦਰਜ ਕੀਤਾ ਗਿਆ। ਸੇਵਾ ਵਿਭਾਗ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਕੇਂਦਰਾਂ ਲਈ ਇਕ ਰੇਟਿੰਗ ਪ੍ਰਣਾਲੀ ਵਿਕਸਿਤ ਕੀਤੀ ਗਈ ਹੈ, ਜਿਸ ਦਾ ਉਦੇਸ਼ ਸੇਵਾ ਦੀ ਗੁਣਵੱਤਾ ਦਾ ਮੁਲਾਂਕਨ ਅਤੇ ਸੁਧਾਰ ਕਰਲਾ ਹੈ। ਇਹ ਪ੍ਰਣਾਲੀ ਬੁਨਿਆਦੀ ਢਾਂਚੇ, ਜਨਸ਼ਕਤੀ ਅਤੇ ਸਮੂਚੇ ਸੇਵਾ ਗੁਣਵੱਤਾ ਵਰਗੇ ਮਾਪਦੰਡਾਂ 'ਤੇ ਕੇਂਦਰਾਂ ਦਾ ਮੁਲਾਂਕਨ ਕਰੇਗੀ।

ਮੀਟਿੰਗ ਵਿਚ ਦਸਿਆ ਗਿਆ ਕਿ ਸਾਰੇ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿਚ ਬੱਚਿਆਂ ਦੇ ਲਈ 5 ਬਿਸਤਰੇ ਰਾਖਵੇਂ ਕੀਤੇ ਜਾ ਰਹੇ ਹਨ ਅਤੇ ਹੁਣ ਨਿਜੀ ਕੇਂਦਰਾਂ ਵਿਚ ਵੀ ਅਜਿਹਾ ਹੀ ਕੀਤਾ ਜਾ ਰਿਹਾ ਹੈ।

# ਪਿੰਜੌਰ ਦੇ ਯਾਦਵਿੰਦਰ ਗਾਰਡਨ ਨੂੰ ਵਿਰਾਸਤ ਵਿਆਹ ਸਥਾਨ ਵਜੋ ਕੀਤਾ ਗਿਆ ਪੇਸ਼

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸੈਰਸਪਾਟਾ ਨਿਗਮ ਲਿਮੀਟੇਡ ਵਿਚ ਮਾਲ ਵਧਾਉਣ ਲਈ ਪਿੰਜੌਰ ਦੇ ਯਾਦਵਿੰਦਰ ਗਾਰਡਨ ਨੂੰ ਇਕ ਵਿਸ਼ੇਸ਼ ਵਿਰਾਸਤ ਵਿਆਹ ਸਥਾਨ ਵਜੋ ਪੇਸ਼ ਕੀਤਾ ਹੈ। ਇਸ ਅਭਿਨਵ ਪਹਿਲ ਦਾ ਉਦੇਸ਼ ਇਸ ਇਤਹਾਸਿਕ ਸਥਾਨ ਦੀ ਸੁੰਦਰਤਾ ਅਤੇ ਸਭਿਆਚਾਰਕ ਮਹਤੱਵ ਦੀ ਵਰਤੋ ਕਰਨਾ ਹੈ, ਨਾਲ ਹੀ ਇਸ ਦੇ ਸੰਸਾਧਨਾਂ ਦਾ ਲਗਾਤਾਰ ਅਤੇ ਲਾਭਕਾਰੀ ਵਰਤੋ ਯਕੀਨੀ ਕਰਨਾ ਹੈ।

ਹਰਿਆਣਾ ਸੈਰ-ਸਪਾਟਾ ਨਿਗਮ ਲਿਮੀਟਡੇ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੁਗਲ ਸਮੇਂ ਦੀ ਮਾਨਤਾ ਦੇ ਪ੍ਰਤੀਕ ਯਾਦਵਿੰਦਰ ਗਾਰਡਨ, ਸ਼ਿਵਾਲਿਕ ਦੀ ਤਲਹਟੀ ਵਿਚ ਸਥਿਤ ਹੈ, ਜੋ ਇਤਹਾਸ ਅਤੇ ਕੁਦਰਤੀ ਸੁੰਦਰਤਾ ਦਾ ਵਿਲੱਖਣ ਸੰਗਮ ਪੇਸ਼ ਕਰਦਾ ਹੈ। ਚਾਰ ਮਹੀਨੇ ਦੇ ਪਾਇਲਟ ਪ੍ਰੋਜੈਕਟ ਤਹਿਤ, ਇਹ ਸਥਾਨ ਵਿਆਹ ਸਮਾਰੋਹਾਂ ਲਈ ਖੋਲਿਆ ਜਾਵੇਗਾ, ਜਿਸ ਵਿਚ ਇਸ ਦੇ ਦਿਲਖਿੱਚ ਲੋਨ, ਵਿਰਾਸਤ ਢਾਂਚੇ , ਫੁਹਾਰੇ, ਕਾਫੀ ਪਾਰਕਿੰਗ ਅਤੇ ਮਨੋਰਮ ਦ੍ਰਿਸ਼ ਉਪਲਬਧ ਕਰਾਏ ਜਾਣਗੇ।

ਉਨ੍ਹਾਂ ਨੇ ਦਸਿਆ ਕਿ ਇਸ ਸਥਾਨ 'ਤੇ ਵਿਆਹ ਸਮਾਰੋਹ ਲਈ ਪੂਰੇ ਗਾਰਡਨ ਦਾ 10 ਲੱਖ ਰੁਪਏ ਕਿਰਾਇਆ ਅਤੇ ਲਾਗੂ ਟੈਕਸ ਪ੍ਰਤੀ ਸਮਾਰੋਹ, ਜਦੋਂ ਕਿ ਜਲ ਮਹਿਲ, ਸਟੇਜ ਅਤੇ ਸਭਾ ਸਥਾਨ ਲਈ 6 ਲੱਖ ਰੁਪਏ ਕਿਰਾਇਆ ਅਤੇ ਲਾਗੂ ਟੈਕਸ ਪ੍ਰਤੀ ਸਮਾਰੋਹ ਹੈ। ਇਸ ਤੋਂ ਇਲਾਵਾ, ਰੰਗ ਮਹਿਲ, ਜਲ ਮਹਿਲ ਅਤੇ ਸਟੇਜ ਖੇਤਰ ਲਈ 8 ਲੱਖ ਰੁਪਏ ਕਿਰਾਇਆ ਅਤੇ ਲਾਗੂ ਟੈਕਸ ਪ੍ਰਤੀ ਸਮਾਰੋਹ ਹੈ। ਇਸ ਤੋਂ ਇਲਾਵਾ, ਯਾਦਵਿੰਦਰ ਗਾਰਡਨ ਵਿਚ 20 ਸੁੰਦਰਤਾ ਨਾਲ ਡਿਜਾਇਨ ਕੀਤੇ ਗਏ ਕਮਰੇ ਅਤੇ ਸੂਟਸ ਹਨ, ਜਿਸ ਵਿਚ ਪ੍ਰਸਿੱਦ ਰੰਗ ਮਹਿਲ ਅਤੇ ਸ਼ੀਸ਼ ਮਹਿਲ ਸ਼ਾਮਿਲ ਹਨ। ਇਸ ਦੇ ਲਈ 2,339 ਤੋਂ ਲੈ ਕੇ 6,000 ਰੁਪਏ ਪ੍ਰਤੀ ਨਾਇਟ ਤੱਕ ਹੈ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਸੈਰ-ਸਪਾਟਾ ਨੇ ਪ੍ਰਬੰਧ ਦੌਰਾਨ ਗਾਰਡਨ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਸਖਤ ਦਿਸ਼ਾ-ਰਿਨਦੇਸ਼ ਤਿਆਰ ਕੀਤੇ ਹਨ। ਉਨ੍ਹਾਂ ਨੇ ਦਸਿਆ ਕਿ ਇਸ ਪਹਿਲ ਦੀ ਵਿਵਹਾਰਤਾ ਅਤੇ ਮਾਲ ਸਮਰੱਥਾ ਦਾ ਮੂਲਾਂਕਲ ਪਾਇਲਟ ਸਮੇਂ ਦੌਰਾਨ ਕੀਤਾ ਜਾਵੇਗਾ। ਐਚਟੀਸੀ ਇਸ ਗੱਲ ਲਈ ਪ੍ਰਤੀਬੱਧ ਹੈ ਕਿ ਇਸ ਸਥਾਨ ਦਾ ਸਭਿਆਚਾਰਕ ਅਤੇ ਇਤਹਾਸਿਕ ਸਰੰਖਣ ਰਹੇ, ਨਾਲ ਹੀ ਇਸ ਨੂੰ ਇਕ ਪ੍ਰੀਮੀਅਮ ਵਿਆਹ ਸਥਾਨ ਵਜੋ ਪੇਸ਼ ਕੀਤਾ ਜਾਵੇ। ਇਹ ਕਦਮ ਨਾ ਸਿਰਫ ਮਾਲੀ ਘਾਟੇ ਨੂੰ ਘੱਟ ਕਰਨ ਦੀ ਦਿਸ਼ਾ ਵਿਚ ਹੈ, ਸਗੋਂ ਹਰਿਆਣਾ ਸੈਰ-ਸਪਾਟਾ ਦੀ ਵਿਰਾਸਤ ਸਥਾਨਾਂ ਨੂੰ ਤਰੱਕੀ ਨਾਲ ਪ੍ਰੋਤਸਾਹਨ ਦੇਣ ਦੀ ਪ੍ਰਤੀਬੱਧਤਾ ਨੂੰ ਵੀ ਦਰਸ਼ਾਉਣਾ ਹੈ। ਆਯੋਜਨਕਰਤਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪ੍ਰਚਾਰ ਸਮੱਗਰੀ ਅਤੇ ਐਚਟੀਸੀ ਦਾ ਲੋਗੋ ਅਤੇ ਬ੍ਰਾਂਡਿੰਗ ਸ਼ਾਮਿਲ ਕਰਨ, ਤਾਂ ਜੋ ਇਸ ਸਥਾਨ ਦੇ ਇਤਹਾਸਿਕ ਮਹਤੱਵ ਨੂੰ ਉਜਾਗਰ ਕੀਤਾ ਜਾ ਸਕੇ।

# ਖਿਡਾਰੀਆਂ ਨੂੰ ਬਿਤਹਰ ਸਹੂਲਤ ਦੇਣਾ ਸਰਕਾਰ ਦੀ ਹੈ ਪ੍ਰਾਥਮਿਕਤਾ : ਖੇਡ ਮੰਤਰੀ ਗੌਰਵ ਗੌਤਮ



**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਡ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਹਰਿਆਣਾ ਦੇ ਖਿਡਾਰੀ ਖਿਡਾਰੀ ਓਲੰਪਿਕ, ਵਿਸ਼ਵ ਚੈਪੀਅਨਸ਼ਿਪ, ਏਸ਼ੀਅਨ ਤੇ ਕਾਮਨਵੈਲਥ ਖੇਡਾਂ ਵਿਚ ਮੈਡਲ ਜਿੱਤ ਕੇ ਆਪਣੀ ਪ੍ਰਤਿਭਾ ਦਾ ਡੰਕਾ ਵਜਾ ਰਹੇ ਹਨ। ਆਉਣ ਵਾਲੇ ਓਲੰਪਿਕ ਵਿਚ ਵੀ ਹਰਿਆਣਾ ਦੇ ਖਿਡਾਰੀ ਦੇਸ਼ ਲਈ ਵੱਧ ਤੋਂ ਵੱਧ ਮੈਡਲ ਜਿੱਤਣ, ਇਸ ਦੇ ਲਈ ਸੂਬਾ ਸਰਕਾਰ ਖਿਡਾਰੀਆਂ ਨੂੰ ਖੇਡ ਦੇ ਮੈਦਾਨਾਂ ਤੋਂ ਲੈ ਕੇ ਉਨ੍ਹਾਂ ਦੀ ਖੁਰਾਕ ਦਾ ਪੂਰਾ ਖਿਆਲ ਰੱਖ ਰਹੀ ਹੈ। ਹਰਿਆਣਾ ਦੀ ਖੇਡ ਨੀਤੀ ਦੇਸ਼ ਵਿਚ ਸੱਭ ਤੋਂ ਚੰਗੀ ਹੈ। ਇਸੀ ਦਾ ਨਤੀਜਾ ਹੈ ਕਿ ਸਾਡੇ ਖਿਡਾਰੀ ਕੌਮਾਂਤਰੀ ਖੇਡ ਮੁਾਕਬਲਿਆਂ ਵਿਚ ਮੈਡਲਾਂ ਦੀ ਝੜੀ ਲਗਾ ਰਹੇ ਹਨ। ਸਰਕਾਰ ਦਾ ਉਦੇਸ਼ ਹੈ ਕਿ ਖਿਡਾਰੀਆਂ ਦੇ ਅਭਿਆਸ ਲਈ ਬਿਤਹਰ ਮਾਹੌਲ ਦਿੱਤਾ ਜਾਵੇ। ਇਸ ਦੇ ਲਈ ਖੇਡ ਵਿਭਾਗ ਵੱਲੋਂ ਰੂਪਰੇਖਾ ਤਿਆਰ ਕੀਤੀ ਜਾ ਰਹੀ ਹੈ।

ਖੇਡ ਮੰਤਰੀ ਸ੍ਰੀ ਗੌਰਵ ਗੌਤਮ ਅੱਜ ਸਿਵਲ ਸਕੱਤਰੇਤ ਵਿਚ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਦੇ ਸਾਰੇ ਜਿਲ੍ਹਾ ਤੇ ਬਲਾਕ ਪੱਧਰ ਦੇ ਖੇਡ ਸਟੇਡੀਅਮਾਂ ਵਿਚ ਖੇਡ ਦਾ ਸਮਾਨ, ਸਮੱਗਰੀ ਤੇ ਹੋਰ ਸਮਾਨ ਸਮੇਂ 'ਤੇ ਪਹੁੰਚਾਇਆ ਜਾਵੇ, ਤਾਂ ਜੋ ਖਿਡਾਰੀ ਹੋਰ ਵਧੀਆ ਢੰਗ ਲਾਲ ਅਭਿਆਸ ਕਰ ਕੇ ਦੇਸ਼ ਲਈ ਮੈਡਲ ਜਿੱਤ ਸਕਣ। ਇਸ ਦੇ ਨਾਲ-ਨਾਲ ਸਟੇਡੀਅਮਾਂ ਦੀ ਸਫਾਈ ਤੇ ਮੁਰੰਮਤ ਦਾ ਕੰਮ ਵੀ ਜਲਦੀ ਕੀਤਾ ਜਾਵੇ। ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾ ਦੀ ਅਸਹੂਲਤ ਨਹੀਂ ਹੋਣੀ ਚਾਹਦੀ ਹੈ।

ਉਨ੍ਹਾਂ ਨੇ ਕਿਹਾ ਕਿ ਖਿਡਾਰੀਆਂ ਨੂੰ ਕੈਸ਼ ਅਵਾਰਡ ਸਮੇਂ 'ਤੇ ਮਿਲੇ। ਇਸ ਦੇ ਲਈ ਅਧਿਕਾਰੀ ਤੇਜੀ ਨਾਲ ਕੰਮ ਕਰਨ। ਉਨ੍ਹਾਂ ਨੇ ਖਿਡਾਰੀਆਂ ਦੀ ਖੁਰਾਕ ਭੱਤਾ ਸਮੇਂ 'ਤੇ ਦੇਣ ਦੇ ਵੀ ਨਿਰਦੇਸ਼ ਦਿੱਤੇ।

ਮੰਤਰੀ ਸ੍ਰੀ ਗੌਰਵ ਗੌਤਮ ਨੇ 12 ਦਸੰਬਰ ਨੂੰ ਕੁਰੂਕਸ਼ੇਤਰ ਵਿਚ ਹੋਣ ਵਾਲੇ ਹਰਿਆਣਾ ਕੇਸਰੀ ਤੇ ਹਰਿਆਣਾ ਕੁਮਾਰ ਕੁਸ਼ਤੀ ਦੰਗਲ ਦੀ ਤਿਆਰੀਆਂ ਦੀ ਸਮੀਖਿਆ ਕਰਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਪ੍ਰਬੰਧ ਨੂੰ ਬਿਹਤਰ ਢੰਗ ਨਾਲ ਕੀਤਾ ਜਾਵੇ। ਪਹਿਲਵਾਨਾਂ ਦੇ ਠਹਿਰਣ ਦੀ ਵਿਵਸਥਾ ਦਰੁਸਤ ਹੋਵੇ ਅਤੇ ਖਾਣ-ਪੀਣ ਵਿਚ ਕਮੀ ਨਹੀਂ ਹੋਣੀ ਚਾਹੀਦੀ ਹੈ। ਇਸ ਪ੍ਰਬੰਧ ਦੀ ਉਹ ਖੁਦ ਮਾਲੀਟਰਿੰਗ ਕਰਣਗੇ।

ਮੀਟਿੰਗ ਵਿਚ ਅਧਿਕਾਰੀਆਂ ਨੇ ਖੇਡ ਮੰਤਰੀ ਨੂੰ ਜਾਣੂ ਕਰਾਇਆ ਕਿ ਸੂਬੇ ਵਿਚ 1500 ਖੇਡ ਨਰਸਰੀਆਂ ਚੱਲ ਰਹੀਆਂ ਹਨ। ਖਿਡਾਰੀਆਂ ਨੂੰ ਚੰਗੀ ਸਹੂਲਤ ਦਿੱਤੀ ਜਾ ਰਹੀ ਹੈ। ਖਿਡਾਰੀਆਂ ਨੂੰ ਖੁਰਾਕ ਭੱਤਾ ਮਹੁਇਆ ਕਰਵਾ-ਇਆ ਜਾ ਰਿਹਾ ਹੈ। ਮੀਟਿੰਗ ਵਿਚ ਖੇਡ ਵਿਭਾਗ ਦੇ ਪ੍ਰਧਾਨ ਸਕੱਤਰ ਨਵਦੀਪ ਸਿੰਘ ਵਿਰਕ ਅਤੇ ਖਡੇ ਵਿਭਾਗ ਦੇ ਨਿਦੇਸ਼ਕ ਯਸ਼ੇਂਦਰ ਸਿੰਘ ਸਮੇਤ ਕਈ ਅਧਿਕਾਰੀ ਮੌਜੂਦ ਰਹੇ।

# ਪੂਰੇ ਸੰਸਾਰ ਨੂੰ ਗੀਤਾ ਦੇ ਉਪਦੇਸ਼ਾ ਰਾਹੀ ਮਿਲ ਰਿਹਾ ਸ਼ਾਤੀ ਦੇ ਰਾਹ ਤੇ ਚੱਲਣ ਦਾ ਸੰਦੇਸ਼ : ਕ੍ਰਿਸ਼ਣ ਕੁਮਾਰ ਬੇਦੀ

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਮਾਜਿਕ,ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਕਿਹਾ ਕਿ ਗੀਤਾ ਉਪਦੇਸ਼ ਸਥਲੀ ਕੁਰੂਕਸ਼ੇਤਰ ਦੀ ਪਾਵਨ ਧਰਤੀ ਤੇ ਭਗਵਾਨ ਸ੍ਰੀ ਕ੍ਰਿਸ਼ਣ ਨੇ ਅਵਤਾਰ ਧਾਰ ਕੇ ਪੂਰੇ ਸੰਸਾਰ ਨੂੰ ਪਵਿੱਤਰ ਗ੍ਰੰਥ ਗੀਤਾ ਦੇ ਉਪਦੇਸ਼ ਦਿੱਤੇ ਸੀ। ਪਵਿੱਤਰ ਗ੍ਰੰਥ ਗੀਤਾ ਦੇ ਉਪਦੇਸ਼ਾਂ ਨੂੰ ਜੀਵਨ ਵਿੱਚ ਧਾਰ ਕੇ ਹਰ ਸਮੱਸਿਆ ਦਾ ਹਲ ਹੋ ਸਕਦਾ ਹੈ। ਇਨ੍ਹਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਸਾਰੀ ਮਨੁੱਖ ਜਾਤੀ ਨੂੰ ਗੀਤਾ ਉਪਦੇਸ਼ਾਂ ਪ੍ਰਤੀ ਜਾਣੂ ਕਰਾਉਣ ਲਈ ਹੀ ਕੁਰੂਕਸ਼ੇਤਰ ਵਿਚ ਕੌਮਾਂਤਰੀ ਗੀਤਾ ਮਹੋਤਸਵ ਵਰਗੇ ਪ੍ਰੋਗਰਾਮਾਂ ਦਾ ਆਯੋਜਨ ਸਰਕਾਰ ਵਲੋਂ ਉੱਚ ਪੱਦਰ ਤੇ ਕੀਤਾ ਜਾ ਰਿਹਾ ਹੈ।

ਸ਼੍ਰੀ ਕ੍ਰਿਸ਼ਣ ਕੁਮਾਰ ਬੇਦੀ ਅੱਜ ਕੁਰੂਕਸ਼ੇਤਰ ਬ੍ਰਹਮਸਰੋਵਰ ਦੇ ਪੁਰੂਸ਼ੋਤਮਪੁਰਾ ਬਾਗ ਵਿੱਚ ਕੁਰੂਕਸ਼ੇਤਰ ਵਿਕਾਸ਼ ਬੋਰਡ ਅਤੇ ਜ਼ਿਲਾ ਖੇਡ ਵਿਭਾਗ ਦੇ ਸਾਂਝੇ ਤੱਤਵਾਧਾਨ ਵਿੱਚ ਅੰਤਰਰਾਸ਼ਟਰੀ ਗੀਤਾ ਮਹੋਤਸਵ-2024 'ਤੇ ਆਯੋਜਿਤ ਗੀਤਾ ਰਨ ਪ੍ਰੋਗਰਾਮ ਵਿੱਚ ਬੋਲ ਰਹੇ ਸਨ। ਇਸ ਤੋਂ ਪਹਿਲਾਂ ਕਬੀਨੇਟ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਪੁਰਸ਼ ਵਰਗ ਦੀ 10 ਕਿਲੋਮੀਟਰ ਅਤੇ ਮਹਿਲਾ ਵਰਗ ਦੀ 5 ਕਿਲੋਮੀਟਰ ਦੌੜ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਸ੍ਰੀ ਬੇਦੀ ਨੇ ਪੁਰਸ਼ ਅਤੇ ਮਹਿਲਾ ਵਰਗ ਵਿੱਚ ਪਹਿਲੇ 10 ਨੰਬਰਾਂ ਤੇ ਆਉਣ ਵਾਲੇ ਖਿਡਾਰੀਆਂ ਵਿਚੋਂ ਦੋਹਾਂ ਵਰਗਾ ਵਿਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਖਿਡਾਰੀ ਨੂੰ 31 ਹਜਾਰ ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੇ 21 ਹਜਾਰ ਰੁਪਏ, ਤੀਜੇ ਸਥਾਨ 'ਤੇ ਆਉਣ ਵਾਲੇ ਨੂੰ 11 ਹਜਾਰ ਰੁਪਏ ਅਤੇ ਅਗਲੇ ਸੱਤ ਸਥਾਨਾਂ 'ਤੇ ਰਹਿਣ ਵਾਲੇ ਖਿਡਾਰੀਆਂ ਨੂੰ 2100-2100 ਰੁਪਏ ਦੀ ਨਗਦ ਰਕਮ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਸੂਬਾਵਾਸੀਆਂ ਨੂੰ ਕੌਮਾਂਤਰੀ ਗੀਤਾ ਮਹੋਤਸਵ 2024 ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਣ ਨੇ ਅਵਤਾਰ ਵਜੋ ਕੁਰੂਕਸ਼ੇਤਰ ਦੀ ਧਰਤੀ 'ਤੇ ਮਹਾਭਾਰਤ ਯੁੱਧ ਤੋਂ ਪਹਿਲਾਂ ਅਰਜੁਨ ਰਾਹੀਂ ਪਵਿੱਤਰ ਗ੍ਰੰਥ ਗੀਤਾ ਦੇ ਉਪਦੇਸ਼ ਦਿੱਤੇ। ਇਹ ਉਪਦੇਸ਼ ਪੂਰੀ ਮਨੁੱਖ ਜਤੀ ਲਈ ਅੱਜ ਵੀ ਪੂਰੀ ਤਰ੍ਹਾ ਢੁਕਵੇਂ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੇ ਯਤਨਾਂ ਨਾਲ ਕੌਮਾਂਤਰੀ ਗੀਤਾ ਮਹੋਤਸਵ ਨੂੰ ਹੋਰ ਵਧਾਇਆ ਹੈ। ਇਹ ਮਹੋਤਸਵ ਦਾ ਪ੍ਰਬੰਧ 5 ਦੇਸ਼ਾਂ ਵਿਚ ਵੀ ਕੀਤਾ ਜਾ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਇਹ ਮਹੋਤਸਵ ਨੂੰ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ।

# ਪਿੰਡ ਬਹਿਲੋਲਪੁਰ ਵਿਖੇ ਆਯੂਸ਼ਮਾਨ ਕਾਰਡ ਕੈਂਪ ਲਗਾਇਆ ਗਿਆ



**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੂਸ਼ਮਾਨ ਭਾਰਤ ਪੀ. ਐਮ-ਜੇਏਵਾਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨੇੜਲੇ ਪਿੰਡ ਬਹਿਲੋਲਪੁਰ ਵਿਖੇ ਆਯੂਸ਼ਮਾਨ ਕਾਰਡ ਕੈਂਪ ਲਗਾਇਆ ਗਿਆ । ਕੈਂਪ ਵਿਚ ਲਾਭਪਾਤਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਗਏ। ਇਸ ਯੋਜਨਾ ਤਹਿਤ ਲਾਭਪਾਤਰੀਆਂ ਦਾ ਸਰਕਾਰ ਵਲੋਂ ਸਿਹਤ ਬੀਮਾ ਕੀਤਾ ਜਾਂਦਾ ਹੈ । ਕੈਂਪ ਵਿਚ ਡਾ. ਕਿਰਨਦੀਪ ਕੌਰ, ਸੀ. ਐਚ. ਓ. ਡਾ. ਜਯੋਤੀ, ਸਰਪੰਚ ਮਨਰਾਜ ਸਿੰਘ, ਚਰਨਪ੍ਰੀਤ ਸਿੰਘ ਤੇ ਹੋਰ ਮੌਜੂਦ ਸਨ।

# ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਕੂਲੀ ਵਿਦਿਆਰਥੀਆਂ ਨੂੰ ਸਾਂਝ ਸੁਵਿਧਾਵਾਂ, ਸਾਈਬਰ ਸੁਰੱਖਿਆ, ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਲਈ ਸਟੇਸ਼ਨਰੀ ਦੇਣੀ ਸ਼ਲਾਘਾਯੋਗ ਉਪਰਾਲਾ : ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ



**ਪਟਿਆਲਾ, 2 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸੀਨੀਅਰ ਸੈਕੰਡਰੀ ਸਮਰਾਟ ਸਕੂਲ ਮਾਡਲ ਟਾਊਨ ਵਿਖੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡਣ ਸਬੰਧੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਜਿਸ ਵਿਚ ਮੁੱਖ ਮਹਿਮਾਨ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਕੀਤੀ, ਪ੍ਰੋਗਰਾਮ ਦਾ ਉਦਘਾਟਨ ਪ੍ਰਿੰਸੀਪਲ ਨਰੇਸ਼ ਅਤੇ ਸਿਖਿਆ ਸ਼ਾਸਤਰੀ ਸੁਮਨ ਬੱਤਰਾ ਨੇ ਕੀਤਾ,ਵਿਸ਼ੇਸ਼ ਤੌਰ ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ,ਰੁਦਰਪ੍ਰਤਾਪ ਸਿੰਘ, ਸਤਪਾਲ ਪਰਾਸ਼ਰ,ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਨੇ ਸ਼ਿਰਕਤ ਕੀਤੀ,ਇਸ ਮੌਕੇ ਸੰਬੋਧਨ ਕਰਦਿਆ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੌਰ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਕੂਲੀ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਟੇਸ਼ਨਰੀ ਦੇਣੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਸਾਂਝ ਕੇਂਦਰ ਵੱਲੋਂ ਦਿੱਤੀ ਜਾ ਰਹੀ ਸਟੇਸ਼ਨਰੀ ਵਿਚ ਸਕੂਲੀ ਵਿਦਿਆਰਥੀਆਂ ਨੂੰ ਸਾਂਝ ਕੇਂਦਰ ਵੱਲੋਂ ਦਿਤੀਆਂ ਜਾ ਰਹੀਆਂ ਇੱਕ ਪਲੇਟਫਾਰਮ ਤੇ ਸੁਵਿਧਾਵਾਂ ਬਾਰੇ ਜਾਣਕਾਰੀ, ਸਾਈਬਰ ਸੁਰੱਖਿਆ ਬਾਰੇ ਜਾਣਕਾਰੀ ਇਸ ਤੋਂ ਇਲਾਵਾ ਨਸ਼ਿਆਂ ਵਿਰੁੱਧ ਜਾਣਕਾਰੀ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਸਕੂਲ ਪੱਧਰ ਤੇ ਹੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾ ਸਕੇ ਇਸ ਮੌਕੇ 300 ਦੇ ਕਰੀਬ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਿੱਤੀ ਗਈ।

# ਹੁਣ ਮਹੀਨੇ ਦੇ ਹਰ ਆਖ਼ਰੀ ਸ਼ਨੀਵਾਰ ਹੋਵੇਗਾ ਨੋ ਬੈਗ ਡੇ

**ਤਰਨ ਤਾਰਨ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਵਿੱਚ ਰਚਨਾਤਮਕਤਾ, 21ਵੀਂ ਸਦੀ ਦੀਆਂ ਵੱਖ-ਵੱਖ ਕੁਸ਼ਲਤਾਵਾਂ ਅਤੇ ਵੱਖ-ਵੱਖ ਵਿਸ਼ਿਆਂ ਦਿਲਚਸਪੀ ਵਧਾਉਣ ਲਈ ਪ੍ਰਯੋਗਿਕ ਸਿਖਲਾਈ ਅਤੇ ਵਿਦਿਆਰਥੀਆਂ ਨੂੰ ਜਮਾਤਾਂ ਤੋਂ ਬਾਹਰ ਆ ਕੇ ਨਿਵੇਕਲੇ ਮਾਹੌਲ ਵਿੱਚ ਸਿੱਖਣ ਦੀ ਅਹਿਮ ਭੂਮਿਕਾ ਹੁੰਦੀ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਤਰਨਤਾਰਨ ਜਗਵਿੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਰਮਜੀਤ ਸਿੰਘ ਨੇ ਇਸ ਮੌਕੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਲਈ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਰਾਜ ਦੇ ਸਮੂਹ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਸਕੂਲਾਂ ਵਿੱਚ ਸਿੱਖਿਆ ਵਿਭਾਗ ਪੰਜਾਬ ਵੱਲੋਂ ਨੋ ਬੈਗ ਡੇ ਕਰਵਾਏ ਜਾਣ ਸਬੰਧੀ ਨਿਰਣਾ ਲਿਆ ਗਿਆ ਹੈ।

# ਮਜਦੂਰਾਂ ਲਈ ਸਿਹਤ ਸਹੂਲਤਾਂ ਕੀਤੀਆਂ ਜਾਣ ਯਕੀਨੀ : ਅਨਿਲ ਵਿਜ

## ਕਿਰਤ ਮੰਤਰੀ ਅਨਿਲ ਵਿਜ ਨੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਕੀਤੀ ਮੀਟਿੰਗ ਕਰ ਦਿੱਤੇ ਨਿਰਦੇਸ਼

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਅੱਜ ਕਿਰਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਨਿਰਦੇਸ਼ ਦਿੱਤੇ ਕਿ ਸੂਬੇ ਦੀ ਸਾਰੀ ਫੈਕਟਰੀਆਂ ਦਾ ਨਿਯਮਤ ਰੂਪ ਨਾਲ ਨਿਰੀਖਣ ਯਕੀਨੀ ਕੀਤਾ ਜਾਵੇ। ਉਨ੍ਹਾਂ ਨੇ ਕਿਰਤ ਕਾਨੂੰਨਾਂ ਦਾ ਉਲੰਘਣ ਕਿਸ ਵੀ ਰੂਪ ਵਿਚ ਮੰਜੂਰ ਨਾ ਹੋਣ ਦੀ ਗੱਲ ਕਹੀ ਅਤੇ ਨਿਰਦੇਸ਼ ਦਿੱਤੇ ਕਿ ਜੋ ਫੈਕਟਰੀਆਂ ਕਿਰਤ ਕਾਨੂੰਨਾਂ ਦਾ ਪਾਲਣ ਨਹੀਂ ਕਰ ਰਹੀਆਂ ਹਨ, ਉਨ੍ਹਾਂ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸ੍ਰੀ ਵਿਜ ਨੇ ਅਧਿਕਾਰੀਆਂ ਨੂੰ ਇਹ ਵੀ ਯਕੀਨੀ ਕਰਨ ਨੂੰ ਕਿਹਾ ਕਿ ਮਜਦੂਰਾਂ ਦੇ ਅਧਿਕਾਰਾਂ ਦਾ ਸਨਮਾਨ ਹੋਵੇ ਅਤੇ ਸਾਰੇ ਕਿਰਤ ਐਕਟਾਂ ਅਤੇ ਉੱਪ ਨਿਯਮਾਂ ਦਾ ਪ੍ਰਭਾਵੀ ਪਾਲਣ ਹੋਵੇ। ਇਸ ਤੋਂ ਇਲਾਵਾ, ਸਾਰੇ ਨਿਰੀਖਣਾਂ ਅਤੇ ਗਤੀਵਿਧੀਆਂ ਦਾ ਵਿਸਥਾਰ ਰਿਕਾਰਡ ਰੱਖਿਆ ਜਾਵੇ।

ਕਿਰਤ ਮੰਤਰੀ ਨੇ ਮਜਦੂਰਾਂ ਦੇ ਸਿਹਤ ਬੀਮਾ ਅਤੇ ਸਿਹਤ ਸਬੰਧਿਤ ਸਹੂਲਤਾਂ 'ਤੇ ਵੀ ਚਰਚਾ ਕੀਤੀ। ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਰਜਿਸਟਰਡ ਮਜਦੂਰਾਂ ਨੂੰ ਉਨ੍ਹਾਂ ਦੀ ਜਰੂਰਤਾਂ ਅਨੁਰੂਪ ਸਿਹਤ ਸੇਵਾਵਾਂ ਪ੍ਰਪਾਤ ਹੋਣ ਅਤੇ ਜੋ ਮਜਦੂਰ ਹੁਣ ਤਕ ਰਜਿਸਟਰਡ ਨਹੀਂ ਹਨ, ਉਨ੍ਹਾਂ ਨੂੰ ਵੀ ਸਿਹਤ ਸੇਵਾਵਾਂ ਦੇ ਘੇਰੇ ਵਿਚ ਲਿਆਉਣ ਲਈ ਠੋਸ ਕਦਮ ਚੁੱਕੇ ਜਾਣ।

ਸ੍ਰੀ ਵਿਜ ਨੇ ਕਿਹਾ ਕਿ ਮਜਦੂਰਾਂ ਦੀ ਸੁਰੱਖਿਆ ਅਤੇ ਸਿਹਤ ਸਰਕਾਰ ਦੀ ਸਰਵੋਚ ਪ੍ਰਾਥਮਿਕਤਾ ਹੈ। ਉਨ੍ਹਾਂ ਨੇ ਕਿਹਾ ਕਿ ਮਾਲ ਵਿਭਾਗ ਦੇ ਨਾਲ ਤਾਲਮੇਲ ਕਰ ਪੈਂਡਿੰਗ ਭੁਗਤਾਨ ਜਲਦੀ ਨਿਪਟਾਏ ਜਾਣਗੇ, ਤਾਂ ਜੋ ਮਜਦੂਰਾਂ ਦੇ ਇਲਾਜ ਵਿਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ।

ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਦਯੋਗਿਕ ਸੰਸਥਾਨਾਂ ਤੋਂ ਇਹ ਯਕੀਨੀ ਕਰਾਇਆ ਜਾਵੇ ਕਿ ਕਿਰਤ ਕਾਨੂੰਨਾਂ ਅਤੇ ਮਜਦੂਰ ਸਹੂਲਤਾਂ ਨਾਲ ਸਬੰਧਿਤ ਜਾਣਕਾਰੀ ਨੋਟਿਸ ਬੋਰਡ 'ਤੇ ਪ੍ਰਦਰਸ਼ਿਤ ਕੀਤੀ ਜਾਵੇ, ਤਾਂ ਜੋ ਮਜਦੂਰ ਆਪਣੇ ਅਧਿਕਾਰਾਂ ਅਤੇ ਉਪਲਬਧ ਸਹੂਲਤਾਂ ਦੇ ਬਾਰੇ ਜਾਗਰੁਕ ਹੋ ਸਕਣ।

ਇਸ ਮੀਟਿੰਗ ਵਿਚ ਕਿਰਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਣ, ਕਿਰਤ ਕਮਿਸ਼ਨਰ ਮਨੀ ਰਾਮ ਸ਼ਰਮਾ ਅਤੇ ਹੋਰ ਅਧਿਕਾਰੀਆਂ ਨੇ ਵੀ ਹਿੱਸਾ ਲਿਆ।

# ਮਾਤਾ ਜੈਅੰਤੀ ਹਿੱਲਜ਼ ਹਾਫ ਮੈਰਾਥਨ 'ਚ 800 ਤੋਂ ਵੱਧ ਦੌੜਾਕਾਂ ਨੇ ਆਪਣੀ ਤਾਕਤ ਦਿਖਾਈ



**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੈਅੰਤੀ ਮਾਜਰੀ ਪਿੰਡ, ਨਿਊ ਚੰਡੀਗੜ੍ਹ ਵਿਖੇ ਆਯੋਜਿਤ ਮਾਤਾ ਜੈਯੰਤੀ ਹਿੱਲਜ਼ ਹਾਫ ਮੈਰਾਥਨ ਦੇ ਲਗਾਤਾਰ ਦੂਜੇ ਐਡੀਸ਼ਨ ਵਿੱਚ 800 ਤੋਂ ਵੱਧ ਦੌੜਾਕਾਂ ਨੇ ਭਾਗ ਲਿਆ। ਇਹ ਸਮਾਗਮ ਚੰਡੀਗੜ੍ਹ ਡਿਸਟੈਂਸ ਰਨਰਜ਼ ਦੁਆਰਾ ਕਮਿਊਨਿਟੀ ਵਿੱਚ ਸਰੀਰਕ ਗਤੀਵਿਧੀ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਦੀ ਪਹਿਲਕਦਮੀ ਦੇ ਹਿੱਸੇ ਵਜੋਂ ਆਯੋਜਿਤ ਕੀਤਾ ਗਿਆ ਸੀ।

ਰੇਸ ਡਾਇਰੈਕਟਰ ਕਮ ਫਾਊਂਡਰ ਮੈਂਬਰ ਸ੍ਰੀ ਵਿਸ਼ਵਜੀਤ ਕੌਸ਼ਿਸ਼ ਨੇ ਦੱਸਿਆ ਕਿ ਪੂਰੇ ਖੇਤਰ ਵਿੱਚ ਇਹ ਇੱਕੋ-ਇੱਕ ਪਹਾੜੀ ਦੌੜ ਦਾ ਆਯੋਜਨ ਸੀ, ਜਿਸ ਵਿੱਚ 5 ਕਿਲੋਮੀਟਰ, 10 ਕਿਲੋਮੀਟਰ ਅਤੇ 21 ਕਿਲੋਮੀਟਰ ਦੀਆਂ ਦੌੜਾਂ ਸ਼ਾਮਲ ਸਨ ਜੋ ਸ਼ਿਵਾਲਿਕ ਦੀਆਂ ਪਹਾੜੀਆਂ ਦੀਆਂ ਉਚਾਈਆਂ ਅਤੇ ਪਗਡੰਡੀਆਂ ਵਿੱਚੋਂ ਲੰਘਦੀਆਂ ਸਨ।

ਚੰਡੀਗੜ੍ਹ ਡਿਸਟੈਂਸ ਰਨਰਜ਼, ਜਿਨ੍ਹਾਂ ਦੇ ਮੌਜੂਦਾ ਸਮੇਂ ਵਿੱਚ 250 ਤੋਂ ਵੱਧ ਸਰਗਰਮ ਮੈਂਬਰ ਦੌੜਾਕ ਹਨ, 10 ਸਾਲਾਂ ਤੋਂ ਟ੍ਰਾਈਸਿਟੀ ਵਿੱਚ ਇਨ੍ਹਾਂ ਮੈਰਾਥਨ ਮੁਕਾਬਲਿਆਂ ਦਾ ਆਯੋਜਨ ਅਤੇ ਸੁਵਿਧਾ ਪ੍ਰਦਾਨ ਕਰ ਰਹੇ ਹਨ, ਤਾਂ ਜੋ ਲੋਕਾਂ ਵਿੱਚ ਫਿਟਨੈਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਖਾਸ ਤੌਰ ਤੇ ਨੌਜਵਾਨਾਂ ਤੇ ਧਿਆਨ ਕੇਂਦਰਿਤ ਕੀਤਾ ਜਾ ਸਕੇ।

# ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਮਹਾਰਾਜਾ ਅਗਰਸੇਨ ਮੈਡੀਕਲ ਕਾਲਜ, ਅਗਰੋਹਾ ਵਿਚ 15 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਖੇਡ ਪਰਿਸਰ ਅਤੇ ਕੰਨਿਆ ਹੋਸਟਲ ਦਾ ਕੀਤਾ

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਵੀਰਵਾਰ ਨੂੰ ਹਿਸਾਰ ਦੇ ਮਹਾਰਾਜਾ ਅਗਰਸੇਨ ਮੈਡੀਕਲ ਕਾਲਜ, ਅਗਰੋਹਾ ਵਿਚ 4 ਏਕੜ ਵਿਚ ਬਣੇ ਖੇਡ ਪਰਿਸਰ ਅਤੇ ਕੰਨਿਆ ਹੋਸਟਲ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਮਹਾਰਾਜਾ ਅਗਰਸੇਨ ਨੂੰ ਨਮਨ ਕਰਦੇ ਹੋਏ ਕਿਹਾ ਕਿ ਇਹ ਕਾਲਜ ਮਹਾਰਾਜਾ ਅਗਰਸੇਨ ਜੀ ਦੇ ਮਨੁੱਖ ਸੇਵਾ ਦੇ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਗੇ। ਸ੍ਰੀ ਓਪੀ ਜਿੰਦਲ ਨੇ ਜੋ ਪੌਧਾ ਲਗਾਇਆ ਸੀ, ਉਹ ਅੱਜ ਵੱਧ ਪੇੜ ਬਣ ਗਿਆ ਹੈ, ਇਹ ਸਾਡੇ ਲਈ ਮਾਣ ਦੀ ਗੱਲ ਹੈ। ਇਹ ਮੈਡੀਕਲ ਕਾਲਜ ਹਰ ਵਿਅਕਤੀ ਨੂੰ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਦੇ ਸਾਡੇ ਟੀਚੇ ਨੂੰ ਪੂਰਾ ਕਰਨ ਵਿਚ ਮਹਤੱਵਪੂਰਨ ਯੋਗਦਾਨ ਦੇ ਰਿਹਾ ਹੈ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਮੈਡੀਕਲ ਕਾਲਜ ਵਿਚ ਇਹ ਦੋ ਨਵੀਂ ਸਹੂਲਤਾਂ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਰਹੇਗਾ। ਖੇਡ ਪਰਿਸਰ ਵਿਚ 3 ਮਲਟੀ ਪਰਪਜ ਹਾਲ, ਸਵੀਮਿੰਗ ਪੂਲ, ਇਕ ਜਿਮ, ਯੋਗਾ ਰੂਮ ਤੇ ਰੇਸਟੋਰੇਂਟ ਬਣਾਏ ਗਏ ਹਨ। ਇਸ "ਤੇ 10 ਕਰੋੜ ਰੁਪਏ ਦੀ ਲਾਗਤ ਆਈ ਹੈ। 5 ਕਰੋੜ 70 ਲੱਖ ਰੁਪਏ ਦੀ ਲਾਗਤ ਨਾਲ ਬਣੇ ਹੋਸਟਲ ਵਿਚ 54 ਕਮਰੇ ਬਣਾਏ ਗਏ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਬਿਹਤਰ ਰਿਹਾਇਸ਼ੀ ਸਹੂਲਤਾਂ ਉਪਲਬਧ ਹੋਵੇਗੀ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਸੰਸਥਾਨ ਨੂੰ ਆਪਣੇ ਏਛੱਕ ਕੋਸ਼ ਤੋਂ 31 ਲੱਖ ਰੁਪਏ ਦੀ ਰਕਮ ਦੇਣ ਦਾ ਐਲਾਨ ਕੀਤਾ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਅਗਰੋਹਾ ਦੇ ਪੁਰਾਤਾਤਵਿਕ ਸਥਾਨ ਦੀ ਖੁਦਾਈ ਦੀ ਮੰਜੂਰੀ ਦਿੱਤੀ ਹੈ। ਇਸ ਨਾਲ ਅਗਰੋਹਾ ਦੀ ਪੁਰਾਣੀ ਵਿਰਾਸਤ ਦੇ ਜਲਦੀ ਹੀ ਉਜਾਗਰ ਹੋਣ ਦੀ ਉਮੀਦ ਜਗੀ ਹੈ। ਇਸ ਮਹਾਨ ਵਿਰਾਸਤ ਨੂੰ ਰਾਖੀਗੜ੍ਹੀ ਦੀ ਤਰਜ 'ਤੇ ਸਰੰਖਤ ਕਰਣਗੇ। ਉਨ੍ਹਾਂ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਨੇ ਹਰਿਆਣਾ ਦੀ ਧਰਤੀ ਤੋਂ ਇਕ ਰੁਪਇਆ-ਇਕ ਇੱਟ ਦਾ ਸਿਦਾਂਤ ਦੇ ਕੇ ਸਮਾਜਵਾਦ ਅਤੇ ਗਣਤੰਤਰ ਨੂੰ ਸਾਕਾਰ ਕੀਤਾ। ਅੱਜ ਜਦੋਂ ਅਸੀਂ ਆਪਣੇ ਗਣਤੰਤਰ ਦਾ ਅੰਮ੍ਰਿਤ ਮਹੋਸਤਵ ਮਨਾ ਰਹੇ ਹਨ, ਤਾਂ ਅਗਰੋਹਾ ਗਣਤੰਤਰ 'ਤੇ ਸਾਨੂੰ ਵਿਸ਼ੇਸ਼ ਮਾਣ ਹੈ। ਮਹਾਰਾਜਾ ਅਗਰਸੇਨ ਦਾ ਇਹ ਗਣਤੰਤਰ ਮੌਜੂਦਾ ਸਮੇਂ ਵਿਚ ਦੁਨੀਆ ਦੇ ਸੱਭ ਤੋਂ ਵੱਡੇ ਗਣਤੰਤਰ ਭਾਰਤ ਦੀ ਨੀਂਹ ਹੈ। ਹਰਿਆਣਾ ਸਰਕਾਰ ਨੇ ਮਹਾਰਾਜਾ ਅਗਰਸੇਨ ਦੀ ਸਿਖਿਆਂਵਾਂ ਅਤੇ ਸਿਦਾਂਤਾਂ ਨੂੰ ਯਾਦ ਰੱਖਦੇ ਹੋਏ ਹਿਸਾਰ ਹਵਾਈ ਅੱਡੇ ਦਾ ਨਾਂਅ ਮਹਾਰਾਜਾ ਅਗਰਸੇਨ ਜੀ ਦੇ ਨਾਂਅ 'ਤੇ ਰੱਖਿਆ ਹੈ। ਏਅਰਪੋਰਟ ਦਾ ਕੰਮ ਆਖੀਰੀ ਪੜਾਅ ਵਿਚ ਚੱਲ ਰਿਹਾ ਹੈ, ਇਸ ਦਾ ਜਲਦੀ ਉਦਘਾਟਨ ਕੀਤਾ ਜਾਵੇਗਾ। ਇਸ ਨਾਲ ਹਰਿਆਣਾ, ਪੰਜਾਬ ਅਤੇ ਰਾਜਸਤਾਨ ਨੂੰ ਲਾਭ ਹੋਵੇਗਾ। ਏਅਰਪੋਰਟ ਦੇ ਬਨਣ ਨਾਲ ਇਹ ਖੇਤਰ ਇੰਡਸਟਰੀ ਜੋਨ ਕੋਰੀਡੋਰ ਵਜੋ ਵਿਕਸਿਤ ਹੋਵੇਗਾ, ਜਿਸ ਨਾਲ ਲੋਕਾਂ ਨੂੰ ਲਾਭ ਮਿਲੇਗਾ।



ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦੇਸ਼ ਨੂੰ ਮੈਡੀਕਲ ਹੱਬ ਬਨਾਉਣ ਦਾ ਵਿਜਨ ਰੱਖਿਆ ਹੈ। ਉਨ੍ਹਾਂ ਦੇ ਇਸ ਵਿਜਨ ਨੂੰ ਸਾਕਾਰ ਕਰਨ ਲਈ ਹਰਿਆਣਾ ਲਗਾਤਾਰ ਮੈਡੀਕਲ ਇੰਫ੍ਰਾਸਟਕਚਰ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਹਰਿਆਣਾ ਸਰਕਾਰ ਹਰ ਜਿਲ੍ਹੇ ਵਿਚ ਇਕ ਮੈਡੀਕਲ ਕਾਲਜ ਸਥਾਪਿਤ ਕਰ ਰਹੀ ਹੈ। ਇਸ ਸਮੇਂ ਸੂਬੇ ਵਿਚ ਮੈਡੀਕਲ ਕਾਲਜ ਦੀ ਗਿਣਤੀ 15 ਹੋ ਗਈ ਹੈ। ਇੰਨ੍ਹਾਂ ਵਿੱਚੋਂ 9 ਮੈਡੀਕਲ ਕਾਲਜ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਵਿਚ ਖੁੱਲੇ ਹਨ ਅਤੇ 9 ਨਿਰਮਾਣਧੀਨ ਹਨ। ਇਸ ਤੋਂ ਇਲਾਵਾ, 9 ਜਿਲ੍ਹਾ ਫਤਿਹਾਬਾਦ, ਚਰਖੀ ਦਾਦਰੀ ਅਤੇ ਪਲਵਲ ਵਿਚ ਮੈਡੀਕਲ ਕਾਲਜਾਂ ਲਈ ਜਮੀਨ ਦਾ ਚੋਣ ਕਮ ਲਿਆ ਗਿਆ ਹੈ। ਜਲਦੀ ਹੀ ਇਸ ਦਾ ਨਿਰਮਾਣ ਕੰਮ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਸੂਬੇ ਵਿਚ ਮੈਡੀਕਲ ਕਾਲਜਾਂ ਦੀ ਗਿਣਤੀ ਵੱਧ ਕੇ 27 ਹੋ ਜਾਵੇਗੀ। ਇਸ ਨਾਲ ਐਮਬੀਬੀਐਸ ਦੀ ਸੀਟਾਂ ਵੱਧ ਦੇ 3,485 ਹੋ ਜਾਣਗੀਆਂ। ਇਸ ਤੋਂ ਇਲਾਵਾ, ਬਾਡਸਾ, ਜਿਲ੍ਹਾ ਝੱਜਰ ਵਿਚ ਕੌਮੀ ਕੈਂਸਰ ਸੰਸਥਾਨ ਖੋਲਿਆ ਗਿਆ ਹੈ। ਮਾਜਰਾ, ਜਿਲ੍ਹਾ ਰਿਵਾੜੀ ਵਿਚ ਏਮਸ ਵੀ ਸਥਾਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੈਰਾਮੈਡੀਕਲ ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਕਰਨਾਲ ਵਿਚ ਨਰਸਿੰਗ ਕਾਲਜ ਤੇ ਫਿਜੀਓਥੈਰੇਪੀ ਕਾਲਜ ਖੋਲੇ ਗਏ ਹਨ। ਸਫੀਦੋ ਵਿਚ ਵੀ ਇਕ ਨਰਸਿੰਗ ਕਾਲਜ ਖੋਲਿਆ ਗਿਆ ਹੈ। ਜਿਲ੍ਹਾ ਫਰੀਦਾਬਾਦ, ਪੰਚਕੂਲਾ, ਕੈਥਲ, ਕੁਰੂਕਸ਼ੇਤਰ ਤੇ ਰਿਵਾੜੀ ਵਿਚ ਸਰਕਾਰੀ ਨਰਸਿੰਗ ਕਾਲਜ ਖੋਲੇ ਜਾ ਰਹੇ ਹਨ।

ਹਰਿਆਣਾ ਸਰਕਾਰ ਹੈਲਦੀ ਇੰਡੀਆ ਬਨਾਉਣ ਦੀ ਦਿਸ਼ਸ਼ ਵਿਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਸ਼ੁਰੂ ਕੀਤੇ ਗਏ। ਫਿੱਟ ਇੰਡੀਆ ਮੂਵਮੈਂਟ ਨੂੰ ਸਫਲ ਬਨਾਉਣ ਲਈ ਸੰਕਲਪਬੱਧ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਕਿਡਨੀ ਰੋਗੀਆਂ ਨੂੰ ਸਾਰੀ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿਚ ਮੁਫਤ ਡਾਇਲਸਿਸ ਦੀ ਸੇਵਾਵਾਂ ਪਿਛਲੀ 18 ਅਕਤੂਬਰ ਤੋਂ ਸ਼ੁਰੂ ਕਰ ਦਿੱਤੀਆਂ ਹਨ।

ਇਸ ਤੋਂ ਇਲਾਵਾ, 70 ਸਾਲ ਤੋਂ ਵੱਧ ਉਮਰ ਦੇ ਬਜੁਰਗਾਂ ਲਈ ਆਯੂਸ਼ਮਾਨ ਭਾਰਤ ਯੋਜਨਾ ਤਹਿਤ 10 ਲੱਖ ਰੁਪਏ ਸਾਲਾਨਾ ਦੀ ਮੁਫਤ ਇਲਾਜ ਸਹੂਲਤ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਗਰੀਬ ਪਰਿਵਾਰਾਂ ਦੇ ਉਪਚਾਰ ਲਈ ਚਿਰਾਯੂ ਆਯੂ ਸ਼ਮਾਨ ਯੋਜਨਾ ਸ਼ੁਰੂ ਕੀਤੀ ਹੈ। ਇਸ ਵਿਚ 1 ਲੱਖ 80 ਹਜਾਰ ਰੁਪਏ ਤਕ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ 5 ਲੱਖ ਰੁਪਏ ਸਾਲਾਨਾ ਦਾ ਸਿਹਤ ਕਵਰ ਮਿਲ ਰਿਹਾ ਹੈ। ਹੁਣ ਇਸ ਵਿਚ 3 ਲੱਖ ਰੁਪਏ ਤਕ ਸਾਲਾਨਾ ਆਮਦਨ ਵਾਲੇ ਪਰਿਵਾਰ ਵੀ ਸ਼ਾਮਿਲ ਕੀਤੇ ਗਏ ਹਨ। ਹੁਣ ਤਕ ਸੂਬੇ ਵਿਚ ਕੁੱਲ 1 ਕਰੋੜ 19 ਲੱਖ ਚਿਰਾਯੂ ਕਾਰਡ ਬਣਾਏ ਜਾ ਚੁੱਕੇ ਹਨ। ਇਸ ਯੋਜਨਾ ਵਿਚ ਸੂਬੇ ਵਿਚ 11 ਲੱਖ 65 ਹਜਾਰ ਮੀਰਜਾਂ ਦੇ ਇਲਾਜ ਲਈ 1,477 ਕਰੋੜ ਰੁਪਏ ਦੇ ਕਲੇਮ ਦਿੱਤੇ ਜਾ ਚੁੱਕੇ ਹਨ। ਹਰਿਆਣਾ ਦੇਸ਼ ਦਾ ਪਹਿਲਾਂ ਸੂਬਾ ਹੈ, ਜਿੱਥੇ ਹੈਪੀਟਾਈਟਸ ਸੀ ਤੇ ਬੀ ਦੀ ਦਵਾਈਆਂ ਮੁਫਤ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਸੂਬਾ ਵਾਸੀਆਂ ਨੂੰ ਸਮੇਂ 'ਤੇ ਉਪਚਾਰ ਲਈ 635 ਐਂਬੂਲੈਂਸ ਹਰ ਸਮੇਂ ਉਪਲਬਧ ਹਨ।

ਪ੍ਰੋਗ੍ਰਾਮ ਵਿਚ ਕੈਬੀਨੇਟ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਦੇ ਸਿਦਾਂਤਾਂ 'ਤੇ ਚਲਦੇ ਹੋਏ ਹਰਿਆਣਾ ਸਰਕਾਰ ਸਿਹਤ ਦੇ ਖੇਤਰ ਵਿਚ ਬਿਤਹਰੀਨ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਆਯੂਸ਼ਮਾਨ ਯੋਜਨਾ ਰਾਹੀਂ ਹਰ ਵਿਅਕਤੀ ਨੂੰ ਮੁਫਤ ਇਲਾਜ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

ਇਸ ਤੋਂ ਪਹਿਲਾਂ, ਵਿਧਾਇਕਾਂ ਸ੍ਰੀਮਤੀ ਸਾਵਿੱਤਰੀ ਜਿੰਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਮਾਰਗਦਰਸ਼ਨ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਹਰਿਆਣਾ ਲਗਾਤਾਰ ਪ੍ਰਗਤੀ ਦੇ ਵੱਲ ਵੱਧ ਰਿਹਾ ਹੈ। ਉਨ੍ਹਾਂ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ਆਯੂਸ਼ਮਾਨ ਯੋਜਨਾ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਸਰਕਾਰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਤੇਜੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਮੈਡੀਕਲ ਦੇ ਖੇਤਰ ਵਿਚ ਅਗਰੋਹਾ ਮੈਡੀਕਲ ਕਾਲਜ ਵਿਚ ਨਵੇਂ ਮੁਕਾਮ ਸਥਾਪਿਤ ਕੀਤੇ ਹਨ।

ਪ੍ਰੋਗ੍ਰਾਮ ਵਿਚ ਵਿਧਾਇਕ ਸ੍ਰੀ ਰਣਧੀਰ ਪਨਿਹਾਰ, ਸਾਬਕਾ ਰਾਜਸਭਾ ਸਾਂਸਦ ਜਨਰਲ ਡੀਪੀ ਵੱਤਸ, ਸਾਬਕਾ ਮੰਤਰੀ ਅਨੁਪ ਧਾਨਕ, ਹਿਸਾਰ ਦੇ ਡਿਪਟੀ ਕਮਿਸ਼ਨਰ ਅਨੀਸ਼ ਯਾਦਵ ਸਮੇਤ ਹੋਰ ਮਾਣਯੋਗ ਮਹਿਮਾਨ ਮੌਜੂਦ ਸਨ।

# ਸਪੈਸ਼ਲ ਡੀਜੀਪੀ, ਕਮਿਊਨਿਟੀ ਅਫੇਅਰ ਡਿਵੀਜ਼ਨ (ਸੀ.ਏ.ਡੀ) ਅਤੇ ਮਹਿਲਾ ਕਾਰਜ, ਪੰਜਾਬ ਨੇ ਪੁਲਿਸ ਸਟੇਸ਼ਨ ਮਹਿਲਾ ਕਮਿਸ਼ਨਰੇਟ ਜਲੰਧਰ ਦਾ ਅਚਨਚੇਤ ਨਿਰੀਖਣ ਕੀਤਾ

**ਜਲੰਧਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀਮਤੀ. ਗੁਰਪ੍ਰੀਤ ਕੌਰ ਦਿਓ ਆਈਪੀਐਸ, ਸਪੈਸ਼ਲ ਡੀਜੀਪੀ, ਕਮਿਊਨਿਟੀ ਅਫੇਅਰ ਡਿਵੀਜ਼ਨ (ਸੀਏਡੀ) ਅਤੇ ਮਹਿਲਾ ਕਾਰਜ, ਪੰਜਾਬ, ਨੇ ਕਮਿਸ਼ਨਰੇਟ, ਜਲੰਧਰ ਅਧੀਨ ਪੈਂਦੇ ਮਹਿਲਾ ਪੁਲਿਸ ਸਟੇਸ਼ਨ ਦਾ ਅਚਨਚੇਤ ਨਿਰੀਖਣ ਕਰਨ ਲਈ ਜਲੰਧਰ ਦਾ ਦੌਰਾ ਕੀਤਾ।



ਆਪਣੇ ਦੌਰੇ ਦੌਰਾਨ, ਉਸਨੇ ਸਟੇਸ਼ਨ ਦੇ ਕੰਮਕਾਜ ਦਾ ਜਾਇਜ਼ਾ ਲਿਆ, ਰਿਕਾਰਡ ਅਤੇ ਰਜਿਸਟਰਾਂ ਦੀ ਜਾਂਚ ਕੀਤੀ ਅਤੇ ਥਾਣੇ ਅਤੇ ਇਸਦੇ ਆਲੇ ਦੁਆਲੇ ਦੀ ਸਫਾਈ ਦਾ ਜਾਇਜ਼ਾ ਲਿਆ। ਉਸਨੇ ਜਨਤਕ ਸ਼ਿਕਾਇਤਾਂ ਨੂੰ ਪ੍ਰਭਾਵੀ ਢੰਗ ਨਾਲ ਹੱਲ ਕਰਨ, ਢੁਕਵੇਂ ਦਸਤਾਵੇਜ਼ਾਂ ਦੀ ਸਾਂਭ-ਸੰਭਾਲ ਕਰਨ ਅਤੇ ਸਟੇਸ਼ਨ ਕੰਪਲੈਕਸ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਰੱਖਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ।

ਨਿਰੀਖਣ ਦੇ ਮੁੱਖ ਨੁਕਤੇ:

1.ਮਹਿਲਾ ਪੁਲਿਸ ਸਟੇਸ਼ਨ ਦਾ ਨਿਰੀਖਣ

ਰਿਕਾਰਡ ਰਜਿਸਟਰਾਂ ਦੀ ਪੂਰੀ ਜਾਂਚ ਕੀਤੀ।

ਸਫ਼ਾਈ ਦੇ ਮਾਪਦੰਡਾਂ ਦਾ ਮੁਲਾਂਕਣ ਕੀਤਾ ਅਤੇ ਪੁਲਿਸ ਸਟੇਸ਼ਨ ਵਿੱਚ ਇੱਕ ਸਾਫ਼ ਅਤੇ ਵਾਤਾਵਰਣ-ਅਨੁਕੂਲ ਵਾਤਾਵਰਣ ਬਣਾਈ ਰੱਖਣ 'ਤੇ ਜ਼ੋਰ ਦਿੱਤਾ।

ਸਟਾਫ਼ ਨੂੰ ਇਹ ਯਕੀਨੀ ਬਣਾਉਣ ਲਈ ਹਦਾਇਤ ਕੀਤੀ ਕਿ ਇਮਾਰਤ ਚੰਗੀ ਤਰ੍ਹਾਂ ਸਾਂਭ-ਸੰਭਾਲ ਅਤੇ ਪੇਸ਼ਕਾਰੀ ਯੋਗ ਹੋਵੇ।

2.ਸ਼ਿਕਾਇਤ ਬਕਾਇਆ ਦੀ ਸਮੀਖਿਆ

ਵੱਖ-ਵੱਖ ਸ਼ਿਕਾਇਤਾਂ ਦੀ ਪੈਂਡੈਂਸੀ ਦਾ ਮੁਲਾਂਕਣ ਕੀਤਾ ਗਿਆ ਸੀ, ਜਿਸ ਵਿੱਚ ਸ਼ਾਮਲ ਹਨ:

ਮਹਿਲਾ ਹੈਲਪ ਡੈਸਕ ਸ਼ਿਕਾਇਤਾਂ

ਪਬਲਿਕ ਸ਼ਿਕਾਇਤ ਡਿਵੀਜ਼ਨ (PGD) ਪੋਰਟਲ ਸ਼ਿਕਾਇਤਾਂ

ਮਹਿਲਾ ਪੁਲਿਸ ਸਟੇਸ਼ਨ ਵਿੱਚ ਦਰਜ ਸ਼ਿਕਾਇਤਾਂ

ਜਿਨਸੀ ਅਪਰਾਧਾਂ (ITSSO) ਸ਼ਿਕਾਇਤਾਂ ਲਈ ਜਾਂਚ ਟਰੈਕਿੰਗ ਸਿਸਟਮ ਵਿਸ਼ੇਸ਼ ਡੀਜੀਪੀ ਨੇ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਮਹੱਤਤਾ ਨੂੰ ਦੁਹਰਾਇਆ ਕਿ ਪੁਲਿਸ ਸਟੇਸ਼ਨ ਔਰਤਾਂ ਲਈ ਸੁਰੱਖਿਅਤ ਅਤੇ ਪਹੁੰਚਯੋਗ ਜਗ੍ਹਾ ਬਣਿਆ ਰਹੇ।

3.ਪੰਜਾਬ ਪੁਲਿਸ ਮਹਿਲਾ ਮਿੱਤਰ (PPMM) ਪ੍ਰੋਗਰਾਮ ਦੀ ਸਮੀਖਿਆ

ਵਿਸ਼ੇਸ਼ ਡੀ.ਜੀ.ਪੀ., ਨੇ ਭਰੋਸਾ ਵਧਾਉਣ ਅਤੇ ਪੁਲਿਸ-ਜਨਤਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਪੰਜਾਬ ਪੁਲਿਸ ਮਹਿਲਾ ਮਿੱਤਰ ਅਧਿਕਾਰੀਆਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਉਸਨੇ ਹੇਠਾਂ ਦਿੱਤੇ ਨੁਕਤਿਆਂ ਨੂੰ ਦਰਸਾਉਂਦੇ ਹੋਏ, ਸ਼ਹਿਰ ਦੇ ਸਾਰੇ ਪੁਲਿਸ ਸਟੇਸ਼ਨਾਂ ਦੇ ਸਾਰੇ ਪੀਪੀਐਮਐਮ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਜਾਰੀ ਕੀਤੇ:

• PPMM ਅਧਿਕਾਰੀ, ਜੋ ਜ਼ਮੀਨੀ ਪੱਧਰ 'ਤੇ ਮਹਿਲਾ ਸ਼ਿਕਾਇਤਕਰਤਾਵਾਂ ਨਾਲ ਸਿੱਧੇ ਤੌਰ 'ਤੇ ਜੁੜਦੇ ਹਨ, ਨੂੰ ਹਰ ਮਾਮਲੇ ਨੂੰ ਬਹੁਤ ਹੀ ਸੰਵੇਦਨਸ਼ੀਲਤਾ, ਪੇਸ਼ੇਵਰਤਾ ਅਤੇ ਹਮਦਰਦੀ ਨਾਲ ਨਜਿੱਠਣਾ ਚਾਹੀਦਾ ਹੈ।

ਮਹਿਲਾ ਸ਼ਿਕਾਇਤਕਰਤਾਵਾਂ ਨਾਲ ਸਨਮਾਨ ਨਾਲ ਪੇਸ਼ ਆਉਣਾ ਚਾਹੀਦਾ ਹੈ, ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਅਤੇ ਕਾਨੂੰਨ ਅਨੁਸਾਰ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

ਪੁਲਿਸ ਵਿਭਾਗ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਕੇਸਾਂ ਦੇ ਸਮੇਂ ਸਿਰ ਨਿਆਂ ਅਤੇ ਕੁਸ਼ਲ ਹੱਲ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਇਸ ਨਿਰਦੇਸ਼ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ PPMM ਪਹਿਲਕਦਮੀ ਪੁਲਿਸ ਅਤੇ ਕਮਿਊਨਿਟੀ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨਾ ਜਾਰੀ ਰੱਖਦੀ ਹੈ, ਮਦਦ ਦੀ ਮੰਗ ਕਰਨ ਵਾਲੀਆਂ ਔਰਤਾਂ ਲਈ ਇੱਕ ਸੁਰੱਖਿਅਤ ਅਤੇ ਪਹੁੰਚਯੋਗ ਮਾਹੌਲ ਸਿਰਜਦੀ ਹੈ।

**4 ਮਹਿਲਾ ਪੁਲਿਸ ਅਧਿਕਾਰੀਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਨਾ**

ਵਿਸ਼ੇਸ਼ ਡੀ.ਜੀ.ਪੀ. ਨੇ ਮਹਿਲਾ ਪੁਲਿਸ ਅਧਿਕਾਰੀਆਂ ਨੂੰ ਆਪਣੀ ਡਿਊਟੀ ਦੌਰਾਨ ਦਰਪੇਸ਼ ਚਿੰਤਾਵਾਂ ਅਤੇ ਚੁਣੌਤੀਆਂ ਨੂੰ ਸੁਣਨ ਦਾ ਮੌਕਾ ਵੀ ਲਿਆ। ਅਧਿਕਾਰੀਆਂ ਦੁਆਰਾ ਉਠਾਏ ਗਏ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ, ਅਤੇ ਜਿੱਥੇ ਵੀ ਸੰਭਵ ਹੋ ਸਕੇ ਤੁਰੰਤ ਹੱਲ ਪ੍ਰਦਾਨ ਕੀਤੇ ਗਏ। ਪ੍ਰਾਇਮਰੀ ਮੰਗਾਂ ਵਿੱਚੋਂ ਇੱਕ ਉਹਨਾਂ ਦੀ ਕੁਸ਼ਲਤਾ ਅਤੇ ਵਰਕਫਲੋ ਨੂੰ ਵਧਾਉਣ ਲਈ ਕੰਪਿਊਟਰ ਪੈਰੀਫਿਰਲ ਦੀ ਵਿਵਸਥਾ ਸੀ। ਇਸ ਲੋੜ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਨੇ ਇਹ ਯਕੀਨੀ ਬਣਾਉਣ ਲਈ ਉਹਨਾਂ ਦੀ ਬੇਨਤੀ ਨੂੰ ਮਨਜ਼ੂਰੀ ਦਿੱਤੀ ਕਿ ਅਧਿਕਾਰੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਬਿਹਤਰ ਢੰਗ ਨਾਲ ਲੈਸ ਹਨ। ਇਹ ਕਿਰਿਆਸ਼ੀਲ ਪਹੁੰਚ ਆਪਣੇ ਕਰਮਚਾਰੀਆਂ ਦਾ ਸਮਰਥਨ ਕਰਨ ਅਤੇ ਮਹਿਲਾ ਅਧਿਕਾਰੀਆਂ ਲਈ ਇੱਕ ਸਕਾਰਾਤਮਕ ਅਤੇ ਲਾਭਕਾਰੀ ਕੰਮ ਦੇ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।

ਇਹ ਪਹਿਲਕਦਮੀ ਪੰਜਾਬ ਪੁਲਿਸ ਦੀ ਜਨਤਕ ਸ਼ਮੂਲੀਅਤ ਨੂੰ ਤਰਜੀਹ ਦੇਣ ਅਤੇ ਇਸ ਦੇ ਮਹਿਲਾ ਮਾਮਲੇ ਵਿਭਾਗ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।

# ਜਲੰਧਰ 'ਚ ਕਰੋੜਾਂ ਦੇ ਵਿਕਾਸ ਪ੍ਰਾਜੈਕਟ ਛੇਤੀ ਸ਼ੁਰੂ ਹੋਣਗੇ: ਈਟੀਓ



ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ।

**ਜਲੰਧਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਜ਼ਿਲ੍ਹੇ ਦੇ ਵਿਕਾਸ ਵੱਲ ਮਹੱਤਵਪੂਰਨ ਪੁਲਾਂਘ ਪੁੱਟਦਿਆਂ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਵੱਲੋਂ ਲੋਕ ਭਲਾਈ ਲਈ ਸ਼ੁਰੂ ਕੀਤੀਆਂ ਗਈਆਂ ਪਹਿਲਕਦਮੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਵੱਲੋਂ ਇਨ੍ਹਾਂ ਪ੍ਰਾਜੈਕਟਾਂ ਦੇ ਸਮੇਂ ਸਿਰ ਮੁਕੰਮਲ ਹੋਣ 'ਤੇ ਜ਼ੋਰ ਦਿੱਤਾ ਗਿਆ ਤਾਂ ਜੋ ਹੇਠਲੇ ਪੱਧਰ ਤੱਕ ਸੂਬਾ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਨੂੰ ਯਕੀਨੀ ਬਣਾਇਆ ਜਾ ਸਕੇ। ਮੀਟਿੰਗ ਵਿੱਚ ਵਿਧਾਇਕ ਰਮਨ ਅਰੋੜਾ, ਵਿਧਾਇਕਾ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਕਮਿਸ਼ਨਰ ਜਲੰਧਰ ਨਗਰ ਨਿਗਮ ਗੌਤਮ ਜੈਨ ਵੀ ਸ਼ਾਮਿਲ ਹੋਏ ਜਿਸ ਦੌਰਾਨ ਅਹਿਮ ਵਿਕਾਸ ਪ੍ਰਾਜੈਕਟਾਂ ਬਾਰੇ ਚਰਚਾ ਕੀਤੀ ਗਈ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਪੀਣ ਵਾਲੇ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ 28 ਨਵੇਂ ਟਿਊਬਵੈੱਲ ਅਤੇ ਸੀਵਰੇਜ ਪ੍ਰਾਜੈਕਟ 5 ਦਸੰਬਰ ਤੱਕ ਮੁਕੰਮਲ ਹੋ ਜਾਣਗੇ। ਇਸ ਤੋਂ ਇਲਾਵਾ 40 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਲਾਈਨਾਂ ਦੀ ਕਰਵਾਈ ਜਾ ਰਹੀ ਸਾਫ਼-ਸਫ਼ਾਈ ਬਰਸਾਤ ਦੇ ਪਾਣੀ ਨੂੰ ਇਕੱਠਾ ਹੋਣ ਤੋਂ ਰੋਕੇਗੀ। ਸਾਫ਼-ਸਫ਼ਾਈ ਵੱਲ ਖਾਸ ਧਿਆਨ ਦਿੰਦਿਆਂ ਉਨ੍ਹਾਂ ਨਵੀਂ ਮਸ਼ੀਨਰੀ ਨਾਲ ਜਲੰਧਰ ਸ਼ਹਿਰ ਨੂੰ ਸਾਫ਼-ਸੁਥਰਾ ਤੇ ਹਰਿਆ-ਭਰਿਆ ਬਣਾਉਣ ਲਈ ਵਿਸ਼ੇਸ਼ ਪ੍ਰਾਜੈਕਟ ਦਾ ਐਲਾਨ ਕੀਤਾ।

ਉਨ੍ਹਾਂ ਦੱਸਿਆ ਕਿ 5 ਕਰੋੜ ਰੁਪਏ ਦੀ ਲਾਗਤ ਨਾਲ 6000 ਨਵੀਆਂ ਸਟਰੀਟ ਲਾਈਟਾਂ ਤੋਂ ਇਲਾਵਾ ਫੋਕਲ ਪੁਆਇੰਟ ਇਲਾਕੇ ਵਿੱਚ 1000 ਲਾਈਟਾਂ ਲਗਾਈਆਂ ਜਾਣਗੀਆਂ। ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਦੇ ਮੰਤਵ ਤਹਿਤ ਭਵਿੱਖ ਵਿੱਚ 1500 ਹੋਰ ਕੈਮਰੇ ਲਗਾਉਣ ਦੀ ਯੋਜਨਾ ਹੈ। ਉਨ੍ਹਾਂ ਦੱਸਿਆ ਕਿ ਸੜਕੀ ਬੁਨਿਆਦੀ ਢਾਂਚਾ ਪ੍ਰਗਤੀ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਮੌਕੇ ਦਿਹਾਤੀ ਖੇਤਰਾਂ ਵਿੱਚ ਨਗਰ ਕੌਂਸਲਾਂ ਵਲੋਂ ਵਾਟਰ ਸਪਲਾਈ, ਸੀਵਰੇਜ ਟਰੀਟਮੈਂਟ ਪਲਾਂਟਾਂ ਅਤੇ ਸੜਕੀ ਪ੍ਰੋਜੈਕਟਾਂ ਜਿਸ ਵਿੱਚ ਬਿਲਗਾ ਰਿੰਗ ਰੋਡ ਅਤੇ ਨਕੋਦਰ ਵਿੱਚ ਨਵੇਂ ਪਾਵਰ ਗਰਿੱਡ ਸ਼ਾਮਲ ਹਨ, ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ।

# ਮੁੱਖ ਮੰਤਰੀ ਨੇ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਜਿੱਠਣ ਲਈ ਵਿਸ਼ਵ ਬੈਂਕ ਤੋਂ ਸਹਾਇਤਾ ਮੰਗੀ

**➢ ਕਈ ਪ੍ਰਮੁੱਖ ਖੇਤਰਾਂ ਵਿੱਚ ਵਿੱਤੀ ਸਹਾਇਤਾ ਦੇਣ ਲਈ ਸੂਬੇ ਦੇ ਕੇਸ ਨੂੰ ਮਜ਼ਬੂਤੀ ਨਾਲ ਰੱਖਿਆ ➢ ਸੂਬਾ ਸਰਕਾਰ ਵਾਤਾਵਰਣ ਦੀ ਸੰਭਾਲ ਨੂੰ ਦੇ ਰਹੀ ਹੈ ਪ੍ਰਮੁੱਖ ਤਰਜੀਹ ➢ ਵਿਸ਼ਵ ਬੈਂਕ ਨੇ ਸੂਬਾ ਸਰਕਾਰ ਦੀਆਂ ਮੰਗਾਂ ਪ੍ਰਤੀ ਹਾਂ ਪੱਖੀ ਹੁੰਗਾਰਾ ਭਰਿਆ**

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਨਾਲ ਨਜਿੱਠਣ ਲਈ ਵਿਸ਼ਵ ਬੈਂਕ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਹੈ।

ਭਾਰਤ ਲਈ ਵਿਸ਼ਵ ਬੈਂਕ ਦੇ ਕੰਟਰੀ ਡਾਇਰੈਕਟਰ ਅਗਸਟ ਟੈਨੋ ਕੁਆਮੇ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸੂਬੇ ਨੂੰ ਵਿੱਤੀ ਸਹਾਇਤਾ ਦੇਣ ਸਬੰਧੀ ਕੇਸ ਨੂੰ ਮਜ਼ਬੂਤੀ ਨਾਲ ਪੇਸ਼ ਕੀਤਾ। ਭਗਵੰਤ ਸਿੰਘ ਮਾਨ ਨੇ ਸੂਬਾ ਸਰਕਾਰ ਦੀ ਵਿੱਤੀ ਅਤੇ ਸੰਸਥਾਗਤ ਢਾਂਚੇ ਦੀ ਮਜ਼ਬੂਤੀ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦਿਆਂ ਵਿਕਾਸ ਨੂੰ ਹੁਲਾਰਾ ਦੇਣ, ਜਨਤਕ ਸੇਵਾਵਾਂ ਵਿੱਚ ਸੁਧਾਰ ਅਤੇ ਆਪਣੇ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਿੱਤੀ ਸਹਾਇਤਾ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਨ੍ਹਾਂ ਸੁਧਾਰਾਂ ਸਬੰਧੀ ਸੂਬੇ ਦੇ ਠੋਸ ਏਜੰਡੇ ਨੂੰ ਪ੍ਰਦਰਸ਼ਿਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਹ ਵਿੱਤੀ ਸਹਾਇਤਾ ਮੰਗਣ ਦਾ ਮੁੱਖ ਉਦੇਸ਼ ਵਿੱਤੀ ਸੂਝ-ਬੂਝ, ਬਿਹਤਰ ਪ੍ਰਸ਼ਾਸਨ ਅਤੇ ਬਿਹਤਰ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਤ ਕਰਨਾ ਹੈ।

ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਸ ਵਿੱਤੀ ਸਹਾਇਤਾ ਨਾਲ ਪੰਜਾਬ ਦੀਆਂ ਵਿਕਾਸ ਤਰਜੀਹਾਂ, ਜਿਸ ਵਿੱਚ ਬੁਨਿਆਦੀ ਢਾਂਚਾ ਵਿਕਾਸ, ਮਨੁੱਖੀ ਸਰੋਤ ਵਿਕਾਸ ਅਤੇ ਸਮਾਜ ਭਲਾਈ ਪਹਿਲਕਦਮੀਆਂ ਸ਼ਾਮਲ ਹਨ, ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਮਹੱਤਵਪੂਰਨ ਸਹਿਯੋਗ ਨਾਲ ਪੰਜਾਬ ਖੁਸ਼ਹਾਲੀ ਅਤੇ ਵਿਕਾਸ ਵੱਲ ਵੱਡੀ ਪੁਲਾਂਘ ਪੁੱਟਣ ਲਈ ਪੂਰੀ ਤਰ੍ਹਾਂ ਤਿਆਰ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਾਤਾਵਰਣ ਸੂਬਾ ਸਰਕਾਰ ਲਈ ਇੱਕ ਤਰਜੀਹੀ ਖੇਤਰ ਹੈ ਅਤੇ ਉਨ੍ਹਾਂ ਦੀ ਸਰਕਾਰ ਧਰਤੀ ਹੇਠਲੇ ਪਾਣੀ ਦੀ ਸੰਭਾਲ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੁਰਾਣੇ ਜਲ ਸਰੋਤਾਂ ਨੂੰ ਸੁਰਜੀਤ ਕਰ ਰਹੀ ਹੈ ਅਤੇ ਵਾਹੀਯੋਗ ਜ਼ਮੀਨ ਦੇ ਵੱਧ ਤੋਂ ਵੱਧ ਹਿੱਸੇ ਨੂੰ ਨਹਿਰੀ ਪਾਣੀ ਮੁਹੱਈਆ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨਾਲ ਇੱਕ ਪਾਸੇ ਬਿਜਲੀ ਦੀ ਖਪਤ ਘਟ ਰਹੀ ਹੈ, ਦੂਜੇ ਪਾਸੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਵਿੱਚ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਦੇ ਕਿਨਾਰਿਆਂ ਨੂੰ ਪੱਕਾ ਕਰਨ, ਪੁਰਾਣੇ ਖਾਲਾਂ ਨੂੰ ਸੁਰਜੀਤ ਕਰਨ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਕਿਸਾਨ ਵੱਧ ਤੋਂ ਵੱਧ ਸਤਹੀ ਪਾਣੀ ਦੀ ਵਰਤੋਂ ਕਰ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਧਰਤੀ ਹੇਠਲੇ ਪਾਣੀ ਦਾ ਪੱਧਰ ਇੱਕ ਮੀਟਰ ਦੇ ਕਰੀਬ ਵਧਿਆ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਖੇਤੀ ਮੋਟਰਾਂ ਦੀ ਸੋਲਰਾਈਜ਼ੇਸ਼ਨ ਲਈ ਇੱਕ ਪ੍ਰੋਗਰਾਮ ਤਿਆਰ ਕੀਤਾ ਹੈ, ਜਿਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਕਈ ਗੁਣਾ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜ ਸਾਲਾਂ ਵਿੱਚ ਸੂਬਾ ਸਰਕਾਰ ਵੱਡੀ ਗਿਣਤੀ ਖੇਤੀ ਮੋਟਰਾਂ ਨੂੰ ਤੇਜ਼ੀ ਨਾਲ ਸੋਲਰਾਈਜ਼ ਕਰ ਸਕਦੀ ਹੈ। ਇਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਝੋਨੇ ਦੀ ਖੇਤੀ ਛੱਡ ਕੇ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਵਾਸਤੇ ਪ੍ਰੇਰਿਤ ਕਰਨ ਲਈ ਨੀਤੀ ਘੜਨ 'ਤੇ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੌਲ ਪੰਜਾਬ ਦੀ ਮੁੱਖ ਖੁਰਾਕ ਨਹੀਂ ਹੈ ਪਰ ਸੂਬੇ ਦੇ ਕਿਸਾਨ ਸਮੁੱਚੇ ਦੇਸ਼ ਦੀ ਲੋੜ ਨੂੰ ਪੂਰਾ ਕਰਨ ਲਈ ਝੋਨੇ ਦੀ ਕਾਸ਼ਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਾਲਾਂ, ਮੱਕੀ ਆਦਿ ਵਰਗੀਆਂ ਬਦਲਵੀਆਂ ਫ਼ਸਲਾਂ ਹਨ ਪਰ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਇਨ੍ਹਾਂ ਫ਼ਸਲਾਂ ਦਾ ਮੁੱਲ ਵਧਾਉਣਾ ਸਮੇਂ ਦੀ ਮੁੱਖ ਲੋੜ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵਾਤਾਵਰਨ ਨੂੰ ਬਚਾਉਣ ਲਈ ਪਹਿਲਾਂ ਹੀ ਵੱਖ-ਵੱਖ ਪ੍ਰੋਜੈਕਟਾਂ 'ਤੇ ਵਿਚਾਰ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਫ਼ਲਾਂ ਅਤੇ ਸਬਜ਼ੀਆਂ ਦੇ ਨਿਰਯਾਤ ਕੇਂਦਰ ਵਜੋਂ ਵਿਕਸਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਅਤੇ ਉਪਜਾਊ ਜ਼ਮੀਨ ਕਰਕੇ ਪੰਜਾਬ ਦੀ ਖੇਤੀ ਪੈਦਾਵਾਰ ਵਿਸ਼ਵ ਭਰ ਵਿੱਚ ਸਭ ਤੋਂ ਵੱਧ ਹੈ ਅਤੇ ਸੂਬਾ ਸਰਕਾਰ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਪਣਾਉਣ ਵਾਸਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਹੈ। ਧਰਤੀ ਹੇਠਲੇ ਪਾਣੀ ਵਿੱਚ ਸਿੱਕਾ ਅਤੇ ਹੋਰ ਭਾਰੀ ਧਾਤਾਂ ਦੀ ਮੌਜੂਦਗੀ 'ਤੇ ਚਿੰਤਾ ਪ੍ਰਗਟ ਕਰਦਿਆਂ ਭਗਵੰਤ ਸਿੰਘ ਮਾਨ ਨੇ ਵਿਸ਼ਵ ਬੈਂਕ ਨੂੰ ਲੋਕਾਂ ਦੀ ਸਹੂਲਤ ਲਈ ਉੱਤਰ ਪ੍ਰਦੇਸ਼ ਵਿੱਚ ਸ਼ੁਰੂ ਕੀਤੇ ਗਏ ਪ੍ਰੋਜੈਕਟ ਦੀ ਤਰਜ਼ 'ਤੇ ਸੂਬੇ ਵਿੱਚ ਵੀ ਪ੍ਰੋਜੈਕਟ ਸ਼ੁਰੂ ਕਰਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਵੱਲੋਂ ਉਠਾਏ ਗਏ ਮੁੱਦਿਆਂ 'ਤੇ ਹਾਂ-ਪੱਖੀ ਹੁੰਗਾਰਾ ਭਰਦਿਆਂ ਅਗਸਟ ਟੈਨੋ ਕੁਆਮੇ ਨੇ ਕਿਹਾ ਕਿ ਉਹ ਇਸ ਖੇਤਰ ਵਿੱਚ ਸਹਿਯੋਗ ਕਰਨ ਬਾਰੇ ਵਿਚਾਰ ਕਰ ਰਹੇ ਹਨ ਕਿਉਂਕਿ ਵਿਸ਼ਵ ਬੈਂਕ ਨੇ ਉੱਤਰ ਪ੍ਰਦੇਸ਼ ਵਿੱਚ ਪਹਿਲਾਂ ਹੀ ਇਸ ਪ੍ਰੋਜੈਕਟ ਵਿੱਚ ਸਹਿਯੋਗ ਕੀਤਾ ਹੈ। ਸੂਬਾ ਸਰਕਾਰ ਨਾਲ ਲਗਾਤਾਰ ਮੀਟਿੰਗਾਂ ਕਰਨ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਕਈ ਗੱਲਾਂ ਸਪੱਸ਼ਟ ਹੋ ਜਾਣਗੀਆਂ। ਚੇਅਰਮੈਨ ਨੇ ਕਿਹਾ ਕਿ ਵਿਸ਼ਵ ਬੈਂਕ ਦੀ ਟੀਮ ਕ੍ਰਾਂਤੀਕਾਰੀ ਸੁਧਾਰਾਂ ਨੂੰ ਲਾਗੂ ਕਰਨ ਲਈ ਪੰਜਾਬ ਦੇ ਦ੍ਰਿੜ੍ਹ ਇਰਾਦੇ ਤੋਂ ਪ੍ਰਭਾਵਿਤ ਹੋਈ ਹੈ।

ਅਗਸਟ ਟੈਨੋ ਕੁਆਮੇ ਨੇ ਵਿਕਾਸ ਅਤੇ ਪ੍ਰਗਤੀ ਲਈ ਪੰਜਾਬ ਦੀ ਸਮਰੱਥਾ ਨੂੰ ਮੰਨਦਿਆਂ ਇੱਕ ਮਜ਼ਬੂਤ ਅਤੇ ਲਚਕੀਲੇ ਜਨਤਕ ਵਿੱਤੀ ਪ੍ਰਬੰਧਨ ਢਾਂਚੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਪੰਜਾਬ ਦੇ ਯਤਨਾਂ ਦਾ ਸਮਰਥਨ ਕਰਨ ਲਈ ਆਪਣੀ ਇੱਛਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਵਿਸ਼ਵ ਬੈਂਕ ਵੱਡੇ ਸ਼ਹਿਰਾਂ ਵਿੱਚ ਸਹਿਯੋਗ ਦੇ ਖੇਤਰਾਂ ਅਤੇ ਵਿੱਤੀ ਸੂਝ-ਬੂਝ, ਡੇਟਾ ਸ਼ੇਅਰਿੰਗ ਅਤੇ ਹੋਰ ਸੇਵਾਵਾਂ ਦੀ ਭਾਲ ਕਰ ਰਿਹਾ ਹੈ। ਅਗਸਟ ਟੈਨੋ ਕੁਆਮੇ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵੱਖ-ਵੱਖ ਪ੍ਰੋਜੈਕਟਾਂ ਦੀ ਸ਼ਲਾਘਾ ਵੀ ਕੀਤੀ ਅਤੇ ਕਿਹਾ ਕਿ ਬੈਂਕ, ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਇਨ੍ਹਾਂ ਨੂੰ ਅਪਣਾਉਣ ਬਾਰੇ ਵਿਚਾਰ ਕਰ ਰਿਹਾ ਹੈ।

# ਡੱਡੂਮਾਜਰਾ 'ਚ ਪੁੱਟੇ ਟੋਏ ਲੋਕਾਂ ਲਈ ਖ਼ਤਰਾ ਬਣੇ: ਕੁਲਦੀਪ ਕੁਮਾਰ

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਮੇਅਰ ਕੁਲਦੀਪ ਕੁਮਾਰ ਨੇ ਆਪਣੇ ਵਾਰਡ ਅਧੀਨ ਪੈਂਦੇ ਡੱਡੂਮਾਜਰਾ ਦੇ ਵਾਸੀਆਂ ਦੀਆਂ ਸੀਵਰੇਜ ਸਣੇ ਟੁੱਟੀਆਂ ਸੜਕਾਂ ਅਤੇ ਹੋਰ ਸਮੱਸਿਆਵਾਂ ਸਬੰਧੀ ਸ਼ਿਕਾਇਤਾਂ ਨੂੰ ਮੁੱਖ ਰੱਖਦੇ ਹੋਏ ਪਿੰਡ ਦਾ ਦੌਰਾ ਕੀਤਾ।

ਨਗਰ ਨਿਗਮ ਦੇ ਅਧਿਕਾਰੀਆਂ ਨਾਲ ਇੱਥੇ ਪੁੱਜੇ ਮੇਅਰ ਕੁਲਦੀਪ ਕੁਮਾਰ ਨੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਲਾਕਾ ਵਾਸੀਆਂ ਦੀਆਂ ਹੋਰ ਸਮੱਸਿਆਵਾਂ ਬਾਰੇ ਵੀ ਗੱਲਬਾਤ ਕੀਤੀ। ਉਨ੍ਹਾਂ ਨਾਲ ਨਗਰ ਨਿਗਮ ਦੇ ਜਨ ਸਿਹਤ ਅਤੇ ਬਾਗ਼ਬਾਨੀ ਵਿੰਗ ਦੇ ਅਧਿਕਾਰੀ ਵੀ ਮੌਜੂਦ ਸਨ। ਇਲਾਕੇ ਵਿੱਚ ਬੁਨਿਆਦੀ ਸਹੂਲਤਾਂ ਸਬੰਧੀ ਮੇਅਰ ਨੇ ਤੁਰੰਤ ਨੋਟਿਸ ਲੈਂਦਿਆਂ ਮੌਕੇ 'ਤੇ ਹਾਜ਼ਰ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਦਿੱਕਤਾਂ ਦੇ ਹੱਲ ਲਈ ਤੁਰੰਤ ਠੋਸ ਕਾਰਵਾਈ ਕੀਤੀ ਜਾਵੇ। ਇਲਾਕਾ ਵਾਸੀਆਂ ਨੇ ਮੇਅਰ ਨੂੰ ਡੱਡੂਮਾਜਰਾ ਵਿੱਚ ਸੀਵਰੇਜ ਜਾਮ, ਥਾਂ-ਥਾਂ 'ਤੇ ਪੁੱਟੇ ਟੋਇਆਂ ਬਾਰੇ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਨਿਗਮ ਪ੍ਰਸ਼ਾਸਨ ਦੀ ਕਥਿਤ ਲਾਪਰਵਾਹੀ ਕਾਰਨ ਇੱਥੋਂ ਦੇ ਲੋਕਾਂ ਲਈ ਇਹ ਖੁੱਲ੍ਹੇ ਟੋਏ ਖ਼ਤਰਾ ਬਣੇ ਹੋਏ ਹਨ। ਇਸ ਤੋਂ ਇਲਾਵਾ ਲੋਕਾਂ ਨੇ ਇਲਾਕੇ ਦੀਆਂ ਹੋਰ ਸਮੱਸਿਆਵਾਂ ਬਾਰੇ ਵੀ ਮੇਅਰ ਨਾਲ ਚਰਚਾ ਕੀਤੀ ਤੇ ਸਮੱਸਿਆਵਾਂ ਦੇ ਛੇਤੀ ਹੱਲ ਕਰਵਾਉਣ ਦੀ ਅਪੀਲ ਕੀਤੀ।

ਮੇਅਰ ਕੁਲਦੀਪ ਕੁਮਾਰ ਨੇ ਮੌਕੇ 'ਤੇ ਹਾਜ਼ਰ ਨਿਗਮ ਦੇ ਪਬਲਿਕ ਹੈਲਥ ਵਿੰਗ ਦੇ ਸਬੰਧਤ ਇੰਜਨੀਅਰਾਂ ਨੂੰ ਹਦਾਇਤ ਕੀਤੀ ਕਿ ਸੀਵਰੇਜ ਸਿਸਟਮ ਨੂੰ ਜਲਦੀ ਤੋਂ ਜਲਦੀ ਅਪਗ੍ਰੇਡ ਕੀਤਾ ਜਾਵੇ। ਉਨ੍ਹਾਂ ਸਬੰਧਤ ਇੰਜਨੀਅਰਾਂ ਨੂੰ ਇੱਥੇ ਸੀਵਰੇਜ ਵਿੱਚ ਅਕਸਰ ਆਉਣ ਵਾਲੀ ਜਾਮ ਹੋਣ ਦੀ ਸਮੱਸਿਆ ਦੇ ਹੱਲ ਲਈ ਇੱਥੇ ਲੋੜੀਂਦੀ ਮਸ਼ੀਨਰੀ ਦੀ ਵਰਤੋਂ ਕਰਨ ਦੇ ਵੀ ਨਿਰਦੇਸ਼ ਦਿੱਤੇ।

# ਸਿੱਖਿਆ ਦਾ ਮੰਤਵ ਮਨੁੱਖ ਨੂੰ ਬਿਹਤਰ ਬਣਾਉਣਾ: ਗੋਪਾਲ ਕ੍ਰਿਸ਼ਨ
## ਪੰਜਾਬੀ ਯੂਨੀਵਰਸਿਟੀ ਵਿੱਚ ਤਿੰਨ ਰੋਜ਼ਾ ਕੌਮਾਂਤਰੀ ਕਾਨਫ਼ਰੰਸ ਸਮਾਪਤ




ਕਾਨਫਰੰਸ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

**ਪਟਿਆਲਾ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਸਿੱਖਿਆ ਅਤੇ ਸੁਮਦਾਇ ਸੇਵਾਵਾਂ ਵਿਭਾਗ ਵੱਲੋਂ ਵਿਭਾਗ ਮੁਖੀ ਡਾ. ਜਗਪ੍ਰੀਤ ਕੌਰ ਦੀ ਅਗਵਾਈ ਹੇਠਾਂ ਆਸਟਰੇਲੀਆ ਦੀ ਕਰਟਿਨ ਯੂਨੀਵਰਸਿਟੀ ਪਰਥ ਦੇ ਸਹਿਯੋਗ ਨਾਲ ਕਰਵਾਈ ਗਈ ਕੌਮਾਂਤਰੀ ਕਾਨਫ਼ਰੰਸ ਅੱਜ ਸਫਲਤਾ ਪੂਰਵਕ ਸਮਾਪਤ ਹੋ ਗਈ। ਤੀਜੇ ਦਿਨ ਇੱਕ ਆਫਲਾਈਨ ਅਤੇ ਦੋ ਆਨਲਾਈਨ ਅਕਾਦਮਿਕ ਸੈਸ਼ਨ ਕਰਵਾਏ ਗਏ। ਆਈਸੀਐੱਸਐੱਸਆਰ ਸਪਾਂਸਰਡ ਇਸ ਕਾਨਫ਼ਰੰਸ ਦਾ ਵਿਦਾਇਗੀ ਭਾਸ਼ਣ ਦਿੰਦਿਆਂ ਮਹਾਰਾਸ਼ਟਰ ਦੀ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ ਵਾਰਧਾ ਤੋਂ ਪੁੱਜੇ ਪ੍ਰੋ. ਗੋਪਾਲ ਕ੍ਰਿਸ਼ਨ ਠਾਕੁਰ ਨੇ ਕਿਹਾ ਕਿ ਸਿੱਖਿਆ ਦਾ ਮੰਤਵ ਨੌਕਰੀ ਪ੍ਰਾਪਤ ਕਰਨਾ ਨਹੀਂ ਬਲਕਿ ਸਿੱਖਿਆ ਦਾ ਅਰਥ ਮਨੁੱਖ ਨੂੰ ਬਿਹਤਰ ਬਣਾਉਣਾ ਹੈ।

ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੁੱਜੇ ਪ੍ਰੋ. ਨੰਦਿਤਾ ਸਿੰਘ ਨੇ ਕਿਹਾ ਕਿ ਵਿੱਦਿਆ ਦੇ ਪਰਉਪਕਾਰੀ ਹੋਣ ਦੇ ਸੰਕਲਪ ਨੂੰ ਹਮੇਸ਼ਾ ਚੇਤੇ ਰੱਖਣਾ ਚਾਹੀਦਾ ਹੈ। ਉਨ੍ਹਾਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦੀ ਸ਼ਲਾਘਾ ਕਰਦਿਆਂ ਇਸ ਵਿੱਚ ਆਧੁਨਿਕ ਅਤੇ ਵਿਰਾਸਤੀ ਤੱਤਾਂ ਦੇ ਸੁਮੇਲ ਨੂੰ ਵਿਦਿਆਰਥੀਆਂ ਦੇ ਵਿਕਾਸ ਲਈ ਲਾਹੇਵੰਦ ਦੱਸਿਆ।

ਡਾਇਰੈਕਟਰ ਕਾਂਸਟੀਚੂਐਂਟ ਕਾਲਜ ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਸਾਇੰਸ, ਟੈਕਨਾਲੋਜੀ, ਗਣਿਤ ਅਤੇ ਸਿੱਖਿਆ ਦੇ ਜਿਸ ਸੰਕਲਪ ਉੱਪਰ ਇਹ ਕਾਨਫ਼ਰੰਸ ਉਲੀਕੀ ਗਈ ਸੀ, ਇਹ ਚਾਰੋਂ ਹੀ ਅਨੁਸ਼ਾਸਨ ਕਿਸੇ ਵੀ ਸਮਾਜ ਦੀ ਤਰੱਕੀ ਲਈ ਵਿਸ਼ੇਸ਼ ਅਹਿਮੀਅਤ ਰਖਦੇ ਹਨ। ਕਰਟਿਨ ਯੂਨੀਵਰਸਿਟੀ ਪਰਥ ਤੋਂ ਪ੍ਰੋ. ਰੇਖਾ ਕੌਲ ਨੇ ਉਮੀਦ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਦੋਵੇਂ ਅਦਾਰਿਆਂ ਵੱਲੋਂ ਸਾਂਝੇ ਤੌਰ 'ਤੇ ਅਜਿਹੀਆਂ ਅਕਾਦਮਿਕ ਗਤੀਵਿਧੀਆਂ ਉਲੀਕੀਆਂ ਜਾਣਗੀਆਂ। ਵਿਭਾਗ ਮੁਖੀ ਡਾ. ਜਗਪ੍ਰੀਤ ਕੌਰ ਨੇ ਤਿੰਨੇ ਦਿਨਾਂ ਦਾ ਸਮੁੱਚਾ ਵੇਰਵਾ ਪੇਸ਼ ਕਰਦਿਹਾਂ ਕਿਹਾ ਕਿ ਕਾਨਫ਼ਰੰਸ ਮਿੱਥੇ ਪ੍ਰੋਗਰਾਮਾਂ ਅਨੁਸਾਰ ਸਫਲਤਾ ਪੂਰਵਕ ਨੇਪਰੇ ਚੜ੍ਹੀ ਹੈ। ਸਿੱਖਿਆ ਅਤੇ ਸੂਚਨਾ ਫ਼ੈਕਲਟੀ ਦੇ ਡੀਨ ਪ੍ਰੋ. ਪੁਸ਼ਪਿੰਦਰ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. ਬਲਰਾਜ ਸਿੰਘ ਸੈਣੀ ਵੀ ਵਿਸ਼ੇਸ਼ ਤੌਰ ਉੱਤੇ ਹਾਜ਼ਰ ਰਹੇ।

# 1 ਦਸੰਬਰ ਨੂੰ ਮਨਾਇਆ ਜਾਵੇਗਾ ਕੌਮਾਂਤਰੀ ਅੰਗਹੀਣ ਦਿਹਾੜਾ : ਚਮਕੌਰ ਸ਼ਾਹਪੁਰ

**ਲੌਂਗਵਾਲ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲਜੀ ਸਲਾਇਟ ਵਿਖੇ 1 ਦਸੰਬਰ ਸਵੇਰੇ 9 ਵਜੇ ਤੋਂ ਸ਼ਾਮ ਤੱਕ ਮਕੈਨੀਕਲ ਡਿਪਾਰਟਮੈਂਟ ਦੇ ਐਸ.ਟੀ ਹਾਲ ਵਿਖੇ ਮਨਾਇਆ ਜਾਏਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚਮਕੌਰ ਸਿੰਘ ਸ਼ਾਹਪੁਰ ਜਰਨਲ ਸਕੱਤਰ ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਪੰਜਾਬ ਨੇ ਦੱਸਿਆ ਕਿ ਇਹ ਸੈਮੀਨਾਰ ਅੰਗਹੀਣਾਂ ਨੂੰ ਆਰਥਿਕ ਤੌਰ ਤੇ ਮਜਬੂਤ ਕਰਨ ਲਈ ਸੋਸ਼ਲ ਮੀਡੀਆ ਤੋਂ ਪੈਸੇ ਕਿਵੇਂ ਕਮਾਈਏ ਤੇ ਵਿਸ਼ੇ ਤੇ ਵਿਸ਼ੇਸ਼ ਸੈਮੀਨਾਰ ਕਰਕੇ ਸੋਸ਼ਲ ਮੀਡੀਆ ਤੋਂ ਪੈਸੇ ਕਮਾਉਣ ਦੀ ਟ੍ਰੇਨਿੰਗ ਦਿੱਤੀ ਜਾਵੇਗੀ। ਜੋ ਕਿ ਬਿਲਕੁਲ ਮੁਫਤ ਹੋਵੇਗੀ। ਅਸੀਂ ਅੰਗਹੀਣਾਂ ਵਿਅਕਤੀਆਂ ਨੂੰ ਬੇਨਤੀ ਕਰਦੇ ਹਾਂ ਕਿ ਮੁਫਤ ਟ੍ਰੇਨਿੰਗ ਵਿੱਚ ਆਪਣੀ ਰਜਿਸਟਰੇਸ਼ਨ ਕਰਾ ਕੇ ਇਸ ਦਾ ਫਾਇਦਾ ਉਠਾਓ।



ਇਸ ਵਧੇਰੇ ਸਬੰਧੀ ਜਾਣਕਾਰੀ ਦਿੰਦਿਆਂ ਕਮਲਜੀਤ ਸਿੰਘ ਵਿੱਕੀ ਲੌਂਗੋਵਾਲ ਪ੍ਰਧਾਨ ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਨੇ ਦੱਸਿਆ ਕਿ ਸੈਮੀਨਾਰ ਵਿੱਚ ਵਿਸ਼ੇਸ਼ ਤੌਰ ਤੇ ਗੁਰਪ੍ਰੀਤ ਸਿੰਘ ਗੁਰੀ ਘਰਾਂਗਣਾ, ਸ਼ਮਿੰਦਰ ਸਿੰਘ ਜੁਗਲੂ ਐਜੂਕੇਸ਼ਨ ਟ੍ਰੇਨਿੰਗ ਲਈ ਪਹੁੰਚ ਰਹੇ ਹਨ। ਇਹ ਪ੍ਰੋਗਰਾਮ ਐਸੋਸੀਏਟ ਪ੍ਰੋਫੈਸਰ ਮਨੋਜ ਗੋਇਲ ਦੀ ਪ੍ਰਧਾਨਗੀ ਹੇਠ ਬਾਬਾ ਫਰੀਦ ਮਮੋਰੀਅਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਇਸ ਪ੍ਰੋਗਰਾਮ ਵਿੱਚ ਸੰਤ ਲੋਗੋਵਾਲ ਇੰਸਟੀਚਿਉਟ ਆਫ਼ ਇੰਜਨੀਅਰਿੰਗ ਅਤੇ ਟੈਕਨੋਲੋਜੀ ਲੌਂਗੋਵਾਲ ਦੇ ਡਾਇਰੈਕਟਰ ਪ੍ਰੋਫੈਸਰ ਮਨੀਕਾਂਤ ਪਾਸਵਾਨ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚਣਗੇ।

# ਸੰਗਰੂਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਜ਼ੋਨ ਪੱਧਰੀ ਰੈਲੀ



ਸੰਗਰੂਰ ਵਿੱਚ ਸੀਪੀਆਈ ਦੇ ਕੇਂਦਰੀ ਸਕੱਤਰੇਤ ਮੈਂਬਰ ਡਾ. ਗਰੀਸ਼ ਸ਼ਰਮਾ ਜ਼ੋਨ ਪੱਧਰੀ ਰੈਲੀ ਨੂੰ ਸੰਬੋਧਨ ਕਰਦੇ ਹੋਏ।

**ਸੰਗਰੂਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਜ਼ੋਨ ਪੱਧਰੀ ਰੈਲੀ ਸਥਾਨਕ ਡੀਸੀ ਦਫ਼ਤਰ ਅੱਗੇ ਕੀਤੀ ਗਈ, ਜਿਸ ਵਿਚ ਸੰਗਰੂਰ ਤੋਂ ਇਲਾਵਾ ਚੰਡੀਗੜ੍ਹ, ਮੁਹਾਲੀ, ਪਟਿਆਲਾ ਅਤੇ ਬਰਨਾਲਾ ਜ਼ਿਲ੍ਹਿਆਂ ਤੋਂ ਪਾਰਟੀ ਵਰਕਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਪਾਰਟੀ ਆਗੂ ਕੁਲਵੰਤ ਸਿੰਘ ਮੌਲਵੀ ਵਾਲਾ, ਭਰਪੂਰ ਸਿੰਘ ਬੁਲਾਪੁਰ, ਖੁਸ਼ੀਆ ਸਿੰਘ 'ਤੇ ਆਧਾਰਿਤ ਪ੍ਰਧਾਨਗੀ ਮੰਡਲ ਅਤੇ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ ਦੇ ਮੰਚ ਸੰਚਾਲਨ ਅਧੀਨ ਭਰਵੀਂ ਰੈਲੀ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੇਂਦਰੀ ਸਕੱਤਰੇਤ ਮੈਂਬਰ ਡਾ. ਗਰੀਸ਼ ਸ਼ਰਮਾ ਤੇ ਡਾ. ਬੀਐੱਸ ਕਾਂਗੋ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਫਾਸ਼ੀਵਾਦ ਵੱਲ ਵਧ ਰਹੀ ਹੈ ਅਤੇ ਦੇਸ਼ ਅੰਦਰ ਫਿਰਕੂ ਕਤਾਰਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਨਾਲ ਧੱਕਾ ਕੀਤਾ ਜਾ ਰਿਹਾ। ਸੂਬਾ ਸਕੱਤਰ ਸੀਪੀਆਈ ਸਾਥੀ ਬੰਤ ਬਰਾੜ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਨਾਲ ਬੇਇਨਸਾਫੀ ਕਰ ਰਹੀ ਹੈ, ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਟਾਲ-ਮਟੋਲ ਕਰਦੇ ਆ ਰਹੇ ਹਰਿਆਣੇ ਨੂੰ ਵਿਧਾਨ ਸਭਾ ਲਈ ਚੰਡੀਗੜ੍ਹ ਵਿੱਚ ਜਗ੍ਹਾ ਦੇਣ ਦਾ ਨਿੰਦਣਯੋਗ ਕੰਮ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦੇ ਯਤਨ ਕੀਤੇ ਜਾ ਰਹੇ ਹਨ। ਸੀਪੀਆਈ ਦੀ ਕੌਮੀ ਕੌਂਸਲ ਦੇ ਮੈਂਬਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਸੀਪੀਆਈ ਪੰਜਾਬ ਵਿੱਚ ਪੰਜ ਰੈਲੀਆਂ ਕਰਕੇ ਆਮ ਲੋਕਾਂ ਨੂੰ ਜਾਗਰੂਕ ਕਰਕੇ ਲਗਾਤਾਰ ਸੰਘਰਸ਼ ਕਰਨ ਦਾ ਸੱਦਾ ਦਿੰਦੀ ਹੈ। ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਮੈਂਬਰ ਸੂਬਾ ਸਕੱਤਰੇਤ ,ਸਾਥੀ ਕਸ਼ਮੀਰ ਸਿੰਘ ਗਦਾਈਆ ਮੈਂਬਰ ਸੂਬਾ ਸਕੱਤਰੇਤ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਲਈ ਭਗਤ ਸਿੰਘ ਦੇ ਨਾਂ 'ਤੇ ਕਾਨੂੰਨ ਬਣਾ ਕੇ ਬੇਰੁਜ਼ਗਾਰੀ ਦਾ ਮਸਲਾ ਹੱਲ ਕਰਨਾ ਚਾਹੀਦਾ ਹੈ। ਇੱਕ ਮਤੇ ਰਾਹੀਂ ਮੰਗ ਕੀਤੀ ਕਿ ਸਰਕਾਰੀ ਮੁਲਾਜ਼ਮਾਂ ਦਾ ਪੇਅ ਸਕੇਲ, ਬਕਾਇਆ, ਡੀਏ ਦਾ ਬਕਾਇਆ ਤੁਰੰਤ ਅਦਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਘੱਟੋ ਘੱਟ ਉਜਰਤਾਂ ਵਿੱਚ ਤੁਰੰਤ ਸੋਧ ਕੀਤੀ ਜਾਵੇ।

# ਮੁਹਾਲੀ ਪੁਲਿਸ ਨੇ ਕਤਲ ਦੀ ਗੁੱਥੀ ਸੁਲਝਾਈ, ਦੋ ਗ੍ਰਿਫ਼ਤਾਰ

**ਏਅਰਪੋਰਟ ਸੜਕ 'ਤੇ ਸਾਥੀਆਂ ਨਾਲ ਮਿਲ ਕੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਦਿੰਦੇ ਸਨ ਅੰਜਾਮ**

**ਜ਼ੀਰਕਪੁਰ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਨੇ ਕੁੱਝ ਦਿਨ ਪਹਿਲਾਂ ਛੱਤ ਲਾਈਟਾਂ ਨੇੜੇ ਹੋਏ ਮੋਟਰਸਾਈਕਲ ਸਵਾਰ ਦੇ ਅੰਨ੍ਹੇ ਕਤਲ ਕੇਸ ਨੂੰ ਸੁਲਝਾਉਂਦੇ ਹੋਏ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਮੁਲਜ਼ਮਾਂ ਦੀ ਪਛਾਣ ਸਾਹਿਲ ਕੁਮਾਰ ਵਾਸੀ ਪਿੰਡ ਦੁਨੀਆ ਮਾਜਰਾ (ਕੁਰੂਕਸ਼ੇਤਰ) ਅਤੇ ਚਰਨਜੀਤ ਸਿੰਘ ਵਾਸੀ ਦਿੱਲੀ ਵਜੋਂ ਹੋਈ ਹੈ। ਸਾਹਿਲ ਇਸ ਸਮੇਂ ਐਰੋਸਿਟੀ ਸੈਕਟਰ-83 ਅਤੇ ਚਰਨਜੀਤ ਖਰੜ ਵਿੱਚ ਰਹਿੰਦਾ ਸੀ।



ਮੁਹਾਲੀ ਵਿੱਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਐੱਸਐੱਸਪੀ ਦੀਪਕ ਪਾਰਿਕ।

ਮੁਹਾਲੀ ਦੇ ਐੱਸਐੱਸਪੀ ਦੀਪਕ ਪਾਰਿਕ ਨੇ ਦੱਸਿਆ ਕਿ ਛੱਤ ਲਾਈਟਾਂ ਨੇੜੇ ਮੁਲਜ਼ਮਾਂ ਨੇ ਰਾਣਾ ਪ੍ਰਤਾਪ ਸਿੰਘ ਦਾ ਕਤਲ ਕਰ ਕੇ ਉਸ ਦੀ ਲਾਸ਼ ਝਾੜੀਆਂ ਵਿੱਚ ਸੁੱਟ ਦਿੱਤੀ ਸੀ। ਪੁਲੀਸ ਨੇ ਬੀਤੀ 11 ਨਵੰਬਰ ਨੂੰ ਉਸ ਦੀ ਬਰਾਮਦ ਕੀਤੀ ਸੀ। ਮੁਲਜ਼ਮਾਂ ਨੇ ਆਪਸ ਵਿੱਚ ਮਿਲ ਕੇ ਇਕ ਐਪ ਰਾਹੀਂ ਰਾਣਾ ਪ੍ਰਤਾਪ ਦੇ ਖਾਤੇ 'ਚੋਂ ਕਰੀਬ 10 ਲੱਖ 66 ਹਜ਼ਾਰ ਰੁਪਏ ਮੁਲਜ਼ਮ ਸਾਹਿਲ ਕੁਮਾਰ ਦੇ ਖਾਤੇ ਵਿੱਚ ਟਰਾਂਸਫ਼ਰ ਕਰਵਾ ਲਏ ਸਨ।

ਇਸ ਸਬੰਧੀ ਮ੍ਰਿਤਕ ਦੇ ਭਰਾ ਪ੍ਰਮੋਦ ਸਿੰਘ ਦੇ ਬਿਆਨਾਂ 'ਤੇ ਕੇਸ ਦਰਜ ਕੀਤਾ ਗਿਆ ਸੀ।

ਐੱਸਐੱਸਪੀ ਨੇ ਦੱਸਿਆ ਕਿ ਐੱਸਪੀ (ਡੀ) ਜਯੋਤੀ ਯਾਦਵ, ਐੱਸਪੀ (ਦਿਹਾਤੀ) ਮਨਪ੍ਰੀਤ ਸਿੰਘ ਅਤੇ ਜ਼ਿਲ੍ਹਾ ਸੀਆਈਏ ਸਟਾਫ ਮੁਹਾਲੀ ਦੇ ਇੰਚਾਰਜ ਹਰਮਿੰਦਰ ਸਿੰਘ ਅਤੇ ਥਾਣਾ ਜ਼ੀਰਕਪੁਰ ਦੇ ਐੱਸਐੱਚਓ ਜਸਕੰਵਲ ਸਿੰਘ ਸੇਖੋਂ ਦੀ ਅਗਵਾਈ ਹੇਠ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਇਸ ਦੌਰਾਨ ਸੀਆਈਏ ਦੀ ਟੀਮ ਨੇ ਇਕ ਮੁਲਜ਼ਮ ਨੂੰ ਖਰੜ ਅਤੇ ਦੂਜੇ ਨੂੰ ਐਰੋਸਿਟੀ ਮੁਹਾਲੀ ਤੋਂ ਕਾਬੂ ਕੀਤਾ ਗਿਆ ਹੈ।

ਐੱਸਐੱਸਪੀ ਦੀਪਕ ਪਾਰਿਕ ਨੇ ਦੱਸਿਆ ਕਿ ਮੁਲਜ਼ਮਾਂ ਨੇ 7 ਨਵੰਬਰ ਨੂੰ ਰਾਜਪੁਰਾ ਤੋਂ ਜ਼ੀਰਕਪੁਰ ਸਥਿਤ ਸਕਿਊਰਿਟੀ ਕੰਪਨੀ 'ਚ ਡਿਊਟੀ 'ਤੇ ਆ ਰਹੇ ਰਾਣਾ ਪ੍ਰਤਾਪ ਸਿੰਘ ਨੂੰ ਕਾਬੂ ਕਰ ਕੇ ਪੈਸਿਆਂ ਦੀ ਮੰਗ ਕੀਤੀ। ਉਸ ਵੱਲੋਂ ਇਨਕਾਰ ਕਰਨ 'ਤੇ ਮੁਲਜ਼ਮਾਂ ਨੇ ਉਸ ਦਾ ਕਤਲ ਕਰ ਦਿੱਤਾ। ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਆਪਣੇ ਇਕ ਹੋਰ ਸਾਥੀ ਦੀ ਮਦਦ ਨਾਲ ਇੱਥੇ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ।

# ਕਾਂਗਰਸ ਨੇ 2026 ਦੀਆਂ ਨਗਰ ਨਿਗਮ ਚੋਣਾਂ ਦੀ ਤਿਆਰੀ ਵਿੱਢੀ

**ਚੰਡੀਗੜ੍ਹ, 2 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਕਾਂਗਰਸ ਨੇ ਦੋ ਸਾਲ ਪਹਿਲਾਂ ਹੀ ਸਾਲ 2026 ਦੀਆਂ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਅੱਜ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐੱਚਐੱਸ ਲੱਕੀ ਦੀ ਅਗਵਾਈ ਹੇਠ ਸੈਕਟਰ-35 ਵਿੱਚ ਸਥਿਤ ਚੰਡੀਗੜ੍ਹ ਕਾਂਗਰਸ ਦੇ ਦਫ਼ਤਰ ਵਿੱਚ ਪਾਰਟੀ ਅਹੁਦੇਦਾਰਾਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਚੰਡੀਗੜ੍ਹ ਕਾਂਗਰਸ ਦੇ ਕਈ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਕਾਂਗਰਸ ਪ੍ਰਧਾਨ ਐੱਚਐੱਸ ਲੱਕੀ ਨੇ ਸਾਰਿਆਂ ਨੂੰ ਦਸੰਬਰ 2026 ਵਿੱਚ ਹੋਣ ਵਾਲੀਆਂ ਨਿਗਮ ਚੋਣਾਂ ਦੀਆਂ ਤਿਆਰੀਆਂ ਹੁਣੇ ਤੋਂ ਕਰਨ ਦੀ ਅਪੀਲ ਕੀਤੀ।

ਸ੍ਰੀ ਲੱਕੀ ਨੇ ਕਿਹਾ ਕਿ ਚੰਡੀਗੜ੍ਹ ਨਗਰ ਨਿਗਮ ਵਿੱਚ ਭਾਜਪਾ ਨੇ ਅੱਠ ਸਾਲਾਂ ਵਿੱਚ ਭ੍ਰਿਸ਼ਟਾਚਾਰ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ ਹੈ। ਇਸ ਸਮੇਂ ਦੌਰਾਨ ਸ਼ਹਿਰ ਦੇ ਵਿਕਾਸ ਲਈ ਕੁਝ ਨਹੀਂ ਕੀਤਾ ਗਿਆ ਜਦੋਂਕਿ ਨਗਰ ਨਿਗਮ ਦਾ ਖਜ਼ਾਨਾ ਵੀ ਖਾਲੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਕਾਂਗਰਸ ਤੇ 'ਆਪ' ਗੱਠਜੋੜ ਦੇ ਮੇਅਰ ਦੀ ਅਗਵਾਈ ਹੇਠ ਨਗਰ ਨਿਗਮ ਨੂੰ 8 ਸਾਲਾਂ ਵਿੱਚ ਹੋਏ ਮਾੜੇ ਕੰਮਾਂ ਦਾ ਭੁਗਤਾਨ ਕਰਨਾ ਪੈ ਰਿਹਾ ਹੈ ਪਰ ਕਾਂਗਰਸ ਤੇ 'ਆਪ' ਗੱਠਜੋੜ ਵੱਲੋਂ ਸਾਂਝੇ ਤੌਰ 'ਤੇ ਸ਼ਹਿਰ ਦੇ ਵਿਕਾਸ ਲਈ ਯਤਨ ਕੀਤੇ ਜਾਣਗੇ। ਇਸੇ ਦੌਰਾਨ ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐੱਚਐੱਸ ਲੱਕੀ ਨੇ ਪਾਰਟੀ ਦੇ ਸਮੂਹ ਅਹੁਦੇਦਾਰਾਂ ਨੂੰ ਕਿਹਾ ਕਿ ਚੰਡੀਗੜ੍ਹ ਸ਼ਹਿਰ ਵਿੱਚ ਕਾਂਗਰਸ ਪਾਰਟੀ ਨੂੰ ਬੂਥ ਪੱਧਰ 'ਤੇ ਮਜ਼ਬੂਤ ਕਰਨ ਲਈ ਹੁਣੇ ਤੋਂ ਮੁਹਿੰਮ ਚਲਾਈ ਜਾਵੇ। ਇਸ ਦੌਰਾਨ ਲੋਕਾਂ ਨੂੰ ਭਾਜਪਾ ਦੇ 8 ਸਾਲਾਂ ਦੇ ਮਾੜੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਸਾਲ 2014 ਤੋਂ ਹੀ ਲੋਕਾਂ ਨੂੰ ਮੈਟਰੋ ਦੇ ਨਾਮ 'ਤੇ ਵਰਗਲਾਇਆ ਜਾ ਰਿਹਾ ਹੈ ਜਦੋਂਕਿ ਹਾਲੇ ਤੱਕ ਮੈਟਰੋ ਨੂੰ ਸਿਧਾਂਤਕ ਤੌਰ 'ਤੇ ਮਨਜ਼ੂਰੀ ਨਹੀਂ ਦਿੱਤਾ ਜਾ ਸਕੀ ਹੈ।

# ਚੈੱਕ ਗਣਰਾਜ ਦੇ ਵਫ਼ਦ ਨੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਪੰਜਾਬ ਦੇ ਰਾਜਪਾਲ ਨਾਲ ਕੀਤੀ ਮੁਲਾਕਾਤ

➢ ਮੀਟਿੰਗ ਦਾ ਮੁੱਖ ਉਦੇਸ਼ ਚੰਡੀਗੜ੍ਹ ਨਾਲ ਸਿਸਟਰ ਸਿਟੀ ਵਜੋਂ ਸਹਿਯੋਗ ਕਰਨ 'ਤੇ ਧਿਆਨ ਦੇਣਾ

➢ ਚੈੱਕ ਦੇ ਵਫ਼ਦ ਨੇ ਚੰਡੀਗੜ੍ਹ ਵਿੱਚ ਟਰਾਮ ਅਤੇ ਹਾਈਡ੍ਰੋਜਨ ਬੱਸਾਂ ਸ਼ੁਰੂ ਕਰਨ ਦੇ ਵਿਚਾਰ ਦੀ ਪੇਸ਼ਕਸ਼ ਕੀਤੀ

ਚੰਡੀਗੜ੍ਹ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੈੱਕ ਗਣਰਾਜ ਤੋਂ ਭਾਰਤ ਦੇ ਰਾਜਦੂਤ ਡਾ. ਏਲਿਸਕਾ ਜ਼ਿਗੋਵਾ ਦੀ ਅਗਵਾਈ ਵਿੱਚ ਗੁਨੀਤ ਚੌਧਰੀ ਚੰਡੀਗੜ੍ਹ ਵਿੱਚ ਚੈੱਕ ਗਣਰਾਜ ਦੇ ਆਨਰੇਰੀ ਕੌਂਸਲੇਟ ਦੇ ਨਾਲ ਅੱਜ ਪੰਜਾਬ ਰਾਜ ਭਵਨ ਵਿਖੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਨੇ ਵਿਭਿੰਨ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਵਧਾਉਣ ਲਈ ਵਿਚਾਰ ਕੀਤਾ ਗਿਆ। ਇਸ ਮੀਟਿੰਗ ਵਿੱਚ ਖਾਸ ਤੌਰ 'ਤੇ ਚੰਡੀਗੜ੍ਹ ਨੂੰ ਸਿਸਟਰ ਸਿਟੀ ਵਜੋਂ ਵਿਕਸਤ ਕਰਨ ਦੇ ਸਹਿਯੋਗ 'ਤੇ ਧਿਆਨ ਕੇਂਦਰਿਤ ਕੀਤਾ ਗਿਆ, ਜਿਸ ਵਿੱਚ ਵਾਤਾਵਰਣ, ਕੂੜਾ ਪ੍ਰਬੰਧਨ, ਵਾਤਾਵਰਣ ਅਨੁਕੂਲ ਜਨਤਕ ਆਵਾਜਾਈ ਸਬੰਧੀ ਨਵੀਨਤਾਵਾਂ, ਵਿਦਿਅਕ ਸਹਿਯੋਗ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਸ਼ਾਮਲ ਹਨ। ਇਸ ਵਿਚਾਰ-ਵਟਾਂਦਰੇ ਦੌਰਾਨ ਡਾ. ਜ਼ਿਗੋਵਾ ਨੇ ਚੰਡੀਗੜ੍ਹ ਵਿੱਚ ਨਵੀਨ ਸ਼ਹਿਰੀ ਜਨਤਕ ਆਵਾਜਾਈ ਦੇ ਹੱਲ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਨੇ ਸ਼ਹਿਰ ਵਿੱਚ ਇੱਕ ਮੈਟਰੋ ਪ੍ਰਣਾਲੀ ਦੇ ਟਿਕਾਊ ਵਿਕਲਪ ਵਜੋਂ ਟਰਾਮ ਪ੍ਰਣਾਲੀ ਨੂੰ ਲਾਗੂ ਕਰਨ ਦਾ ਪ੍ਰਸਤਾਵ ਦਿੱਤਾ। ਉਹਨਾਂ ਅੱਗੇ ਕਿਹਾ ਕਿ ਟਰਾਮ ਪ੍ਰਣਾਲੀ ਚੰਡੀਗੜ੍ਹ ਦੇ ਅਮੀਰ ਵਿਰਾਸਤੀ ਮਹੱਤਵ ਦਾ ਸਨਮਾਨ ਕਰਦੇ ਹੋਏ ਬਿਹਤਰ ਵਿਕਲਪ ਹੈ। ਇਹ ਟਿਕਾਊ ਸ਼ਹਿਰੀ ਵਿਕਾਸ ਵੱਲ ਗਲੋਬਲ ਰੁਝਾਨਾਂ ਨਾਲ ਮੇਲ ਖਾਂਦੀ ਹੈ ਅਤੇ ਇਸਦਾ ਉਦੇਸ਼ ਰਹਿਣ ਯੋਗ ਸ਼ਹਿਰੀ ਵਾਤਾਵਰਣ ਬਿਹਤਰ ਬਣਾਉਣਾ ਹੈ। ਇਹਨਾਂ ਟਰਾਮਸ ਤੋਂ ਇਲਾਵਾ ਡਾ. ਜ਼ਿਗੋਵਾ ਨੇ ਇੰਟਰ-ਸਿਟੀ ਕਨੈਕਟੀਵਿਟੀ ਲਈ ਹਾਈਡ੍ਰੋਜਨ ਬੱਸਾਂ ਚਲਾਉਣ ਲਈ ਸੁਝਾਅ ਦੀ ਪੇਸ਼ਕਸ਼ ਕੀਤੀ। ਇਹ ਬੱਸਾਂ ਕਾਰਬਨ ਦੇ ਨਿਕਾਸ ਨੂੰ ਘਟਾਉਣ ਅਤੇ ਵਾਤਾਵਰਣ ਦੇ ਅਨੁਕੂਲ ਜਨਤਕ ਆਵਾਜਾਈ ਹੱਲਾਂ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਰਾਜਪਾਲ ਨੇ ਦੌਰੇ 'ਤੇ ਆਏ ਵਫ਼ਦ



ਨੂੰ ਭਰੋਸਾ ਦਿਵਾਇਆ ਕਿ ਉਹ ਚੰਡੀਗੜ੍ਹ ਪ੍ਰਸ਼ਾਸਨ ਨੂੰ ਸ਼ਹਿਰ ਵਿੱਚ ਟਰਾਮ ਅਤੇ ਮੈਟਰੋ ਦੀ ਤੁਲਨਾਤਮਕ ਵਿਵਹਾਰਕਤਾ ਅਤੇ ਹਾਈਡ੍ਰੋਜਨ ਬੱਸਾਂ ਦੀ ਸ਼ੁਰੂਆਤ ਬਾਰੇ ਇੱਕ ਵਿਸਥਾਰਤ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਲਈ ਕਹਿਣਗੇ। ਇਸ ਵਿਚਾਰ-ਵਟਾਂਦਰੇ ਦੌਰਾਨ ਚੈੱਕ ਗਣਰਾਜ ਅਤੇ ਚੰਡੀਗੜ੍ਹ ਦੀਆਂ ਸੰਸਥਾਵਾਂ ਦਰਮਿਆਨ ਵਿਦਿਅਕ ਸਹਿਯੋਗ ਸਬੰਧੀ ਸੰਭਾਵਨਾਵਾਂ ਬਾਰੇ ਵੀ ਵਿਚਾਰ ਕੀਤਾ ਗਿਆ। ਡਾ. ਜ਼ਿਗੋਵਾ ਨੇ ਵਿਦਿਆਰਥੀ ਆਦਾਨ-ਪ੍ਰਦਾਨ ਪ੍ਰੋਗਰਾਮ ਦਾ ਪ੍ਰਸਤਾਵ ਦਿੱਤਾ ਜਿਸਦਾ ਉਦੇਸ਼ ਦੋਵਾਂ ਖੇਤਰਾਂ ਦੇ ਨੌਜਵਾਨਾਂ ਵਿੱਚ ਆਪਸੀ ਸਮਝ ਅਤੇ ਸੱਭਿਆਚਾਰਕ ਤਾਲਮੇਲ ਨੂੰ ਵਧਾਉਣਾ ਹੈ। ਇਸ ਪਹਿਲਕਦਮੀ ਨਾਲ ਵਿਦਿਆਰਥੀਆਂ ਦੇ ਵਿਦਿਅਕ ਤਜ਼ਰਬਿਆਂ ਨੂੰ ਭਰਪੂਰ ਬਣਾਉਣ ਅਤੇ ਦੋਵਾਂ ਸਭਿਆਚਾਰਾਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਉਮੀਦ ਹੈ। ਇਸ ਤੋਂ ਇਲਾਵਾ ਉਹਨਾਂ ਨੇ ਸੱਭਿਆਚਾਰਕ ਵਟਾਂਦਰੇ ਦੀਆਂ ਪਹਿਲਕਦਮੀਆਂ ਕਰਵਾਉਣ ਵਿੱਚ ਦਿਲਚਸਪੀ ਦਿਖਾਈ, ਜਿਸ ਵਿੱਚ ਚੰਡੀਗੜ੍ਹ ਵਿੱਚ ਚੈਕ ਭੋਜਨ ਅਤੇ ਫਿਲਮ ਫੈਸਟੀਵਲ ਸ਼ਾਮਲ ਹਨ ਜੋ ਦੋਵਾਂ ਸਭਿਆਚਾਰਾਂ ਦੇ ਖੁਰਾਕ ਪਦਾਰਥਾਂ ਅਤੇ ਸਿਨੇਮਾ ਸਬੰਧੀ ਪਰੰਪਰਾਵਾਂ ਨੂੰ ਪ੍ਰਦਰਸ਼ਿਤ ਕਰਨਗੇ। ਰਾਜਪਾਲ ਅਤੇ ਯੂ.ਟੀ. ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਇਨ੍ਹਾਂ ਪ੍ਰਸਤਾਵਾਂ ਨੂੰ ਸਕਾਰਾਤਮਕ ਹੁੰਗਾਰਾ ਦਿੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਅਦਾਨ-ਪ੍ਰਦਾਨ ਨਾ ਸਿਰਫ਼ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣਗੇ ਸਗੋਂ ਦੋਵਾਂ ਦੇਸ਼ਾਂ ਵਿਚਕਾਰ ਵਧੇਰੇ ਸਮਝ ਨੂੰ ਵੀ ਉਤਸ਼ਾਹਿਤ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਇਹ ਸਹਿਯੋਗੀ ਯਤਨ ਦੋਵਾਂ ਸ਼ਹਿਰਾਂ ਚੰਡੀਗੜ੍ਹ ਅਤੇ ਚੈੱਕ ਦੇ ਸੁਨਹਿਰੀ ਭਵਿੱਖ ਲਈ ਰਾਹ ਪੱਧਰਾ ਕਰਨਗੇ।

ਇਸ ਮੀਟਿੰਗ ਦਾ ਇੱਕ ਮਹੱਤਵਪੂਰਨ ਪਹਿਲੂ ਚੰਡੀਗੜ੍ਹ ਅਤੇ ਸਿਸਟਰ ਸਿਟੀ ਚੈੱਕ ਗਣਰਾਜ ਸ਼ਹਿਰਾਂ ਦਰਮਿਆਨ ਭਾਈਵਾਲੀ ਦੀਆਂ ਸੰਭਾਵਨਾਵਾਂ ਦੀ ਖੋਜ ਕਰਨਾ ਸੀ। ਸ੍ਰੀ ਗੁਲਾਬ ਚੰਦ ਕਟਾਰੀਆ ਨੇ ਡਾ. ਜ਼ਿਗੋਵਾ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ ਅਧਿਕਾਰੀਆਂ ਨਾਲ ਇਸ ਪਹਿਲਕਦਮੀ ਨੂੰ ਸਰਗਰਮੀ ਨਾਲ ਅੱਗੇ ਵਧਾਉਣਗੇ ਅਤੇ ਦੋਵਾਂ ਖੇਤਰਾਂ ਦਰਮਿਆਨ ਵਪਾਰ, ਸੈਰ-ਸਪਾਟਾ, ਸਿੱਖਿਆ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਵਿੱਚ ਸਹਿਯੋਗ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਗੇ। ਡਾ. ਜ਼ਿਗੋਵਾ ਨੇ ਐਲਾਨ ਕੀਤਾ ਕਿ ਚੈੱਕ ਗਣਰਾਜ ਦਾ ਇੱਕ ਵਫ਼ਦ ਵੱਖ-ਵੱਖ ਸਹਿਯੋਗੀ ਪਹਿਲਕਦਮੀਆਂ 'ਤੇ ਅਗਾਊਂ ਵਿਚਾਰ-ਵਟਾਂਦਰੇ ਲਈ ਮਾਰਚ 2025 ਵਿੱਚ ਚੰਡੀਗੜ੍ਹ ਦਾ ਦੌਰਾ ਕਰਨਗੇ। ਇਹ ਦੌਰਾ ਟਿਕਾਊ ਸ਼ਹਿਰੀ ਵਿਕਾਸ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਪ੍ਰਤੀ ਦੋਵਾਂ ਧਿਰਾਂ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰੇਗਾ।

## ਅੰਮ੍ਰਿਤਸਰ ਦੇ 450 ਸਾਲਾ ਸਥਾਪਨਾ ਦਿਵਸ ਨੂੰ ਲੈ ਕੇ ਸਪੀਕਰ ਨੇ ਕੀਤੀ ਪਲੇਠੀ ਮੀਟਿੰਗ

ਚੰਡੀਗੜ੍ਹ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਦੇ 450 ਸਾਲਾ ਸਥਾਪਨਾ ਦਿਵਸ ਜੋ ਕਿ ਸਾਲ 2027 ਨੂੰ ਆ ਰਿਹਾ ਹੈ, ਨੂੰ ਵਧੀਆ ਢੰਗ ਨਾਲ ਮਨਾਉਣ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ ਕੁਲਤਾਰ ਸਿੰਘ ਸੰਧਵਾਂ ਨੇ ਅੰਮ੍ਰਿਤਸਰ ਦੀਆਂ ਧਾਰਮਿਕ, ਸਮਾਜਿਕ ਅਤੇ ਹੋਰ ਸੰਸਥਾਵਾਂ ਨਾਲ ਵਿਚਾਰ ਚਰਚਾ ਕੀਤੀ ਅਤੇ ਉਨ੍ਹਾਂ ਦੀ ਸਲਾਹ ਲਈ ਕਿ ਇਸ ਨੂੰ ਵਧੀਆ ਢੰਗ ਨਾਲ ਕਿਸ ਤਰ੍ਹਾਂ ਮਨਾਇਆ ਜਾ ਸਕਦਾ ਹੈ। ਇਸ ਮੀਟਿੰਗ ਵਿੱਚ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਮਾਨਯੋਗ ਸਪੀਕਰ ਦੇ ਧਿਆਨ ਵਿੱਚ ਲਿਆਂਦਾ ਕਿ ਕੇਵਲ ਦੋ ਸਾਲ ਦਾ ਹੀ ਸਮਾਂ ਸਾਡੇ ਕੋਲ ਹੈ ਅਤੇ 450 ਸਾਲਾ ਨੂੰ ਮਨਾਉਣ ਲਈ ਜੰਗੀ ਪੱਧਰ ਤੇ ਤਿਆਰੀਆਂ ਕੀਤੀਆਂ ਜਾਣੀਆਂ ਹਨ।

ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਸਮੱਸਿਆ ਇਸ ਸਮੇਂ ਸਾਫ ਸਫਾਈ, ਬਿਜਲੀ ਦੀਆਂ ਲਟਕਦੀਆ ਤਾਰਾਂ ਅਤੇ ਟ੍ਰੈਫਿਕ ਵਿਵਸਥਾ ਨੂੰ ਦਰੁਸਤ ਕਰਨਾ ਹੈ। ਇਸ ਵਿਚਾਰ ਚਰਚਾ ਨੂੰ ਅੱਗੇ ਤੋਰਦੇ ਹੋਏ ਸ੍ਰ ਜਸਵਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਬਾਹਰੋਂ ਆਉਣ ਵਾਲੇ ਯਾਤਰੂਆਂ ਨੂੰ ਰਸਤਿਆਂ ਦੀ ਸਹੀ ਜਾਣਕਾਰੀ ਨਹੀਂ ਮਿਲਦੀ, ਇਸ ਲਈ ਅੰਮ੍ਰਿਤਸਰ ਦੇ ਮੇਨਗੇਟ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ ਤੱਕ ਸਾਇਨ ਬੋਰਡ ਲਗਾਏ ਜਾਣ। ਉਨ੍ਹਾਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸੇ ਰਿਹਾਇਸ਼ਾਂ ਅਤੇ ਕਮਰੀਸ਼ੀਅਲ ਅਦਾਰਿਆਂ ਨੂੰ ਜਾਗਰੂਕ ਕੀਤਾ ਜਾਵੇ ਕਿ ਉਹ ਆਪਣੀਆਂ ਛੱਤਾਂ ਤੇ ਬੂਟੇ ਲਗਾਉਣ ਤਾਂ ਜੋ ਪ੍ਰਦੂਸ਼ਿਤ ਵਾਤਾਵਰਣ ਨੂੰ ਠੀਕ ਕੀਤਾ ਜਾ ਸਕੇ ਅਤੇ ਆਉਣ ਵਾਲੇ ਯਾਤਰੂਆਂ ਨੂੰ ਵਧੀਆ ਪ੍ਰਭਾਵ ਪਵੇ। ਇਸ ਮੌਕੇ ਕਈ ਹੋਰ ਸੰਸਥਾਵਾਂ ਦੇ ਮੈਂਬਰਾਂ ਨੇ ਮਾਨਯੋਗ ਸਪੀਕਰ ਸਾਹਿਬ ਦੇ ਧਿਆਨ ਵਿੱਚ ਲਿਆਉਂਦਿਆਂ ਕਿਹਾ ਕਿ ਹਾਲਗੇਟ ਤੋਂ ਲੈ ਕੇ ਜਲਿਆਂਵਾਲਾ ਬਾਗ ਤੱਕ ਵੱਡੀ ਗਿਣਤੀ ਵਿੱਚ ਭਿਖਾਰੀ ਹਨ ਜਿਨ੍ਹਾਂ ਨੂੰ ਇਥੇ ਹਟਾਇਆ ਜਾਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਹੋਰ ਸਭ ਤੋਂ ਵੱਡੀ ਸਮੱਸਿਆ ਨਜ਼ਾਇਜ ਕਬਜੇ ਅਤੇ ਅਵਾਰਾ ਕੁੱਤਿਆਂ ਦੀ ਹੈ।

ਵਿਚਾਰ ਚਰਚਾ ਉਪਰੰਤ ਸ੍ਰ ਸੰਧਵਾਂ ਨੇ ਕਿਹਾ ਕਿ ਸਰਕਾਰ 450 ਸਾਲਾ ਮਨਾਉਣ ਲਈ ਹਰੇਕ ਸੰਭਵ ਕਦਮ ਚੁੱਕੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਹਰੇਕ ਦੋ ਮਹੀਨਿਆਂ ਬਾਅਦ ਮੀਟਿੰਗ ਕੀਤੀ ਜਾਵੇਗੀ। ਸ੍ਰ ਸੰਧਵਾਂ ਨੇ ਸਮੂਹ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ 450 ਸਾਲਾ ਮਨਾਉਣ ਲਈ ਆਪੋ ਆਪਣੇ ਸੁਝਾਓ ਅਤੇ ਯੋਜਨਾ ਤਿਆਰ ਕਰਕੇ ਦੇਣ ਤਾਂ ਜੋ ਉਸ ਅਨੁਸਾਰ ਕਾਰਵਾਈ ਆਰੰਭੀ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਮਨਾਉਣ ਲਈ ਵਚਨਬੱਧ ਹੈ ਅਤੇ ਇਸ ਕਾਰਜ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਸ੍ਰ ਸੰਧਵਾਂ ਨੇ ਸਮੂਹ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਪਵਿੱਤਰ ਕਾਰਜ ਲਈ ਵੱਧ ਚੜ੍ਹ ਕੇ ਸਰਕਾਰ ਦਾ ਸਹਿਯੋਗ ਕਰਨ। ਸ੍ਰ ਸੰਧਵਾ ਨੇ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸ਼ਹਿਰ ਦੀ ਸਾਫ ਸਫਾਈ ਵਿਵਸਥਾ ਨੂੰ ਲੈ ਕੇ ਸਖਤ ਕਦਮ ਚੁੱਕੇ ਜਾਣ ਅਤੇ ਸ਼ਹਿਰ ਦੀ ਟ੍ਰੈਫਿਕ ਵਿਵਸਥਾ ਨੂੰ ਤੁਰੰਤ ਦਰੁਸਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮਾਗਮ ਨੂੰ ਮਨਾਉਣ ਲਈ ਹੁਣ ਤੋਂ ਹੀ ਬਿਜਲੀ ਦੀਆਂ ਲਟਕਦੀਆਂ ਤਾਰਾਂ, ਰਸਤੇ ਵਿੱਚ ਆਉਂਦੇ ਖੰਭੇ, ਸਾਫ ਸਫਾਈ ਦੀ ਸ਼ੁਰੂਆਤ ਹੋ ਜਾਣੀ ਚਾਹੀਦੀ ਹੈ।

ਇਸ ਮੀਟਿੰਗ ਵਿੱਚ ਵਿਧਾਇਕ ਡਾ:ਅਜੈ ਗੁਪਤਾ, ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ, ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ, ਪੁਲਿਸ ਕਮਿਸ਼ਨਰ ਸ ? ਗੁਰਪ੍ਰੀਤ ਸਿੰਘ ਭੁੱਲਰ, ਕਮਿਸ਼ਨਰ ਨਗਰ ਸ੍ਰੀ ਗੁਲਪ੍ਰੀਤ ਸਿੰਘ ਔਲਖ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਸਰੀਨ, ਚੇਅਰਮੈਨ ਪ੍ਰਦੂਸ਼ਣ ਕੰਟਰੋਲ ਬੋਰਡ ਡਾ ਆਦਰਸ਼ ਪਾਲ ਵਿਗ, ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਸ੍ਰ ਜਸਪ੍ਰੀਤ ਸਿੰਘ ਤੋਂ ਇਲਾਵਾ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਮੁਖੀ ਵੀ ਹਾਜਰ ਸਨ।

# ਲਾਲਜੀਤ ਸਿੰਘ ਭੁੱਲਰ ਵੱਲੋਂ ਸੂਬੇ ਵਿੱਚ ਸੜਕ ਹਾਦਸਿਆਂ 'ਚ ਮੌਤ ਦਰ ਘਟਾਉਣ ਲਈ ਜ਼ੋਰਦਾਰ ਮੁਹਿੰਮ ਦੀ ਸ਼ੁਰੂਆਤ

ਸੜਕ ਸੁਰੱਖਿਆ ਵਧਾਉਣ ਲਈ ਸਬੰਧਤ ਵਿਭਾਗਾਂ ਦੀਆਂ ਕਾਰਵਾਈ ਰਿਪੋਰਟਾਂ ਦੀ ਮਾਸਿਕ ਸਮੀਖਿਆ, ਸੀ.ਸੀ.ਟੀ.ਵੀ. ਨਿਗਰਾਨੀ, ਆਨਲਾਈਨ ਚਲਾਨ ਪ੍ਰਣਾਲੀਆਂ ਅਤੇ ਜਵਾਬਦੇਹੀ ਉਪਾਵਾਂ ਦੀ ਵਿਆਪਕ ਰਣਨੀਤੀ ਉਲੀਕੀ, ਦਰੁਸਤ ਕੀਤੇ ਗਏ ਸਾਰੇ ਬਲੈਕ-ਸਪਾਟਾਂ ਦੇ ਥਰਡ-ਪਾਰਟੀ ਆਡਿਟ ਦੇ ਨਿਰਦੇਸ਼

ਚੰਡੀਗੜ੍ਹ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਭਰ ਵਿੱਚ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦੀ ਦਰ ਘਟਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਸੂਬੇ ਭਰ ਵਿੱਚ ਸੜਕ ਸੁਰੱਖਿਆ ਵਧਾਉਣ ਲਈ ਬਹੁ-ਪੱਖੀ ਰਣਨੀਤੀ ਦੀ ਰੂਪ ਰੇਖਾ ਉਲੀਕੀ। ਉਨ੍ਹਾਂ ਟ੍ਰੈਫਿਕ ਉਲੰਘਣਾਵਾਂ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਨੀਤੀ ਅਪਣਾਉਣ 'ਤੇ ਜ਼ੋਰ ਦਿੱਤਾ ਅਤੇ ਹੋਰ ਕਈ ਮਹੱਤਵਪੂਰਨ ਫ਼ੈਸਲੇ ਲਏ।

ਇੱਥੇ ਪੰਜਾਬ ਭਵਨ ਵਿਖੇ ਪੰਜਾਬ ਰਾਜ ਸੜਕ ਸੁਰੱਖਿਆ ਕੌਂਸਲ (ਪੀ.ਐਸ.ਆਰ.ਐਸ.ਸੀ) ਦੀ 15ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਲਾਲਜੀਤ ਸਿੰਘ ਭੁੱਲਰ ਨੇ ਵਿਭਾਗੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਲਈ ਲਾਜ਼ਮੀ ਮਹੀਨਾਵਾਰ ਸਮੀਖਿਆ ਮੀਟਿੰਗਾਂ ਕਰਨ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨਿਰਧਾਰਤ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹਿਣ ਵਾਲੇ ਵਿਭਾਗਾਂ ਵਿਰੁੱਧ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਵੱਖ-ਵੱਖ ਵਿਭਾਗਾਂ ਦੀਆਂ ਕਾਰਵਾਈ



ਰਿਪੋਰਟਾਂ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਜੇਕਰ ਮਹੀਨਾਵਾਰ ਮੀਟਿੰਗ ਦੌਰਾਨ ਕਿਸੇ ਵਿਭਾਗ ਦੀ ਕਾਰਵਾਈ ਰਿਪੋਰਟ ਵਿੱਚ ਕੋਈ ਕਮੀ ਸਾਹਮਣੇ ਆਉਂਦੀ ਹੈ ਅਤੇ ਵਿਭਾਗ ਮਿੱਥੇ ਟੀਚੇ ਨੂੰ ਪੂਰਾ ਨਹੀਂ ਕਰਦਾ ਤਾਂ ਸਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਸਿਹਤ ਵਿਭਾਗ ਨੂੰ ਵਿਸ਼ੇਸ਼ ਤੌਰ 'ਤੇ ਟਰੌਮਾ ਸੈਂਟਰਾਂ ਵਿੱਚ ਸਟਾਫ਼ ਦੀ ਘਾਟ ਨੂੰ ਪੂਰਾ ਕਰਨ ਅਤੇ ਸੜਕ ਹਾਦਸਿਆਂ ਦੇ ਪੀੜਤਾਂ ਦੇ ਬਚਾਅ ਦੀ ਦਰ ਨੂੰ ਵਧਾਉਣ ਲਈ ਵਿਆਪਕ ਮੈਡੀਕਲ ਉਪਕਰਣਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ।

ਇੱਕ ਅਹਿਮ ਪਹਿਲਕਦਮੀ ਤਹਿਤ ਟਰਾਂਸਪੋਰਟ ਵਿਭਾਗ ਵੱਲੋਂ ਪੰਜ ਉੱਚ ਜੋਖਮ ਵਾਲੇ (ਰੈੱਡ ਜ਼ੋਨ) ਜ਼ਿਲ੍ਹਿਆਂ ਪਟਿਆਲਾ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਵਿੱਚ ਸੀ.ਸੀ.ਟੀ.ਵੀ. ਨਿਗਰਾਨੀ ਦਿ ਪਾਇਲਟ ਪ੍ਰਾਜੈਕਟ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ ਵਿਸਥਾਰ ਪੜਾਅ ਵਾਰ ਢੰਗ ਨਾਲ ਸੂਬੇ ਭਰ ਵਿੱਚ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਕਰਨ ਲਈ ਚੰਡੀਗੜ੍ਹ ਦੀ ਤਰਜ਼ 'ਤੇ ਆਨਲਾਈਨ ਚਲਾਨ ਪ੍ਰਣਾਲੀ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ।

ਟਰਾਂਸਪੋਰਟ ਮੰਤਰੀ ਨੇ ਅਹਿਮ ਫੈਸਲਾ ਲੈਂਦਿਆਂ ਸੜਕ ਸੁਰੱਖਿਆ ਫੋਰਸ (ਐਸ.ਐਸ.ਐਫ.) ਦੀ ਸਥਾਪਨਾ ਲਈ 55 ਕਰੋੜ ਰੁਪਏ ਜਾਰੀ ਕਰਨ ਨੂੰ ਪ੍ਰਵਾਨਗੀ ਦਿੱਤੀ। ਇਸ ਫੋਰਸ ਨੂੰ 144 ਹਾਈਵੇ ਪੈਟਰੋਲ ਵਾਹਨਾਂ ਨਾਲ ਲੈਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਢਲੇ ਮੁਲਾਂਕਣ ਤੋਂ ਪਤਾ ਲੱਗਾ ਹੈ ਕਿ ਐਸ.ਐਸ.ਐਫ. ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਸੜਕ ਹਾਦਸਿਆਂ ਦੀ ਮੌਤ ਦਰ ਵਿੱਚ 45.5 ਫ਼ੀਸਦੀ ਦੀ ਕਮੀ ਆਈ ਹੈ। ਇਸ ਫੋਰਸ ਦੀ ਸਹਾਇਤਾ ਲਈ ਇਲੈਕਟ੍ਰਾਨਿਕ ਉਪਕਰਣਾਂ ਦੀ ਖਰੀਦ ਲਈ ਵਾਧੂ 7 ਕਰੋੜ ਰੁਪਏ ਵੀ ਮਨਜ਼ੂਰ ਕੀਤੇ ਗਏ।

ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੇ ਸੁਝਾਅ 'ਤੇ ਸੂਬੇ ਭਰ ਦੇ ਦਰੁਸਤ ਕੀਤੇ ਗਏ ਸਾਰੇ ਬਲੈਕ ਸਪਾਟਾਂ ਦਾ ਥਰਡ ਪਾਰਟੀ ਆਡਿਟ ਕਰਵਾਉਣ ਦੇ ਫੈਸਲੇ ਬਾਰੇ ਵੀ ਮੀਟਿੰਗ ਵਿੱਚ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਸਬੰਧੀ ਮਾਮਲਿਆਂ ਨਾਲ ਨਜਿੱਠਣ ਵਾਲੀ ਸੁਤੰਤਰ ਏਜੰਸੀ ਜਿਵੇਂ ਆਈ.ਆਈ.ਟੀ. ਦਿੱਲੀ ਦਾ ਟਰਾਂਸਪੋਰਟੇਸ਼ਨ ਰਿਸਰਚ ਐਂਡ ਇੰਜਰੀ ਪ੍ਰੀਵੈਨਸ਼ਨ ਸੈਂਟਰ (ਜੋ ਡਬਲਯੂ.ਐਚ.ਓ. ਅਧੀਨ ਸੜਕ ਸੁਰੱਖਿਆ ਲਈ ਸੈਂਟਰ ਆਫ਼ ਐਕਸੀਲੈਂਸ ਹੈ) ਅਤੇ ਰੋਡ ਟਰਾਂਸਪੋਰਟ ਐਂਡ ਹਾਈਵੇਜ਼ ਆਫ਼ ਇੰਡੀਆ (ਭਾਰਤ ਸਰਕਾਰ) ਨਾਲ ਸੂਚੀਬੱਧ ਪੀ.ਈ.ਸੀ., ਚੰਡੀਗੜ੍ਹ, ਸੜਕ ਸੁਰੱਖਿਆ ਆਡੀਟਰ ਨੂੰ ਸੂਬੇ ਭਰ ਵਿੱਚ ਸ਼ਨਾਖਤ ਕੀਤੇ ਗਏ ਬਲੈਕ ਸਪਾਟਾਂ ਦਾ ਥਰਡ ਪਾਰਟੀ ਆਡਿਟ ਕਰਵਾਉਣ ਦਾ ਕੰਮ ਸੌਂਪਿਆ ਜਾਵੇਗਾ ਤਾਂ ਜੋ ਬਲੈਕ ਸਪਾਟਾਂ ਨੂੰ ਦਰੁਸਤ ਕਰਨ ਦੇ ਨਤੀਜਿਆਂ ਅਤੇ ਪ੍ਰਭਾਵਾਂ ਦਾ ਪਤਾ ਲਗਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਦਰੁਸਤ ਕੀਤੇ ਗਏ ਬਲੈਕ ਸਪਾਟਾਂ ਦਾ ਥਰਡ-ਪਾਰਟੀ ਆਡਿਟ ਅਤੇ ਨਤੀਜਿਆਂ ਦਾ ਪਤਾ ਲਗਾਉਣ ਦੇ ਤਰੀਕਿਆਂ ਅਤੇ ਪ੍ਰਕਿਰਿਆ ਦੇ ਮੁਲਾਂਕਣ ਦੀ ਵੀ ਲੋੜ ਹੈ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਨ੍ਹਾਂ ਬਲੈਕ ਸਪਾਟਾਂ ਨੂੰ ਦਰੁਸਤ ਕਰਨ ਨਾਲ ਲੋੜੀਂਦੇ ਨਤੀਜੇ ਪ੍ਰਾਪਤ ਹੋਏ ਹਨ ਜਾਂ ਨਹੀਂ।

ਮੀਟਿੰਗ ਦੌਰਾਨ ਆਈ.ਆਈ.ਟੀ. ਦਿੱਲੀ, ਆਈ.ਆਈ.ਟੀ. ਮਦਰਾਸ ਅਤੇ ਸੀ.ਆਰ.ਆਰ.ਆਈ ਪੂਨੇ ਆਦਿ ਵਰਗੀਆਂ ਨਾਮਵਰ ਸੰਸਥਾਵਾਂ ਤੋਂ ਸੜਕ ਸੁਰੱਖਿਆ ਆਡਿਟ ਵਿੱਚ ਸੜਕਾਂ ਦੀ ਦੇਖ-ਰੇਖ ਕਰਨ ਵਾਲੇ ਵਿਭਾਗਾਂ (ਐਸ.ਡੀ.ਓ. ਅਤੇ ਉਸ ਤੋਂ ਉਪਰ) ਦੇ ਅਧਿਕਾਰੀਆਂ ਦੀ ਸਿਖਲਾਈ; ਆਗਾਮੀ ਮਹੀਨੇ ਵਿੱਚ ਪੰਜਾਬ ਵਿੱਚ ਸੇਫਰ ਰੋਡਜ਼ ਫਾਰ ਐਵਰੀਵਨ (ਸੇਫ਼) ਸਕੀਮ ਬਾਰੇ ਕੌਮੀ ਪੱਧਰ ਦੇ ਸੈਮੀਨਾਰ ਕਰਵਾਉਣ; ਈ-ਡੀ.ਏ.ਆਰ ਅਧੀਨ ਪੁਲਿਸ ਸਟੇਸ਼ਨਾਂ ਦੇ ਅਧਿਕਾਰ ਖੇਤਰਾਂ ਦੀ ਮੈਪਿੰਗ ਅਤੇ ਵਿੱਤ ਵਿਭਾਗ ਵੱਲੋਂ ਸੜਕ ਸੁਰੱਖਿਆ ਬਾਰੇ ਲੀਡ ਏਜੰਸੀ ਪੰਜਾਬ ਵਿੱਚ ਅਹੁਦਿਆਂ ਦਾ ਪੁਨਰਗਠਨ ਕਰਨ ਸਮੇਤ ਪ੍ਰਮੁੱਖ ਨੀਤੀਗਤ ਫੈਸਲੇ ਲਏ ਗਏ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਧੀਕ ਮੁੱਖ ਸਕੱਤਰ ਟਰਾਂਸਪੋਰਟ ਸ੍ਰੀ ਡੀ.ਕੇ. ਤਿਵਾੜੀ; ਡਾਇਰੈਕਟਰ ਜਨਰਲ ਲੀਡ ਏਜੰਸੀ ਸ੍ਰੀ ਆਰ. ਵੈਂਕਟ ਰਤਨਮ; ਏ.ਡੀ.ਜੀ.ਪੀ.(ਟ੍ਰੈਫਿਕ) ਸ੍ਰੀ ਏ.ਐਸ. ਰਾਏ; ਐਸ.ਟੀ.ਸੀ. ਸ੍ਰੀ ਜਸਪ੍ਰੀਤ ਸਿੰਘ; ਸੀ.ਈ.ਓ ਸਟੇਟ ਹੈਲਥ ਏਜੰਸੀ ਸ੍ਰੀਮਤੀ ਬਬੀਤਾ; ਮੈਨੇਜਰ (ਟੈਕ) ਐਨ.ਐਚ.ਏ.ਆਈ. ਸ੍ਰੀ ਸੁਧੀਰ ਨੈਥਨ; ਸੀ.ਈ ਲੋਕ ਨਿਰਮਾਣ ਵਿਭਾਗ ਸ੍ਰੀ ਐਨ.ਪੀ.ਸ਼ਰਮਾ; ਸੀ.ਈ ਸਥਾਨਕ ਸਰਕਾਰਾਂ ਵਿਭਾਗ ਸ੍ਰੀ ਰਾਜਿੰਦਰ ਰਾਏ; ਵਧੀਕ ਐਸ.ਟੀ.ਸੀ. ਸ੍ਰੀ ਸੁਖਵਿੰਦਰ ਕੁਮਾਰ ਅਤੇ ਆਟੋਮੋਬਾਈਲ ਇੰਜੀਨੀਅਰ ਸ੍ਰੀ ਰਣਪ੍ਰੀਤ ਸਿੰਘ ਭਿਓਰਾ ਸ਼ਾਮਲ ਸਨ।

## ਟੂਰਨਾਮੈਂਟ ਕਮੇਟੀ ਵੱਲੋਂ ਡੀਐਸਪੀ ਜਸਪ੍ਰੀਤ ਸਿੰਘ ਦਾ ਵਿਸ਼ੇਸ਼ ਸਨਮਾਨ

ਗੜ੍ਹਸ਼ੰਕਰ, 2 ਦਸੰਬਰ
--ਅਸ਼ਵਨੀ ਸ਼ਰਮਾ-
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ-ਏ-ਆਜ਼ਮ ਫੁੱਟਬਾਲ ਟੂਰਨਾਮੈਂਟ ਚ ਟੀਮਾਂ ਦੇ ਰੋਚਕ ਮੁਕਾਬਲੇ ਕਰਵਾਏ ਜਾ ਰਹੇ ਸ.ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਵਲੋਂ ਕਰਵਾਏ ਜਾ ਰਹੇ ਟੂਰਨਾਮੈਂਟ ਦੇ ਤੀਜੇ ਦਿਨ ਐਥਲੈਟਿਕ ਮੀਟ ਚ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਂਉਡ (ਅੰਡਰ-17 ਤੇ ਅੰਡਰ-19) ਦੇ ਲੜਕੇ-ਲੜਕੀਆਂ ਦੇ ਕਰਵਾਏ ਜਾ ਰਹੇ 15ਵੇਂ ਫੁੱਟਬਾਲ ਮੁਕਾਬਲੇ ਅਤੇ ਲੰਬੀ ਛਾਲ ਤੇ ਗੋਲਾ ਸੁੱਟਣ ਦੇ ਮੁਕਾਬਲੇ ਟੂਰਨਾਮੈਂਟ ਦੇ ਤੀਸਰੇ ਦਿਨ ਵੱਖ-ਵੱਖ ਟੀਮਾਂ ਵਿਚਕਾਰ ਕਰਵਾਏ ਵੀ ਜਾਣਗੇ। ਇਸ ਮੌਕੇ ਰੋਚਕ ਮੁਕਾਬਲੇ ਹੋਏ। ਇਸ ਮੌਕੇ ਜਸਪ੍ਰੀਤ ਸਿੰਘ ਕਮਲਜੀਤ ਬੈਂਸ, ਝਲਮਣ ਸਿੰਘ, ਜਸਵੀਰ ਸਿੰਘ ਜਸਪ੍ਰੀਤ ਸਿੰਘ ਡੀਐਸਪੀ ਗੜ੍ਹਸ਼ੰਕਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਆੜਤੀ, ਰਜਿੰਦਰ ਸ਼ਾਬਲਾ, ਸੁਨੀਲ ਕੁਮਾਰ ਗੋਲਡੀ, ਖਿਡਾਰੀਆਂ ਦੀ ਹੌਂਸਲਾ ਅਫ਼ਜਾਈ ਕੀਤੀ।ਇਸ ਮੌਕੇ ਜਸਪ੍ਰੀਤ ਸਿੰਘ ਕਮਲਜੀਤ ਬੈਂਸ, ਝਲਮਣ ਸਿੰਘ, ਜਸਵੀਰ ਸਿੰਘ, ਜਸਵਿੰਦਰ ਸਿੰਘ ਰਾਏ, ਰਮਨ ਬੰਗਾ, ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ ਸਾਬਕਾ ਕੌਂਸਲਰ ਪਰਮਜੀਤ ਸਿੰਘ ਪੰਮਾ, ਅਮਰੀਕ ਹਮਰਾਜ਼, ਸਮੇਤ ਵੱਡੀ ਗਿਣਤੀ ਵਿਚ ਸਮੇਤ ਐਨ.ਆਰ.ਆਈਜ਼ ਦਾ ਬਹੁਤ ਵੱਡਾ ਸਹਿਯੋਗ ਅਤੇ ਕਲੱਬ ਦੇ ਮੈਂਬਰ, ਇਲਾਕੇ ਦੇ ਮੋਹਤਬਰਾਂ ਦਾ ਵੱਡੀ ਗਿਣਤੀ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰੋਜ਼ਾਨਾ ਵੱਖ-ਵੱਖ ਗਿਣਤੀ ਵਿੱਚ ਖੇਡ ਪ੍ਰੇਮੀ ਹਾਜਰ ਹੋ ਰਹੇ ਹਨ।

# ਨਸ਼ਿਆਂ ਦੀ ਅਲਾਮਤ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੀ ਸਮੀਖਿਆ ਕਰਨ ਲਈ ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਾਨਿਜ਼ਮ ਦੀ ਹੋਈ ਮਹੀਨੇਵਾਰ ਮੀਟਿੰਗ

ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜਨਤਕ ਲਾਮਬੰਦੀ ਵਿੱਚ ਤਬਦੀਲ ਕਰਕੇ ਸਮਾਜ 'ਚੋਂ ਨਸ਼ਿਆਂ ਦਾ ਖਾਤਮਾ ਸੰਭਵ : ਸੁਖਪ੍ਰੀਤ ਸਿੰਘ ਸਿੱਧੂ

ਮਲੇਰਕੋਟਲਾ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਸ਼ਿਆਂ ਦੀ ਅਲਾਮਤ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੀ ਸਮੀਖਿਆ ਕਰਨ ਲਈ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨ.ਸੀ.ਓ.ਆਰ.ਡੀ) ਅਧੀਨ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਵਿਭਾਗ ਨਸ਼ਿਆਂ ਦੀ ਅਲਾਮਤ ਤੋਂ ਮੁਕੰਮਲ ਤੌਰ 'ਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਅਤੇ ਨਸ਼ਾ-ਤਸਕਰਾ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਪੁਲਿਸ ਪ੍ਰਸਾਸ਼ਨ ਅਤੇ ਸਬੰਧਤ ਵਿਭਾਗ ਸਾਂਝੀ ਰਣਨੀਤੀ ਤੇ ਆਪਸ ਵਿੱਚ ਮਿਲ ਕੇ ਕੰਮ ਕਰਨ ਨੂੰ ਯਕੀਨੀ ਬਣਾਉਣ ।

ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨੌਜਵਾਨਾਂ ਅਤੇ ਸਕੂਲੀ ਵਿਦਿਆਰਥੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਅਤੇ ਉਨ੍ਹਾਂ



ਦੀ ਉਚਿੱਤ ਸਮੇਂ ਤੇ ਪੁਖ਼ਤਾ ਕੌਂਸਲਿੰਗ, ਧਾਰਮਿਕ ਸਿੱਖਿਆ ਨਾਲ ਜੋੜਨ, ਅਤੇ ਉਨ੍ਹਾਂ ਦੀ ਉਰਜਾ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਕਿਹਾ । ਉਨ੍ਹਾਂ ਇਹ ਵੀ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਮੁਹਿੰਮ ਨੂੰ ਜਨਤਕ ਲਾਮਬੰਦੀ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਜੋ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਵਿੱਚ ਸਹਾਈ ਸਿੱਧ ਹੋ ਸਕਦਾ ਹੈ।

ਉਨ੍ਹਾਂ ਵਿੱਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਟੀਚੇ ਨਾਲ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਗਤੀਵਿਧੀਆਂ ਉਲੀਕਣ ਤਾਂ ਜੋ ਇਸ ਅਲਾਮਤ ਨੂੰ ਸਮਾਜ ਵਿੱਚੋਂ ਖਤਮ ਕੀਤਾ ਜਾ ਸਕੇ । ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਕੈਮਿਸਟ ਵੱਲੋਂ ਪਾਬੰਦੀਸ਼ੁਦਾ ਦਵਾਈਆਂ ਨਾ ਵੇਚੀਆਂ ਜਾਣ ਅਤੇ ਵਿਦਿਅਕ ਅਦਾਰਿਆਂ ਦੇ 100 ਮੀਟਰ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਨਾ ਵੇਚੇ ਜਾਣ।ਡੀ.ਐਸ.ਪੀ.ਰਣਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇੱਕ ਨਸ਼ਾ ਵਿਰੋਧੀ ਹੈਲਪਲਾਈਨ ਅਤੇ ਵਟਸਐਪ ਚੈਟਬੋਟ (9779100200) ਤਿਆਰ ਕੀਤਾ ਹੈ ਜਿਸ ਤੇ ਕੋਈ ਵੀ ਵਿਅਕਤੀ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਸਬੰਧੀ ਜਾਣਕਾਰੀ ਸਾਂਝੀ ਕਰ ਸਕਦਾ ਹੈ।

ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ ਤੇ ਵੀ ਨਸ਼ਾ ਵਿਰੋਧੀ ਹੈਲਪਲਾਈਨ ਵੀ ਚਲਾਈ ਜਾ ਰਹੀ ਹੈ ਜਿਸ ਦਾ ਨੰਬਰ 91155-18150 ਹੈ। ਉਨ੍ਹਾਂ ਜ਼ਿਲ੍ਹੇ ਦੀ ਅਵਾਮ ਨੂੰ ਇਨ੍ਹਾਂ ਚੈਨਲਾਂ ਰਾਹੀਂ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਦੀ ਅਪੀਲ ਕੀਤੀ ।

ਉਨ੍ਹਾਂ ਪੁਲਿਸ ਵਿਭਾਗ ਦੀ ਕਾਰਜਗੁਜਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਨਵਰੀ 2024 ਤੋਂ ਹੁਣ ਤੱਕ ਜ਼ਿਲ੍ਹੇ 'ਚ ਐਨ.ਡੀ.ਪੀ.ਐਸ ਐਕਟ ਤਹਿਤ 181 ਮੁਕੱਦਮਿਆਂ 'ਚ 241 ਦੋਸ਼ੀਆਂ ਦੀ ਗ੍ਰਿਫ਼ਤਾਰ ਕਰਕੇ ਕਰੀਬ 02 ਲੱਖ 58 ਹਜ਼ਾਰ ਰੁਪਏ ਦੀ ਡਰੱਗ ਮਨੀ, 930 ਕਿੱਲੋ ਭੁੱਕੀ, 36,475 ਗੋਲੀਆਂ/ਕੈਪਸੂਲ, 03 ਕਿਲੋ 73 ਗ੍ਰਾਮ ਹੈਰੋਇਨ,133 ਸ਼ੀਸ਼ੀਆਂ,23 ਕਿਲੋ210 ਗਰਾਮ ਅਫੀਮ, 04 ਕਿਲੋਂ 870 ਗਰਾਮ ਸੁਲਫਾ ਅਤੇ 13 ਕਿਲੋਂ 800 ਗਰਾਮ ਹਰੇ ਪੌਦੇ(ਖਸਖਸ) ਅਤੇ 35 ਵਹੀਕਲ ਬਰਾਮਦ ਕੀਤੇ ਗਏ ਹਨ। ਇਸ ਤਰ੍ਹਾਂ ਕਮਰਸ਼ੀਅਲ ਮੁਕੱਦਮਿਆ ਤਹਿਤ 12 ਮੁਕੱਦਮੇ ਦਰਜ ਕਰਕੇ 20 ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ । ਇਸ ਤੋਂ ਇਲਾਵਾ ਪੁਲਿਸ ਵਿਭਾਗ ਵਲੋਂ ਵੱਖ ਵੱਖ ਵਿਭਾਗਾਂ ਦੀ ਸਹਾਇਤਾਂ ਨਾਲ 65 ਜਾਗਰੂਕਤਾ ਸੈਮੀਨਾਰ ਵੀ ਆਯੋਜਤ ਕੀਤੇ ਗਏ ਹਨ ਤਾਂ ਜੋ ਇਸ ਅਆਮਤ ਵਿਰੁੱਧ ਆਵਾਜ ਬੁਲੰਦ ਕੀਤੀ ਜਾ ਸਕੇ । ਹੁਣ ਤੱਕ ਵਿਭਾਗ ਵਲੋਂ 20 ਨਸ਼ਾ ਤਸਕਰਾਂ ਦੀਆਂ 17 ਜਾਇਦਾਦਾ ਬਾਬਤ ਰਕਮ ਕਰੀਬ 12 ਕਰੋੜ 30 ਲੱਖ 65 ਹਜਾਰ 192 ਰੁਪਏ ਜਬਤ ਕੀਤੀਆਂ ਹਨ । ਇਸ ਮੌਕੇ ਐਸ.ਡੀ.ਐਮ. ਮਾਲੇਰਕੋਟਲਾ/ਅਹਿਮਦਗੜ੍ਹ ਹਰਬੰਸ ਸਿੰਘ,ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ, ਜ਼ਿਲ੍ਹਾ ਸਿਹਤ ਅਫ਼ਸਰ ਡਾ.ਰੇਸਮਾ ਭੌਰਾ, ਮੈਡੀਕਲ ਅਫ਼ਸਰ ਡਾ ਅਸ਼ੋਕ,ਜ਼ਿਲ੍ਹਾ ਖੇਡ ਅਫ਼ਸਰ ਗੁਰਦੀਪ ਸਿੰਘ,ਜ਼ਿਲ੍ਹਾ ਖੇਤੀਬਾੜੀ ਅਫ਼ਸਰ ਡਾ. ਕੁਲਵੀਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ ।

## ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸ਼ਹਿਰ 'ਚ ਵੱਖੋ-ਵੱਖ ਚਰਚਾਵਾਂ ਛਿੜੀਆਂ

ਮਾਛੀਵਾੜਾ ਸਾਹਿਬ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਨਗਰ ਕੌਂਸਲ ਚੋਣਾਂ ਸੂਤਰਾਂ ਮੁਤਾਬਿਕ ਦਸੰਬਰ ਮਹੀਨੇ ਵਿੱਚ ਕਰਵਾਉਣ ਦੀਆਂ ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ। ਜਿਸ ਨੂੰ ਲੈ ਕੇ ਵੱਖੋ ਵੱਖ ਸਿਆਸੀ ਪਾਰਟੀਆਂ ਦੇ ਆਗੂ ਵੀ ਹੁਣ ਗੂੜੀ ਨੀਂਦ ਚੋਂ ਜਾਗਦੇ ਦਿਖਾਈ ਦੇ ਰਹੇ ਹਨ ਅਤੇ ਰਾਜਨੀਤਿਕ ਦਲਾਂ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਚੋਂ ਆਪੋ ਆਪਣੇ ਉਮੀਦਵਾਰਾਂ ਦੀ ਖੋਜ ਵੀ ਸ਼ੁਰੂ ਹੋ ਚੁੱਕੀ ਹੈ। ਪਰ ਇਹਨਾਂ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਸ਼ਹਿਰ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵਿੱਚ ਥੋੜੀ ਨਿਰਾਸ਼ਾ ਜਿਹੀ ਜਾਪ ਰਹੀ ਹੈ, ਕਿਉਂਕਿ ਦਸੰਬਰ ਮਹੀਨਾ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲ਼ ਨੂੰ ਸਮਰਪਿਤ ਹੁੰਦਾ ਹੈ।

ਇਸੇ ਮਹੀਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਿਵਾਰ ਦਾ ਵਿਛੋੜਾ ਪਿਆ ਸੀ। ਜਿਨ੍ਹਾਂ ਦੀ ਯਾਦ ਵਿੱਚ ਮਾਛੀਵਾੜਾ ਸਾਹਿਬ ਵਿਖੇ ਹਰ ਸਾਲ ਸਲਾਨਾ ਸਭਾ ਵੱਡੇ ਪੱਧਰ ਤੇ ਮਨਾਈ ਜਾਂਦੀ ਹੈ ਅਤੇ ਲੱਖਾਂ ਦੀ ਤਾਦਾਦ ਵਿੱਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਇਥੋਂ ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੀਆਂ ਹਨ।

ਧਾਰਮਿਕ ਅਤੇ ਸਮਾਜਿਕ ਆਗੂਆਂ ਸਮੇਤ ਸਿੱਖ ਸੰਗਤਾਂ ਦਾ ਮੰਨਣਾ ਹੈ ਕਿ ਅਗਰ ਪੰਜਾਬ ਸਰਕਾਰ ਨਗਰ ਕੌਂਸਲ ਚੋਣਾਂ ਦਸੰਬਰ ਮਹੀਨੇ ਕਰਵਾਉਂਦੀ ਹੈ ਤਾਂ ਸਾਡੇ ਮਨਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੈ। ਸੋ ਜਿਆਦਾਤਰ ਸ਼ਹਿਰ ਵਾਸੀਆਂ ਅਤੇ ਆਮ ਲੋਕਾਂ ਦਾ ਇਹੀ ਮੰਨਣਾ ਹੈ ਕਿ ਨਗਰ ਕੌਂਸਲ ਚੋਣਾਂ ਜਨਵਰੀ ਮਹੀਨੇ ਹੀ ਕਰਵਾਈਆਂ ਜਾਣ, ਜਿਸ ਨਾਲ ਸਿਖ ਕੌਮ ਦੇ ਉਹਨਾਂ ਮਹਾਨ ਸ਼ਹੀਦਾਂ ਦੀ ਮਾਣ ਮਰਿਆਦਾ ਨੂੰ ਪੂਰਨ ਤੌਰ ਤੇ ਕਾਇਮ ਰੱਖਿਆ ਜਾਵੇ।

# ਸਿੱਖਿਆ ਗਗਨ ਦਾ ਧਰੂਤਾਰਾ : ਜਤਿੰਦਰ ਸਿੰਘ ਮਾਣਕੂ



ਗੜ੍ਹਸ਼ੰਕਰ-ਕੁਝ ਲੋਕ ਬਿਖੜੇ ਰਾਹਾਂ ਦੇ ਪਾਂਧੀ ਬਣ ਕੇ ਇਸ ਧਰਤੀ ਤੇ ਵਿਚਰਦੇ ਹਨ ਅਤੇ ਆਪਣੀ ਵਿੱਲਖਣ ਸ਼ਖ਼ਸੀਅਤ ਦੇ ਅਜਿਹੇ ਨਕਸ਼ ਛੱਡ ਜਾਂਦੇ ਹਨ ਜਿਨ੍ਹਾਂ ਤੇ ਨਾ ਸਿਰਫ਼ ਲੋਕ ਰਸ਼ਕ ਕਰਦੇ ਹਨ ਸਗੋਂ ਉਨ੍ਹਾਂ ਨੂੰ ਆਪਣਾ ਅਦਰਸ਼ ਮੰਨ ਕੇ ਉਹਨਾਂ ਪੈੜਾਂ ਤੇ ਤੁਰਨ ਦੀ ਕੋਸ਼ਿਸ਼ ਵੀ ਕਰਦੇ ਹਨ।ਅਜਿਹੇ ਅਸਾਧਾਰਣ ਵਿਅਕਤੀਤਵ ਦੇ ਸੁਆਮੀ ਸਨ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਜਤਿੰਦਰ ਸਿੰਘ ਮਾਣਕੂ।ਪਿੰਡ ਚਾਂਦਸੂ ਜੱਟਾਂ ਦੇ ਵਸਨੀਕ ਮਾਤਾ ਮਹਿੰਦਰ ਕੌਰ ਅਤੇ ਪਿਤਾ ਪਿਆਰਾ ਸਿੰਘ ਦੇ ਵਿਹੜੇ ਦੀ ਸ਼ਾਨ ਜਤਿੰਦਰ ਸਿੰਘ ਮਾਣਕੂ ਦਾ ਜਨਮ 12 ਮਾਰਚ 1956 ਨੂੰ ਹੋਇਆ। ਪਿੰਡ ਪਾਲਦੀ ਦੇ ਐਸ.ਏ.ਐਸ. ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ , ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਬੀ.ਐਸ.ਸ਼ੀ. ਅਤੇ ਡੀ.ਏ.ਵੀ. ਕਾਲਜ ਜਲੰਧਰ ਤੋਂ ਐਮ.ਐਸ.ਸੀ. ਕਮਿਸਟਰੀ ਅਤੇ ਬੀ.ਐਡ ਕਰਨ ਉਪਰੰਤ 30 ਸਤੰਬਰ 1979 ਨੂੰ ਸਰਕਾਰੀ ਹਾਈ ਸਕੂਲ. ਮਹਿਗਰੋਵਾਲ( ਹੁਸ਼ਿਆਰਪੁਰ) ਵਿੱਖੇ ਸਾਇੰਸ ਮਾਸਟਰ ਨਿਉਕਤ ਹੋਏ। ਫਿਰ 1988 ਨੂੰ ਬਤੌਰ ਕੈਮਿਸਟਰੀ ਲੈਕਚਰਰ (ਸ.ਸ.ਸ.ਸ. ਲਕਸਪੁਰ ਸੈਣੀ, ਕਪੂਰਥਲਾ) ਤੈਨਾਤ ਹੋਣ ਮਗਰੋਂ 1995 ਵਿੱਚ ਸ.ਸ.ਸ.ਸ. ਰਾਜਪੁਰ ਭਾਈਆਂ ਤੋਂ 2007 ਵਿੱਚ ਸ.ਸ.ਸ.ਸ. ਬਾਗਪੁਰ ਸਤੌਰ , ਫਿਰ 2010 ਵਿੱਚ ਬਤੌਰ ਪ੍ਰਿੰਸੀਪਲ ਪਦਉਨਤ(ਸ.ਸ.ਸ.ਸ.ਨਾਰਾ) ਹੋਣ ਮਗਰੋਂ 1 ਜੂਨ 2015 ਨੂੰ ਜਿਲਾ ਸਿੱਖਿਆ ਅਫ਼ਸਰ( ਐਲੀਮੈਂਟਰੀ) ਰੋਪੜ ਅਤੇ 9 ਦਸੰਬਰ 2015 ਨੂੰ ਜ਼ਿਲਾ ਸਿੱਖਿਆ ਅਫ਼ਸਰ ਸੈਕੇਂਡਰੀ, ਹੁਸ਼ਿਆਰਪੁਰ ਨਿਯੁਕਤ ਹੋਏ।31 ਮਾਰਚ 2016 ਨੂੰ ਆਪਣੇ ਸ਼ਾਨਦਾਰ ਕੈਰੀਅਰ ਤੋਂ ਸੇਵਾ ਮੁਕਤ ਹੋਏ।ਉਹਨਾਂ ਕੁਝ ਸਮਾਂ ਬਤੌਰ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਹੁਸ਼ਿਆਰਪੁਰ ਵੀ ਸੇਵਾ ਨਿਭਾਈ।ਸ. ਮਾਣਕੂ ਨੇ ਆਪਣੇ ਸੇਵਾਕਾਲ ਦੌਰਾਨ ਅਣਗਿਣਤ ਗ਼ਰੀਬ ਬੱਚਿਆਂ ਦੀ ਮਦਦ ਕਰਕੇ ਉਹਨਾਂ ਨੂੰ ਆਪ ਪੜ੍ਹਾਇਆ।ਕਈ ਅਧਿਆਪਕਾਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਆ ਅਤੇ ਉਹਨਾਂ ਦੀ ਤੱਰਕੀ ਵਿੱਚ ਮਦਦ ਕੀਤੀ।ਸਮਾਜਕ ਤੌਰ ਤੇ ਉਹਨਾਂ ਨੇ ਆਪਣੇ ਮਿੱਤਰਾਂ ਨਾਲ ਦੁੱਖ-ਸੁੱਖ ਵਿੱਚ ਮੋਢੇ-ਨਾਲ ਮੋਢਾ ਜੋੜ ਕੇ ਹਮਕਦਮ ਹੋ ਕੇ ਦੋਸਤੀ ਦੀ ਸੱਚੀ ਮਿਸਾਲ ਕਾਇਮ ਕੀਤੀ।ਆਪ ਵੀ ਅਤੇ ਹੋਰਾਂ ਨੂੰ ਵੀ ਪਾਜ਼ੇਟਿਵ ਥਿੰਕਿੰਗ ਲਈ ਪ੍ਰੇਰਿਤ ਕੀਤਾ।ਕਿਤਾਬਾਂ ਦੇ ਰਸੀਆ ਅਤੇ ਸਾਹਿਤਕ ਮੁਲੰਕਣ ਦੇ ਮੋਹਰੀ ਰਹੇ।ਉਹ ਸੈਲਾਨੀ ਤਬੀਅਤ ਦੇ ਮਾਲਿਕ ਸਨ ਅਤੇ ਉਹਨਾਂ ਨੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਸਹਿਤ ਭਾਰਤ ਦੇ ਕਈ ਰਾਜਾਂ ਦੀਆਂ ਯਾਤਰਾਵਾਂ ਕੀਤੀਆਂ।ਉਹ ਕਈ ਅਧਿਆਪਕ ਅਤੇ ਸਮਾਜਕ ਜਥੇਬੰਦੀਆਂ ਦੇ ਵੀ ਸਿਰਕੱਢ ਆਗੂ ਰਹੇ।ਕੁਦਰਤ ਪ੍ਰੇਮੀ ਹੋਣ ਕਰਕੇ ਘਰ ਵਿੱਚ ਗਾਰਡਨਿੰਗ ਦਾ ਸ਼ੌਕ ਪੂਰਾ ਕਰਦੇ ਸਨ।ਵਿਗਆਨਕ ਸੋਚ ਦੇ ਧਾਰਣੀ ਹੁੰਦਿਆਂ ਹੋਇਆਂ ਵੀ ਉਹਨਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤਬਾਣੀ ਅਤੇ ਅਧਿਆਤਮ ਵਿੱਚ ਵੀ ਡੂੰਘੀ ਆਸਥਾ ਸੀ।ਉਹਨਾਂ ਨੇ ਸਪਸ਼ਟਵਾਦੀ ਹੋਕੇ ਪਾਰਦਰਸ਼ੀ ਜੀਵਨ ਜੀਵਿਆ।ਹਮੇਸ਼ਾ ਗੁਰੂਵਾਕ ਸਰਬਤ ਦੇ ਭਲੇ ਨੂੰ ਪ੍ਰੈਕਟੀਕਲ ਰੂਪ ਦਿੱਤਾ।ਉਹਨਾਂ ਨੇ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਣ ਅਤੇ ਖੋਜੀ ਪਰਵਿਰਤੀ ਤੇ ਪਹਿਰਾ ਦਿੱਤਾ।ਉਨਾਂ ਨੇ ਪ੍ਰਿੰਸੀਪਲ ਦੀ ਸੇਵਾ ਦੌਰਾਨ ਸ.ਸ.ਸ.ਸ. ਨਾਰਾ ਦਾ ਚਿਹਰਾ-ਮੋਹਰਾ ਬਦਲ ਕੇ ਰੱਖ ਦਿਤਾ।ਮਾਣਕੂ ਦੀ ਇਸ ਕਾਰਜ ਕੁਸ਼ਲਤਾ ਲਈ ਪਿੰਡਵਾਸੀ ਅਜੇ ਵੀ ਉਹਨਾਂ ਨੂੰ ਚੇਤੇ ਕਰਦੇ ਹਨ।ਉਹ ਅਣਗਿਣਤ ਅਧਿਆਪਕਾਂ ਅਤੇ ਮੁਖੀਆਂ ਲਈ ਮਾਰਗਦਰਸ਼ਕ ਬਣੇ। ਉਹਨਾਂ ਦੇ ਨਕਸ਼ੇ ਕਦਮ ਤੇ ਤੁਰਦੀ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਗੁਰਮੀਤ ਕੌਰ ਵੀ ਸੇਵਾਮੁਕਤ ਪ੍ਰਿੰਸੀਪਲ ਹਨ। ਉਹਨਾਂ ਦਾ ਪ੍ਰਤਿਭਾਸ਼ਾਲੀ ਬੇਟਾ ਜਨਮੀਤ ਸਿੰਘ( ਗੋਲਡ ਮੈਡਲਿਸਟ ਐਮ.ਟੈਕ. ਆਈ.ਆਈ.ਟੀ ਕਾਨਪੁਰ)ਅਤੇ ਪੁੱਤਰਵਧੂ ਪੂਨਮ(ਐਮ.ਐਸ.ਸੀ)ਆਪਣੇ ਪੁੱਤਰ ਜੈਵੀਰ ਸਿੰਘ ਮਾਣਕੂ ਨਾਲ ਕੈਨੇਡਾ ਦੇ ਨਿਵਾਸੀ ਹਨ।ਹੋਣਹਾਰ ਬੇਟੀ ਵਿਮਲਪ੍ਰੀਤ ਕੌਰ ਅੱਜਕਲ੍ਹ ਕੈਨੇਡਾ ਵਿਖੇ ਹੀ ਆਰਕੀਟੈਕਚਰ ਵਿੱਚ ਰੀਸਰਚ ਕਰ ਰਹੀ ਹੈ। ਆਰਕੀਟੈਕਟ ਦਾਮਾਦ ਯੋਗੇਸ਼ ਸੂਦ ਅਤੇ ਪੁੱਤਰ ਅੰਗਦ ਚੰਡੀਗੜ੍ਹ ਵਿਖੇ ਸੈਟਲ ਹਨ।ਇੱਕ ਉੱਘੇ ਸਿੱਖਿਆ ਸ਼ਾਸਤਰੀ ,ਆਪਣੇ ਵਿਸ਼ੇ ਦੇ ਮਾਹਿਰ, ਕੁਸ਼ਲ ਪ੍ਰਬੰਧਕ, ਸਾਹਿਤ ਦੇ ਗੰਭੀਰ ਪਾਠਕ, ਸੰਗੀਤ ਦੇ ਜਾਣਕਾਰ, ਕੰਪਿਊਟਰ ਦੇ ਐਕਸਪਰਟ, ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ, ਸੰਸਕ੍ਰਿਤ ਅਤੇ ਫਰੈਂਚ ਆਦਿ ਭਾਸ਼ਾਵਾਂ ਦੇ ਗਿਆਤਾ, ਸਾਹਿਤਕਾਰਾਂ ਦੇ ਕਦਰਦਾਨ,ਨਿਸ਼ਕਾਮ ਸਮਾਜ ਸੇਵੀ , ਵਿਗਿਆਨਕ ਵਿਚਾਰਧਾਰਾ ਦੇ ਧਾਰਣੀ, ਸਕਾਰਾਤਮਕ ਸੋਚ ਅਤੇ ਪ੍ਰੇਰਨਾਦਾਇਕ , ਮਿਲਣਸਾਰ, ਮਦਦਗਾਰ, ਮਿੱਠਬੋਲੜੇ ,ਹੱਸਮੁੱਖ ਵਿਵਹਾਰ ਨਾਲ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੀ ਹਰਮਨ ਪਿਆਰੀ ਸ਼ਖਸੀਅਤ ਸ. ਜਤਿੰਦਰ ਸਿੰਘ ਮਾਣਕੂ 19 ਨਵੰਬਰ 2024 ਨੂੰ ਸਦੀਵੀ ਵਿਛੋੜਾ ਦੇ ਗਏ ਹਨ।ਉਹਨਾਂ ਦੀ ਬੇਵਕਤੀ ਮੌਤ ਕਰਕੇ ਪਰਿਵਾਰ ਦੇ ਨਾਲ-ਨਾਲ ਉਹਨਾਂ ਦੇ ਮਿੱਤਰਾਂ ਅਤੇ ਸਮਾਜ ਨੂੰ ਨਾ ਪੂਰਨਯੋਗ ਘਾਟਾ ਪਿਆ ਹੈ। ਉਹਨਾਂ ਨੂੰ ਚਾਹੁਣ ਵਾਲਿਆਂ ਦੇ ਦਿਲ ਡੂੰਘੇ ਸੋਗ ਵਿੱਚ ਡੁਬੇ ਹੋਏ ਹਨ।ਸ. ਜਤਿਦੰਰ ਸਿੰਘ ਮਾਣਕੂ ਸਿੱਖਿਆ ਗਗਨ ਤੇ ਹਮੇਸ਼ਾ ਧ੍ਰੂ ਤਾਰੇ ਵਾਂਗ ਚਮਕ ਕੇ ਰਹਿੰਦੀ ਦੁਨੀਆ ਤੱਕ ਰਾਹ ਦਸੇਰਾ ਬਣੇ ਰਹਿਣਗੇ। ਉਹਨਾਂ ਨੂੰ ਸ਼ਰਧਾਂਜਲੀ ਵਜੋਂ ਇਹੋ ਕਿਹਾ ਜਾ ਸਕਦਾ ਹੈ-

ਡਾ. ਧਰਮਪਾਲ ਸਾਹਿਲ
(ਅਸ਼ਵਨੀ ਸਹਿਜਪਾਲ ਰਾਹੀਂ)

## ਆਪ ਪਾਰਟੀ ਦਾ ਪੱਲਾ ਛੱਡ ਕੇ ਪਿੰਡ ਸ਼ੇਰੋਂ ਦੇ ਨੌਜਵਾਨਾਂ ਨੇ ਫੜਿਆ ਕਾਂਗਰਸ ਦਾ ਪੱਲਾ



ਸੁਨਾਮ, 2 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਸੇਰੋ ਵਿੱਚ ਕੁਝ ਨੌਜਵਾਨ ਆਮ ਆਦਮੀ ਪਾਰਟੀ ਦਾ ਪੱਲਾ ਛੱਡ ਕੇ ਹਲਕਾ ਇੰਚਾਰਜ ਯੂਥ ਕਾਂਗਰਸ ਜਸਵਿੰਦਰ ਸਿੰਘ ਧੀਮਾਨ ਦੀ ਗਵਾਹੀ ਵਿੱਚ ਕਾਂਗਰਸ ਪਾਰਟੀ ਵਿੱਚ ਜਾ ਰਲੇ ਹਨ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਇੱਕ ਨੌਜਵਾਨ ਜਸਪ੍ਰੀਤ ਦੱਸਿਆ ਕਿ ਅਸੀਂ ਆਮ ਪਾਰਟੀ ਵਿੱਚ ਬਹੁਤ ਮਿਹਨਤ ਕੀਤੀ ਪਰ ਸਾਡੀ ਮਿਹਨਤ ਨੂੰ ਬੂਰ ਨਹੀਂ ਲੱਗਿਆ ਇਸ ਲਈ ਅਸੀਂ ਆਉਣ ਵਾਲੇ ਸਮੇਂ ਲਈ ਸਰਦਾਰ ਜਸਵਿੰਦਰ ਸਿੰਘ.ਧੀਮਾਨ ਜੀ ਦੀ ਗਵਾਹੀ ਵਿੱਚ ਕਾਂਗਰਸ ਦਾ ਪੱਲਾ ਫੜਿਆ ਜੋ ਕਿ ਵਰਕਰਾਂ ਦੀ ਹਮੇਸ਼ਾ ਹੀ ਨੇੜੇ ਹੋ ਕੇ ਗੱਲ ਸੁਣਦੇ ਹਨ ਜੋ ਵਰਕਰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਜਸਪ੍ਰੀਤ ਸ਼ਰਮਾ( ਦੀਪੂ) ਧਨਜੀਤ ਸ਼ਰਮਾ( ਲਾਡੀ) ਪ੍ਰੇਮ ਸਿੰਘ ਬੋਬੀ ਸ਼ਰਮਾ ਰੋਹੀ ਸ਼ਰਮਾ ਗੁਰਤੇਜ ਖਾਨ ਪ੍ਰੇਮ ਸਿੰਘ ਨਵਿਆਂ ਬਲਜੀਤ ਸਿੰਘ ਸੰਧੂ ਦਿਲਪ੍ਰੀਤ ਸਿੰਘ ਮੈਂਬਰ ਵਾਰਡ ਨੰਬਰ ਅੱਠ ਅਤੇ ਇਹਨਾਂ ਦੇ ਸਾਥੀ ਹਾਜ਼ਰ ਸਨ।

**ਹਰਜੀਤ ਸਿੰਘ ਸਿੱਧੂ**

**ਮੈਂ ਬਿਜਲੀ ਬਾਰੇ ਐਨਾ ਕੁ ਜਾਣਦਾ ਸੀ ਕਿ ਨੰਗੀ ਤਾਰ ਨੂੰ ਹੱਥ ਲਾਉਣ ਵਾਲਾ ਵਿਅਕਤੀ ਤਾਰ ਨਾਲ ਚਿੰਬੜ ਜਾਂਦਾ ਹੈ ਤੇ ਕੇਵਲ ਮੌਤ ਹੋਣ ਉਪਰੰਤ ਹੀ ਤਾਰ ਉਸ ਨੂੰ ਛੱਡਦੀ ਹੈ। ਮੇਰੇ ਮਨ ਵਿਚ ਇਹ ਇੱਛਾ ਜਾਗੀ ਕਿ ਦੇਖਿਆ ਜਾਵੇ ਕਿ ਬਿਜਲੀ ਕਰੰਟ ਕਿਹੋ ਜਿਹਾ ਮਹਿਸੂਸ ਹੁੰਦਾ ਹੈ...**

## ਬਚਪਨ ਦੀਆਂ ਖੋਜਾਂ



ਯਾਦਾਂ ਦੀ ਪਟਾਰੀ

ਕਿਵੇਂ, ਕਿੱਥੇ ਅਤੇ ਕਿਉਂ? ਵਰਗੇ ਅਨੇਕਾਂ ਪ੍ਰਸ਼ਨ ਛੋਟੇ ਬੱਚਿਆਂ ਦੁਆਰਾ ਵੱਡਿਆਂ ਤੋਂ ਪੁੱਛੇ ਜਾਂਦੇ ਹਨ। ਇਨ੍ਹਾਂ ਦੇ ਸਹੀ ਅਤੇ ਢੁੱਕਵੇਂ ਉੱਤਰਾਂ ਨਾਲ ਬੱਚਿਆਂ ਦੇ ਗਿਆਨ ਭੰਡਾਰ ਵਿਚ ਵਾਧਾ ਹੁੰਦਾ ਹੈ ਅਤੇ ਉਨ੍ਹਾਂ ਦਾ ਬੌਧਿਕ ਵਿਕਾਸ ਜਾਰੀ ਰਹਿੰਦਾ ਹੈ। ਇਸ ਤੋਂ ਇਲਾਵਾ ਹਰੇਕ ਬੱਚਾ ਆਪਣੇ ਪੱਧਰ 'ਤੇ ਇਨ੍ਹਾਂ ਪ੍ਰਸ਼ਨਾਂ ਉੱਤਰਾਂ ਦੀ ਕਿਸ਼ਤੀ 'ਤੇ ਸਵਾਰ ਹੋ ਕੇ ਕਿਸੇ ਨਾ ਕਿਸੇ ਖੋਜ ਵੱਲ ਪ੍ਰੇਰਿਤ ਹੋਇਆ ਰਹਿੰਦਾ ਹੈ। ਭਾਵੇਂ ਇਹ ਵੱਖਰੀ ਗੱਲ ਹੈ ਕਿ ਉਚਿਤ ਗਿਆਨ, ਸਹੀ ਦਿਸ਼ਾ ਅਤੇ ਯੋਗ ਅਗਵਾਈ ਬਿਨਾਂ ਇਹ ਖੋਜਾਂ ਅੱਧ ਵਿਚਕਾਰ ਹੀ ਦਮ ਤੋੜ ਦਿੰਦੀਆਂ ਹਨ। ਇਸ ਸਬੰਧ ਵਿਚ ਮੈਂ ਆਪਣੇ ਬਚਪਨ ਦੀਆਂ ਕੁਝ ਘਟਨਾਵਾਂ ਪਾਠਕਾਂ ਨਾਲ ਸਾਂਝੀਆਂ ਕਰਨ ਲੱਗਾ ਹਾਂ।

### ਮਨ ਦੀ ਇੱਛਾ

ਦੂਜੀ ਘਟਨਾ ਬਿਜਲੀ ਨਾਲ ਸਬੰਧਤ ਹੈ। ਸਾਡੇ ਪਿੰਡ ਵਿਚ ਬਿਜਲੀ ਸਪਲਾਈ ਚਾਲੂ ਹੋਈ ਹੀ ਸੀ। ਬਿਜਲੀ ਬਾਰੇ ਐਨਾ ਕੁ ਤਾਂ ਜਾਣ ਗਿਆ ਸੀ ਕਿ ਨੰਗੀ ਤਾਰ ਨੂੰ ਹੱਥ ਲਾਉਣ ਵਾਲਾ ਵਿਅਕਤੀ ਤਾਰ ਨਾਲ ਹੀ ਚਿੰਬੜ ਜਾਂਦਾ ਹੈ ਅਤੇ ਕੇਵਲ ਮੌਤ ਹੋਣ ਉਪਰੰਤ ਹੀ ਇਹ ਤਾਰ ਉਸ ਵਿਅਕਤੀ ਨੂੰ ਛੱਡਦੀ ਹੈ। ਮੇਰੇ ਮਨ ਵਿਚ ਇਹ ਇੱਛਾ ਜਾਗੀ ਕਿ ਦੇਖਿਆ ਜਾਵੇ ਕਿ ਇਹ ਬਿਜਲੀ ਕਰੰਟ ਕਿਹੋ-ਜਿਹਾ ਮਹਿਸੂਸ ਹੁੰਦਾ ਹੈ। ਇਸ ਮੰਤਵ ਲਈ ਮੈਂ ਇਕ ਬਿਜਲੀ ਸੂ ਲੈ ਕੇ ਉਸ ਵਿਚ ਤਾਰ ਦੇ ਦੋਵੇਂ ਸਿਰੇ ਕਸ ਦਿੱਤੇ। ਮੈਂ ਘਰ ਦਿਆਂ ਤੋਂ ਚੋਰੀ ਇਹ ਤਿਆਰੀ ਕੀਤੀ ਅਤੇ ਆਪਣਾ ਸਾਮਾਨ ਲੁਕੋ ਕੇ ਰੱਖ ਦਿੱਤਾ। ਮੇਰੀ ਸਕੀਮ ਇਹ ਸੀ ਕਿ ਸੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਦੋਹਾਂ ਸਿਰਿਆਂ ਨੂੰ ਅੰਗੂਠੇ ਅਤੇ ਉਂਗਲਾਂ ਵਿਚਕਾਰ ਫੜਾਂਗਾ। ਸਵਿੱਚ ਆਨ ਕਰ ਕੇ ਉਸੇ ਸਮੇਂ ਹੀ ਬੰਦ ਕਰ ਦੇਵਾਂਗਾ। ਇਸ ਥੋੜ੍ਹੇ ਜਿਹੇ ਸਮੇਂ ਲਈ ਮੈਨੂੰ ਬਿਜਲੀ ਤੋਂ ਨੁਕਸਾਨ ਤਾਂ ਨਹੀਂ ਪਹੁੰਚੇਗਾ ਪਰ ਮੈਂ ਕਰੰਟ ਨੂੰ ਅਨੁਭਵ ਜਰੂਰ ਕਰ ਲਵਾਂਗਾ।

ਛੁੱਟੀ ਵਾਲੇ ਦਿਨ ਮੈਂ ਅਚਾਨਕ ਘਰ ਵਿਚ ਇਕੱਲਾ ਹੀ ਸੀ। ਮੈਂ ਉਪਰੋਕਤ ਪ੍ਰਯੋਗ ਨੂੰ ਕਰਨ ਦਾ ਮਨ ਬਣਾਇਆ। ਉਪਰੋਕਤ ਸਕੀਮ ਅਨੁਸਾਰ ਮੈਂ ਸੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਨੰਗੇ ਸਿਰੇ ਉਂਗਲਾਂ ਵਿਚਕਾਰ ਫੜ੍ਹ ਤੇ ਦੂਜੇ ਹੱਥ ਨਾਲ ਸਵਿੱਚ ਆਨ ਕਰਕੇ ਉਦੋਂ ਹੀ ਬੰਦ ਕਰ ਦਿੱਤੀ। ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ ਸਗੋਂ ਮੇਰੇ ਕੰਨਾਂ ਨੇ ਪਟਾਕੇ ਵਰਗੀ ਆਵਾਜ਼ ਜ਼ਰੂਰ ਸੁਣੀ। ਮੈਂ ਬਲਬ ਜਗਾ ਕੇ ਦੇਖਿਆ ਤਾਂ ਉਹ ਵੀ ਨਹੀਂ ਜਲਿਆ। ਮੈਂ ਸੋਚਿਆ ਬਿਜਲੀ ਤੱਜ ਗਈ ਹੋਵੇਗੀ ਚਲੋ ਫਿਰ ਕਿਸੇ ਦਿਨ ਸਹੀ। ਮੈਂ ਆਪਣਾ ਉਪਕਰਣ ਲੁਕੋ ਕੇ ਰੱਖ ਦਿੱਤਾ। ਅਸਲੀ ਪੰਗਾ ਸ਼ਾਮ ਨੂੰ ਸਮਝ ਆਇਆ ਜਦੋਂ ਸਾਰੇ ਆਂਢ-ਗੁਆਂਢ ਦੀਆਂ ਲਾਈਟਾਂ ਜੱਗ ਪਈਆਂ ਪਰ ਸਾਡੇ ਘਰ ਦੀ ਬਿਜਲੀ ਸਪਲਾਈ ਬੰਦ ਸੀ। ਨਾਲ ਦੇ ਪਿੰਡੋਂ ਬਿਜਲੀ ਕਰਮਚਾਰੀ ਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਲਿਆਇਆ ਤਾਂ ਉਸ ਨੇ ਜਾਣਕਾਰੀ ਦਿੱਤੀ ਕਿ ਫਿਊਜ਼ ਉੱਡ ਗਿਆ ਸੀ। ਉਸ ਦੇ ਫਿਊਜ਼ ਲਾਉਣ ਨਾਲ ਸਾਡੀ ਲਾਈਟ ਵੀ ਚਾਲੂ ਹੋ ਗਈ। ਸਾਰੇ ਘਟਨਾਕ੍ਰਮ ਸਮੇਂ ਮੈਂ ਵਿਚਾਰਾ ਜਿਹਾ ਮੂੰਹ ਬਣਾਈ ਰੱਖਿਆ ਤਾਂ ਕਿ ਮੇਰੀ ਚੋਰੀ ਫੜੀ ਨਾ ਜਾਵੇ। ਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਮੇਰੀਆਂ ਉਂਗਲਾਂ ਵਿਚਲੀਆਂ ਦੋਹੇਂ ਤਾਰਾਂ ਆਪਸ ਵਿਚ ਜੁੜੀਆਂ ਹੋਣ ਕਰਕੇ ਫਿਊਜ਼ ਉੱਡ ਗਿਆ ਸੀ ਅਤੇ ਮੇਰਾ ਬਚਾਅ ਹੋ ਗਿਆ। ਜੇ ਅਜਿਹਾ ਨਾ ਹੁੰਦਾ ਤਾਂ ਮੇਰਾ ਰਾਮ ਨਾਮ ਸੱਤ ਹੋਣਾ ਵੱਟ ਤੇ ਪਿਆ ਸੀ।

### ਖੋਜ ਦੀ ਤੀਜੀ ਘਟਨਾ

ਖੋਜ ਦੀ ਤੀਜੀ ਘਟਨਾ ਵਿਚ ਮੇਰੇ ਵੱਡੇ ਭਾਈ ਸਾਹਿਬ ਵੀ ਸ਼ਾਮਲ ਸਨ। ਇਹ ਘਟਨਾ ਉਸ ਸਮੇਂ ਦੀ ਹੈ ਜਦੋਂ ਸਾਡੇ ਘਰ ਬਿਜਲੀ ਦਾ ਕੁਨੈਕਸ਼ਨ ਦਿੱਤਾ ਜਾ ਰਿਹਾ ਸੀ। ਉਸ ਸਮੇਂ ਲਾਲ ਰੰਗ ਦੇ ਲੰਬੇ ਅਤੇ ਆਇਤਾਕਾਰ ਲੱਕੜ ਦੇ ਬਕਸੇ ਅੰਦਰ ਮੀਟਰ ਲਾਇਆ ਜਾਂਦਾ ਸੀ। ਅਸੀਂ ਦੇਖਿਆ ਕਿ ਬਕਸੇ ਦੇ ਹੇਠਲੇ ਸਿਰੇ ਤੇ ਅੰਗਰੇਜ਼ੀ ਵਿਚ ਐੱਸਕੇ-11 ਲਿਖਿਆ ਹੈ। ਅਸੀਂ ਦੋਵੇਂ ਭਰਾ ਇਸ ਲਿਖਤ ਨੂੰ ਪੜ੍ਹਦੇ ਸਾਰ ਆਪਣੀ ਆਪਣੀ ਬੁੱਧੀ ਅਨੁਸਾਰ ਇਸ ਦੇ ਅਰਥ ਕੱਢਦੇ ਰਹੇ। ਸਪਲਾਈ ਚਾਲੂ ਕਰਨ ਵਾਲੇ ਦੋਵੇਂ ਬਿਜਲੀ ਕਰਮਚਾਰੀ ਸਾਡੀ ਵਾਰਤਾਲਾਪ ਦਾ ਆਨੰਦ ਲੈਂਦੇ ਰਹੇ। ਸਾਨੂੰ ਦੋਵਾਂ ਭਾਈਆਂ ਨੂੰ ਪਤਾ ਸੀ ਕਿ ਇਕ ਕਰਮਚਾਰੀ ਦਾ ਨਾਂ ਸਾਧੂ ਅਤੇ ਦੂਜੇ ਦਾ ਨਾਂ ਕਸਤੂਰੀ ਹੈ। ਕਾਫ਼ੀ ਬਹਿਸ ਅਤੇ ਸਲਾਹ ਤੋਂ ਬਾਅਦ ਅਸੀਂ ਦੋਹੇਂ ਭਰਾ ਇਸ ਸਿੱਟੇ ਤੇ ਪਹੁੰਚੇ ਕਿ ਐੱਸਕੇ-11 ਦਾ ਅਰਥ ਹੈ ਕਿ ਸਾਡੇ ਪਿੰਡ ਵਿਚ ਸਾਧੂ ਅਤੇ ਕਸਤੂਰੀ ਵੱਲੋਂ ਲਾਇਆ ਗਿਆ ਸਾਡੇ ਵਾਲਾ ਇਹ ਗਿਆਰਵਾਂ ਮੀਟਰ ਹੈ। ਅਸੀਂ ਦੋਵੇਂ ਕਰਮਚਾਰੀਆਂ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਖ਼ੁਸ਼ ਹੋ ਕੇ ਕਿਹਾ ਕਿ 'ਤੁਸੀਂ ਬਿਲਕੁਲ ਠੀਕ ਬੁਝਿਆ ਹੈ।' ਅਸੀਂ ਦੋਵੇਂ ਭਰਾ ਆਪਣੀ ਖੋਜ 'ਤੇ ਫੁਲੇ ਨਹੀਂ ਸੀ ਸਮਾਉਂਦੇ।

### ਮੀਟਰ 'ਤੇ ਅੰਗਰੇਜ਼ੀ 'ਚ ਲਿਖੇ ਅੱਖਰ

ਇਕ ਦਿਨ ਨਾਲ ਦੇ ਪਿੰਡ ਕਿਸੇ ਦੇ ਘਰ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਮੀਟਰ ਉੱਪਰ ਵੀ ਅੰਗਰੇਜ਼ੀ ਵਿਚ ਲਿਖਿਆ ਸੀ ਐੱਸਕੇਐਚ-11 ਮੈਨੂੰ ਇਹ ਵੀ ਪਤਾ ਸੀ ਕਿ ਸਾਡੇ ਦੋਹਾਂ ਪਿੰਡਾਂ ਵਾਸਤੇ ਸਾਧੂ ਅਤੇ ਕਸਤੂਰੀ ਨਾਂ ਦੇ ਦੋ ਬਿਜਲੀ ਮੁਲਾਜ਼ਮ ਹੀ ਨਿਯੁਕਤ ਹਨ ਫਿਰ ਇਹ ਤੀਜਾ ਕੌਣ ਆ ਰਲਿਆ ਹੈ। ਮੈਂ ਵਾਪਸੀ 'ਤੇ ਬਿਜਲੀ ਦਫ਼ਤਰ ਪਹੁੰਚ ਗਿਆ। ਮੇਰੀ ਕਿਸਮਤ ਨੂੰ ਦੋਵੇਂ ਮੁਲਾਜ਼ਮ ਦਫ਼ਤਰ ਵਿਚ ਹਾਜ਼ਰ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਨ੍ਹਾਂ ਨਾਲ ਮੀਟਰ ਲਾਉਣ ਵਾਲੇ ਤੀਜੇ ਵਿਅਕਤੀ ਦਾ ਕੀ ਨਾਂ ਹੈ। ਪਹਿਲਾਂ ਤਾਂ ਉਨ੍ਹਾਂ ਨੂੰ ਘੁੰਡੀ ਸਮਝ ਨਾ ਆਈ ਪਰ ਜਦੋਂ ਮੈਂ ਐੱਸਕੇ-11 ਅਤੇ ਐੱਸਕੇਐਚ-11 ਦੇ ਫ਼ਰਕ ਬਾਰੇ ਜਾਣਨਾ ਚਾਹਿਆ ਅਤੇ ਨਾਲ ਹੀ ਮੀਟਰ ਲਾਉਂਦੇ ਸਮੇਂ ਸਾਡੇ ਘਰ ਵਿਖੇ ਉਨ੍ਹਾਂ ਨਾਲ ਹੋਏ ਵਿਚਾਰ ਵਟਾਂਦਰੇ ਦਾ ਵਿਸਥਾਰ ਦਿੱਤਾ ਤਾਂ ਦੋਵੇਂ ਕਰਮਚਾਰੀ ਫਿਰ ਹੱਸਣ ਲੱਗ ਪਏ ਪਰ ਮੇਰੀ ਉਤਸੁਕਤਾ ਨੂੰ ਦੇਖ ਦੇ ਹੋਏ ਇਕ ਕਰਮਚਾਰੀ ਕਹਿਣ ਲੱਗਾ, 'ਬੇਟਾ, ਇਹ ਸਹੀ ਕਿ ਸਾਡਾ ਦੋਹਾਂ ਦਾ ਨਾਂ ਸਾਧੂ ਅਤੇ ਕਸਤੂਰੀ ਹੈ। ਇਹ ਵੀ ਸਹੀ ਹੈ ਕਿ ਇਨ੍ਹਾਂ ਦੋਹਾਂ ਪਿੰਡਾਂ ਲਈ ਅਸੀਂ ਦੋਹੇਂ ਹੀ ਨਿਯੁਕਤ ਹਾਂ ਪਰ ਮੀਟਰਾਂ ਉੱਪਰਲੀਆਂ ਲਿਖਤਾਂ ਸਾਡੇ ਨਾਂ ਨੂੰ ਪ੍ਰਗਟ ਨਹੀਂ ਕਰਦੀਆਂ। ਇਹ ਤਾਂ ਸਬੰਧਤ ਪਿੰਡਾਂ ਦੇ ਬਿਜਲੀ ਖ਼ਾਤਿਆਂ ਨੂੰ ਪ੍ਰਗਟ ਕਰਦੀਆਂ ਹਨ। ਐੱਸਕੇ-11 ਦਾ ਅਰਥ ਹੈ ਕਿ ਸਿੱਧਵਾਂ ਕਲਾਂ ਪਿੰਡ ਦੀ ਬਿਜਲੀ ਸਪਲਾਈ ਦਾ ਗਿਆਰਵਾਂ ਖ਼ਾਤਾ ਤੇ ਇਸੇ ਤਰ੍ਹਾਂ ਐੱਸਕੇਐੱਚ-11 ਪਿੰਡ ਸਿੱਧਵਾਂ ਖ਼ੁਰਦ ਦੇ ਬਿਜਲੀ ਸਪਲਾਈ ਨੂੰ ਪ੍ਰਗਟ ਕਰਦਾ ਹੈ। •

99155-41219

### ਖ਼ੁਸ਼ਕਿਸਮਤੀ

*ਮੈਂ ਆਪਣੇ ਅਧਿਆਪਕਾਂ ਰਾਹੀਂ ਅਤੇ ਕਿਤਾਬਾਂ ਵਿੱਚੋਂ ਪੜ੍ਹ ਕੇ ਜਾਣ ਗਿਆ ਸੀ ਕਿ ਸੂਰਜ ਅੱਗ ਦਾ ਗੋਲਾ ਹੈ ਪਰ ਮੇਰਾ ਮਨ ਸੂਰਜ ਵਿਚਲੀ ਜਲਦੀ ਹੋਈ ਅੱਗ ਦੇਖਣ ਲਈ ਕਾਹਲਾ ਸੀ। ਅਕਸਰ ਮੈਂ ਆਪਣੀ ਸੱਜੀ ਅੱਖ ਨਾਲ ਟਿੱਕਟਿਕੀ ਲਾ ਕੇ ਸੂਰਜ ਵੱਲ ਕਈ ਵਾਰ ਦੇਖਦਾ। ਮੈਨੂੰ ਸੂਰਜ ਵਿਚ ਲਾਲ ਰੰਗ ਦੇ ਘੇਰੇ ਜਿਹੇ ਘੁੰਮਦੇ ਨਜ਼ਰ ਆਉਂਦੇ ਪਰ ਬਲਦੀ ਅੱਗ ਦੀਆਂ ਲਾਟਾਂ ਨਜ਼ਰ ਨਾ ਆਈਆਂ। ਮੈਂ ਹਾਰ ਮੰਨ ਕੇ ਇਹ ਜ਼ਿੱਦ ਛੱਡ ਦਿੱਤੀ। ਆਪਣੀ ਉਮਰ ਦੇ ਪੰਜਵੇਂ ਦਹਾਕੇ ਵਿਚ ਡਾਕਟਰ ਤੋਂ ਨਿਗ੍ਹਾ ਚੈੱਕ ਕਰਾਉਣ ਸਮੇਂ ਡਾਕਟਰ ਨੇ ਮੈਨੂੰ ਪੁੱਛਿਆ ਕਿ ਮੈਂ ਕਦੇ ਵੈਲਡਿੰਗ ਟਾਰਚ ਦੀ ਲਾਟ ਜਾਂ ਸੂਰਜ ਵੱਲ ਦੇਖਿਆ ਹੈ। ਮੈਂ ਹਾਂ ਵਿਚ ਉੱਤਰ ਦਿੰਦਿਆਂ ਡਾਕਟਰ ਸਾਹਿਬ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗ ਗਿਆ। ਡਾਕਟਰ ਨੇ ਕਿਹਾ, 'ਤੁਸੀਂ ਖ਼ੁਸ਼ਕਿਸਮਤ ਹੋ ਕਿ ਐਡੀ ਭਿਆਨਕ ਗ਼ਲਤੀ ਕਰਨ 'ਤੇ ਵੀ ਤੁਹਾਡੀ ਸੱਜੀ ਅੱਖ ਸਹੀ ਸਲਾਮਤ ਹੈ। ਕੇਵਲ ਅੱਖ ਦੇ ਰੈਟਿਨਾ ਉੱਪਰ ਸਿਰਫ਼ 'ਸਪਾਟ' ਜਿਹਾ ਹੀ ਪਿਆ ਹੈ।*

### ਚੋਰੀ ਫੜੇ ਜਾਣ ਦਾ ਡਰ

*ਛੁੱਟੀ ਵਾਲੇ ਦਿਨ ਮੈਂ ਅਚਾਨਕ ਘਰ ਵਿਚ ਇਕੱਲਾ ਹੀ ਸੀ। ਮੈਂ ਉਪਰੋਕਤ ਪ੍ਰਯੋਗ ਨੂੰ ਕਰਨ ਦਾ ਮਨ ਬਣਾਇਆ। ਉਪਰੋਕਤ ਸਕੀਮ ਅਨੁਸਾਰ ਮੈਂ ਸੂ ਨੂੰ ਪਲੱਗ ਵਿਚ ਪਾ ਕੇ ਤਾਰ ਦੇ ਨੰਗੇ ਸਿਰੇ ਉਂਗਲਾਂ ਵਿਚਕਾਰ ਫੜ੍ਹ ਤੇ ਦੂਜੇ ਹੱਥ ਨਾਲ ਸਵਿੱਚ ਆਨ ਕਰਕੇ ਉਦੋਂ ਹੀ ਬੰਦ ਕਰ ਦਿੱਤੀ। ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ ਸਗੋਂ ਮੇਰੇ ਕੰਨਾਂ ਨੇ ਪਟਾਕੇ ਵਰਗੀ ਆਵਾਜ਼ ਜ਼ਰੂਰ ਸੁਣੀ। ਮੈਂ ਬਲਬ ਜਗਾ ਕੇ ਦੇਖਿਆ ਤਾਂ ਉਹ ਵੀ ਨਹੀਂ ਜਲਿਆ। ਮੈਂ ਸੋਚਿਆ ਬਿਜਲੀ ਤੱਜ ਗਈ ਹੋਵੇਗੀ ਚਲੋ ਫਿਰ ਕਿਸੇ ਦਿਨ ਸਹੀ। ਮੈਂ ਆਪਣਾ ਉਪਕਰਣ ਲੁਕੋ ਕੇ ਰੱਖ ਦਿੱਤਾ। ਅਸਲੀ ਪੰਗਾ ਸ਼ਾਮ ਨੂੰ ਸਮਝ ਆਇਆ ਜਦੋਂ ਸਾਰੇ ਆਂਢ-ਗੁਆਂਢ ਦੀਆਂ ਲਾਈਟਾਂ ਜੱਗ ਪਈਆਂ ਪਰ ਸਾਡੇ ਘਰ ਦੀ ਬਿਜਲੀ ਸਪਲਾਈ ਬੰਦ ਸੀ। ਨਾਲ ਦੇ ਪਿੰਡੋਂ ਬਿਜਲੀ ਕਰਮਚਾਰੀ ਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਲਿਆਇਆ ਤਾਂ ਉਸ ਨੇ ਜਾਣਕਾਰੀ ਦਿੱਤੀ ਕਿ ਫਿਊਜ਼ ਉੱਡ ਗਿਆ ਸੀ। ਉਸ ਦੇ ਫਿਊਜ਼ ਲਾਉਣ ਨਾਲ ਸਾਡੀ ਲਾਈਟ ਵੀ ਚਾਲੂ ਹੋ ਗਈ। ਸਾਰੇ ਘਟਨਾਕ੍ਰਮ ਸਮੇਂ ਮੈਂ ਵਿਚਾਰਾ ਜਿਹਾ ਮੂੰਹ ਬਣਾਈ ਰੱਖਿਆ ਤਾਂ ਕਿ ਮੇਰੀ ਚੋਰੀ ਫੜੀ ਨਾ ਜਾਵੇ।*

### ਮੇਰੀ ਉਤਸੁਕਤਾ

*ਜਦੋਂ ਮੈਂ ਐੱਸਕੇ-11 ਅਤੇ ਐੱਸਕੇਐੱਚ-11 ਦੇ ਫ਼ਰਕ ਬਾਰੇ ਜਾਣਨਾ ਚਾਹਿਆ ਅਤੇ ਨਾਲ ਹੀ ਮੀਟਰ ਲਾਉਂਦੇ ਸਮੇਂ ਸਾਡੇ ਘਰ ਵਿਖੇ ਉਨ੍ਹਾਂ ਨਾਲ ਹੋਏ ਵਿਚਾਰ ਵਟਾਂਦਰੇ ਦਾ ਵਿਸਥਾਰ ਦਿੱਤਾ ਤਾਂ ਦੋਵੇਂ ਕਰਮਚਾਰੀ ਫਿਰ ਹੱਸਣ ਲੱਗ ਪਏ ਪਰ ਮੇਰੀ ਉਤਸੁਕਤਾ ਨੂੰ ਦੇਖ ਦੇ ਹੋਏ ਇਕ ਕਰਮਚਾਰੀ ਕਹਿਣ ਲੱਗਾ, 'ਬੇਟਾ, ਇਹ ਸਹੀ ਕਿ ਸਾਡਾ ਦੋਹਾਂ ਦਾ ਨਾਂ ਸਾਧੂ ਅਤੇ ਕਸਤੂਰੀ ਹੈ ਪਰ ਮੀਟਰਾਂ ਉੱਪਰਲੀਆਂ ਲਿਖਤਾਂ ਸਾਡੇ ਨਾਂ ਨੂੰ ਪ੍ਰਗਟ ਨਹੀਂ ਕਰਦੀਆਂ। ਇਹ ਪਿੰਡਾਂ ਦੇ ਬਿਜਲੀ ਖ਼ਾਤਿਆਂ ਨੂੰ ਪ੍ਰਗਟ ਕਰਦੀਆਂ ਹਨ। ਐੱਸਕੇ-11 ਦਾ ਅਰਥ ਹੈ ਕਿ ਸਿੱਧਵਾਂ ਕਲਾਂ ਪਿੰਡ ਦੀ ਬਿਜਲੀ ਸਪਲਾਈ ਦਾ ਗਿਆਰਵਾਂ ਖ਼ਾਤਾ ਤੇ ਇਸੇ ਤਰ੍ਹਾਂ ਐੱਸਕੇਐੱਚ-11 ਪਿੰਡ ਸਿੱਧਵਾਂ ਖ਼ੁਰਦ ਦੇ ਬਿਜਲੀ ਸਪਲਾਈ ਨੂੰ ਪ੍ਰਗਟ ਕਰਦਾ ਹੈ।*



## ਬੋਝ ਨਹੀਂ ਸਰਮਾਇਆ ਨੇ ਬਜ਼ੁਰਗ

ਮਨੁੱਖੀ ਜੀਵਨ ਤਿੰਨ ਪੜਾਵਾਂ ਵਿੱਚੋਂ ਹੋ ਕੇ ਗੁਜ਼ਰਦਾ ਹੈ, ਬਚਪਨ , ਜਵਾਨੀ ਅਤੇ ਬੁਢਾਪਾ। ਬਚਪਨ ਜਿੱਥੇ ਮੌਜ -ਮਸਤੀ, ਸ਼ਰਾਰਤਾਂ ਅਤੇ ਹੱਸਣ-ਖੇਡਣ ਵਿਚ ਬੀਤਦਾ ਹੈ, ਉੱਥੇ ਹੀ ਜਵਾਨੀ ਇਨਸਾਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ, ਆਪਣੇ ਘਰ-ਪਰਿਵਾਰ ਦੀ ਚਿੰਤਾ ਕਰਨ ਅਤੇ ਆਪਣੀ ਔਲਾਦ ਦੀਆਂ ਸੁੱਖ-ਸਹੂਲਤਾਂ ਦਾ ਪ੍ਰਬੰਧ ਕਰਨ ਵਿਚ ਬਿਤਾ ਦਿੰਦਾ ਹੈ। ਇਸ ਤੋਂ ਬਾਅਦ ਆਉਂਦਾ ਹੈ ਜ਼ਿੰਦਗੀ ਦਾ ਆਖ਼ਰੀ ਪੜਾਅ ਬੁਢਾਪਾ। ਇਸ ਪੜਾਅ 'ਤੇ ਆ ਕੇ ਇਨਸਾਨ ਨੂੰ ਸਹਾਰੇ ਦੀ ਸਭ ਤੋ ਜ਼ਿਆਦਾ ਜ਼ਰੂਰਤ ਪੈਂਦੀ ਹੈ।

ਸਾਡੇ ਸਮਾਜ ਦੀ ਇਹ ਵੀ ਤ੍ਰਾਸਦੀ ਹੈ ਕਿ ਬੁਢਾਪਾ ਅੱਜ ਬਿਰਧ ਆਸ਼ਰਮਾ ਵਿਚ ਰੁਲ ਰਿਹਾ ਹੈ। ਪੁਰਾਣੇ ਸਮੇਂ ਹੁੰਦੇ ਸਨ ਜਦੋਂ ਬਜ਼ੁਰਗਾਂ ਨੂੰ ਪੂਰਾ ਸਤਿਕਾਰ ਦਿੱਤਾ ਜਾਂਦਾ ਸੀ। ਉਨ੍ਹਾਂ ਨੂੰ ਘਰ ਦੇ ਜਿੰਦਰੇ ਸਮਝਿਆ ਜਾਂਦਾ ਸੀ। ਬਜ਼ੁਰਗਾ ਦੀ ਆਖੀ ਗੱਲ ਨੂੰ ਘਰ ਦੇ ਸਾਰੇ ਜੀਅ ਖ਼ੁਸ਼ੀ-ਖ਼ੁਸ਼ੀ ਮੰਨਦੇ ਸਨ। ਜੇਕਰ ਘਰ ਵਿਚ ਬਜ਼ੁਰਗ ਨਾ ਹੋਣਾ ਤਾਂ ਆਂਢ-ਗੁਆਂਢ ਦੇ ਬਜ਼ੁਰਗਾਂ ਦੀ ਸਲਾਹ ਲੈ ਕੇ ਕੰਮ ਕਰਨਾ। ਅੱਜ ਦੀ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਇਹ ਨੌਜਵਾਨ ਪੀੜ੍ਹੀ ਬਜ਼ੁਰਗਾਂ ਨੂੰ ਬੋਝ ਸਮਝਦੀ ਹੈ ਪਰ ਅਸਲ ਵਿਚ ਬਜ਼ੁਰਗ ਬੋਝ ਨਹੀਂ ਸਗੋਂ ਸਰਮਾਇਆ ਹੁੰਦੇ ਹਨ। ਉਹ ਬਜ਼ੁਰਗ ਜਿਨ੍ਹਾਂ ਪਤਾ ਨਹੀਂ ਜ਼ਿੰਦਗੀ ਵਿਚ ਕਿੰਨੀ ਵਾਰ ਭੁੱਖੇ ਰਹਿ ਕੇ ਸਾਡਾ ਢਿੱਡ ਭਰਿਆ ਹੋਵੇਗਾ, ਕਿੰਨੀਆਂ ਧੁੱਪਾਂ, ਝੱਖੜ ਸਾਡੀ ਖ਼ਾਤਰ ਜ਼ਰੇ ਹੋਣਗੇ। ਉਹ ਬਜ਼ੁਰਗ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਮਾਪੇ ਚਾਰ-ਪੰਜ ਬੱਚਿਆਂ ਦਾ ਪੇਟ ਪਾਲ ਸਕਦੇ ਹਨ ਪਰ ਚਾਰ-ਪੰਜ ਬੱਚੇ ਆਪਣੇ ਮਾਪੇ ਨਹੀਂ ਸੰਭਾਲ ਸਕਦੇ।

ਪਰ ਇਹ ਸਭ ਕੁਝ ਕਰਦਿਆਂ ਅਸੀਂ ਇਹ ਗੱਲ ਭੁੱਲ ਜਾਂਦੇ ਹਾਂ ਕਿ ਅਸੀਂ ਉਹੀ ਕੁਝ ਵੱਢਾਂਗੇ ਜੋ ਬੀਜਾਂਗੇ। ਜੇ ਅਸੀਂ ਆਪਣੇ ਬਜ਼ੁਰਗਾਂ ਦਾ ਦਿੱਤਾ ਦੇਣ ਭੁੱਲਾ ਸਕਦੇ ਹਾਂ ਤਾਂ ਕੱਲ੍ਹ ਨੂੰ ਸਾਡੇ ਨਾਲ ਵੀ ਅਜਿਹਾ ਹੀ ਹੋਵੇਗਾ। ਜੇਕਰ ਅਸੀਂ ਆਪਣੇ ਬਜ਼ੁਰਗਾ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਕੱਲ੍ਹ ਨੂੰ ਆਪਣੇ ਬੱਚਿਆਂ ਕੋਲੋਂ ਵੀ ਸਤਿਕਾਰ ਦੀ ਆਸ ਨਹੀਂ ਰੱਖ ਸਕਦੇ। ਜਿਸ ਤਰ੍ਹਾਂ ਬਜ਼ੁਰਗ ਸਾਡੇ ਪਿਆਰ, ਸਹਾਰੇ ਲਈ ਤਰਸ ਰਹੇ ਹਨ ਉਸੇ ਤਰ੍ਹਾਂ ਕੱਲ੍ਹ ਨੂੰ ਸਾਨੂੰ ਵੀ ਸਹਾਰੇ ਦੀ ਲੋੜ ਪਵੇਗੀ। ਜਿਸ ਤਰ੍ਹਾਂ ਸਾਡੇ ਬਜ਼ੁਰਗਾਂ ਦੀਆਂ ਸੁੰਨੀਆਂ ਅੱਖਾਂ ਆਪਣੇ ਬੱਚਿਆਂ ਲਈ ਤਰਸ ਰਹੀਆਂ ਹਨ ਉਸੇ ਤਰ੍ਹਾਂ ਕੱਲ੍ਹ ਨੂੰ ਸਾਡੇ ਨਾਲ ਵੀ ਅਜਿਹਾ ਹੀ ਹੋਵੇਗਾ ਕਿਉਂਕਿ ਜੇਕਰ ਅਸੀਂ ਆਪਣੇ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੇ ਤਾਂ ਸਾਡੇ ਬੱਚੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਕਿੱਥੋਂ ਸਿਖਣਗੇ ? ਉਮਰ ਦੇ ਇਸ ਪੜਾਅ ਤੇ ਸਾਡੇ ਬਜ਼ੁਰਗਾਂ ਨੂੰ ਸਾਡੇ ਕੋਲੋਂ ਕੁਝ ਨਹੀਂ ਚਾਹੀਦਾ, ਸਿਰਫ਼ ਸਾਡੇ ਪਿਆਰ ਭਰੇ ਦੋ ਬੋਲ ਹੀ ਉਨ੍ਹਾਂ ਨੂੰ ਜ਼ਿੰਦਗੀ ਜਿਊਣ ਦੀ ਹਿੰਮਤ ਦੇ ਸਕਦੇ ਹਨ। ਲੋੜ ਹੈ ਇਸ ਗੱਲ ਨੂੰ ਸਮਝਣ ਦੀ ਕਿ ਜਿਸ ਪਿਆਰ, ਸਤਿਕਾਰ ਦੀ ਆਸ ਅਸੀਂ ਆਪਣੇ ਬੱਚਿਆਂ ਤੋਂ ਰੱਖਦੇ ਹਾਂ ਉਸ ਹੀ ਪਿਆਰ ਦੇ ਹੱਕਦਾਰ ਸਾਡੇ ਮਾਪੇ ਵੀ ਹਨ ।

### ਵੱਡੀਆਂ-ਵੱਡੀਆਂ ਕੋਠੀਆਂ

*ਅੱਜ ਵੱਡੀਆਂ-ਵੱਡੀਆਂ ਕੋਠੀਆਂ ਬਣਾ ਕੇ ਉਨ੍ਹਾਂ ਉਪਰ ਬਜ਼ੁਰਗਾਂ ਦੇ ਨਾਂ ਤਾਂ ਸਭ ਨੇ ਲਿਖੇ ਹੋਏ ਹਨ ਪਰ ਉਨ੍ਹਾਂ ਕੋਠੀਆਂ ਅੰਦਰ ਜਾਣ ਦੀ ਇਜਾਜ਼ਤ ਬਜ਼ੁਰਗਾਂ ਨੂੰ ਨਹੀ ਹੁੰਦੀ। ਹੁਣ ਉਹ ਸਮਾਂ ਬੀਤ ਗਿਆ ਜਦੋਂ ਬੱਚੇ ਦਾਦਾ- ਦਾਦੀ, ਨਾਨਾ-ਨਾਨੀ ਕੋਲ ਬੈਠ ਕੇ ਕਹਾਣੀਆਂ ਸੁਣਦੇ ਸਨ। ਉਨ੍ਹਾਂ ਕੋਲੋਂ ਉਮਰਾਂ ਦੇ ਤਜਰਬੇ ਹਾਸਿਲ ਕਰਦੇ ਸਨ। ਅੱਜ ਦੀ ਨੌਜਵਾਨ ਪੀੜ੍ਹੀ ਤਾਂ ਬਜ਼ੁਰਗਾਂ ਦੀ ਗੱਲ ਸੁਣਨਾ ਵੀ ਜ਼ਰੂਰੀ ਨਹੀਂ ਸਮਝਦੀ। ਬਜ਼ੁਰਗਾਂ ਨੂੰ ਘਰ ਦਾ ਜਾਂ ਤਾਂ ਇਕ ਕੋਨਾ ਦੇ ਦਿੱਤਾ ਜਾਂਦਾ ਹੈ ਜਾਂ ਫਿਰ ਬਿਰਧ ਆਸ਼ਰਮ ਵਿਚ ਪਹੁੰਚਾ ਦਿੱਤਾ ਜਾਂਦਾ ਹੈ। ਜਿਸ ਘਰ ਨੂੰ ਬਣਾਉਣ ਲਈ ਉਹ ਆਪਣੀ ਸਾਰੀ ਜ਼ਿੰਦਗੀ ਲਗਾ ਦਿੰਦੇ ਹਨ ਉਸ ਘਰ ਅੰਦਰ ਹੀ ਉਨ੍ਹਾਂ ਲਈ ਜਗ੍ਹਾ ਨਹੀਂ ਹੈ।*

• **ਜਸਪ੍ਰੀਤ ਕੌਰ ਸੰਘਾ**

---

**ਹਰਜਿੰਦਰ ਸਿੰਘ ਧਾਮੀ**

**ਸਿਮਰਤ ਨੇ ਪਾਲ ਤੋਂ ਆਪਣੀ ਗ਼ਲਤੀ ਦੀ ਮਾਫ਼ੀ ਮੰਗੀ। ਜੀਤੀ ਦੀ ਸੂਝ-ਬੂਝ ਕਰਕੇ ਘਰ ਵਿਚ ਕਲੇਸ਼ ਦਾ ਉੱਠਿਆ ਵਾਵਰੋਲਾ ਰੁਕ ਗਿਆ। ਕੁਝ ਸਮੇਂ ਬਾਅਦ ਦੋਨੋਂ ਭੈਣ-ਭਰਾ ਆਪਣੀ-ਆਪਣੀ ਡਿਊਟੀ 'ਤੇ ਜਾ ਰਹੇ ਸਨ...**

## ਇੱਜ਼ਤ

ਕਹਾਣੀ

ਅੱਜ ਸਰਕਾਰੀ ਛੁੱਟੀ ਸੀ ! ਪਾਲ ਆਰਾਮ ਨਾਲ ਘਰ ਦੇ ਵਿਹੜੇ ਵਿਚ ਬੈਠਾ ਸੁਆਦਲੀਆਂ ਖ਼ਬਰਾਂ ਤੇ ਕਹਾਣੀਆਂ ਪੜ੍ਹ ਕੇ ਖ਼ੁਸ਼ੀ ਮਾਣ ਰਿਹਾ ਸੀ! ਉਸ ਦੀ ਪਤਨੀ ਸਿਮਰਤ ਘਰ ਦੀ ਸਫ਼ਾਈ ਵਿਚ ਰੁੱਝੀ ਹੋਈ ਸੀ। ਅਚਾਨਕ ਸਿਮਰਤ ਪਾਲ ਕੋਲ ਆ ਖਲੋਈ ਤੇ ਬੋਲੀ, 'ਸੁਣੋ ਜੀ, ਆਹ ਵੇਖ ਲਓ, ਆਪਣੀ ਭੈਣ ਦੀਆਂ ਕਰਤੂਤਾਂ, ਪੜ੍ਹਾਈ ਛੱਡ ਕੇ ਪਤਾ ਨਹੀਂ ਕਦੋਂ ਦੀ ਕਿਸੇ ਨਾਲ ਇਸ਼ਕ ਦੀਆਂ ਪੀਂਘਾਂ ਝੂਟ ਰਹੀ ਆ। ਹੋਰ ਪੜ੍ਹਾ ਲਵੋ ਇਹਨੂੰ, ਨੱਕ ਵੱਢਾ ਦਿੱਤਾ ਸਾਰੇ ਖਾਨਦਾਨ ਦਾ। ਜੇ ਭਲਾ ਚਾਹੁੰਦੇ ਹੋ ਤਾਂ ਚੁੱਪ-ਚੁਪੀਤੇ ਕੋਈ ਰਿਸ਼ਤਾ ਲੱਭ ਕੇ ਇਸ ਨੂੰ ਕਿਧਰੇ ਦਫ਼ਾ ਕਰੋ।' ਸਿਮਰਤ ਨੇ ਜੀਤੀ ਦੇ ਕਮਰੇ ਵਿੱਚੋਂ ਕਿਤਾਬਾਂ-ਕਾਪੀਆਂ ਨੂੰ ਸਾਂਭਦਿਆਂ, ਮਿਲੀ ਇਕ ਛੋਟੀ ਜਿਹੀ ਚਿੱਠੀ ਪਤੀ ਨੂੰ ਫੜਾਉਂਦਿਆਂ ਕਿਹਾ। ਪਾਲ ਦੀ ਸਵੇਰ ਵਿਚ ਮਾਤਮ ਛਾ ਗਿਆ ਸੀ।

ਜੀਤੀ ਗੁਆਂਢ ਹੀ ਆਪਣੀ ਸਹੇਲੀ ਨੂੰ ਮਿਲਣ ਗਈ ਹੋਈ ਸੀ। ਉਹ ਘਰ ਆਈ ਤਾਂ ਚਾਰੇ ਪਾਸੇ ਚੁੱਪ ਵੇਖ ਉਹ ਡਰੀ ਹੋਈ ਅੱਗੇ ਹੋਈ ਵੇਖਿਆ, ਉਸ ਦੀ ਭਰਜਾਈ ਸਿਮਰਤ ਪੂਰੇ ਗੁੱਸੇ ਵਿਚ ਅੱਖਾਂ ਕੱਢੀ ਖੜ੍ਹੀ ਉਸ ਨੂੰ ਘੂਰ ਰਹੀ ਸੀ। ਪਾਲ ਨੇ ਚਿੱਠੀ ਵਿਖਾਉਂਦੇ ਪੁੱਛਿਆ, 'ਆਹ ਕੀ ਆ, ਸਾਡੇ ਪਿਆਰ ਦਾ ਤੈਂ ਆਹ ਮੁੱਲ ਪਾਇਆ। ਸਾਡੀਆਂ ਸਾਰੀਆਂ ਸੱਧਰਾਂ ਤੇ ਪਾਣੀ ਫੇਰ 'ਤਾ, ਸਾਨੂੰ ਬੇਵਕੂਫ਼ ਬਣਾ ਕੇ ਪੜ੍ਹਨ ਦੀ ਥਾਂ ਇਹ ਚੰਦ ਚਾੜ੍ਹ ਰਹੀ ਏਂ ।' ਚਿੱਠੀ ਵੇਖ ਜੀਤੀ ਅੰਦਰੋਂ ਹਿੱਲ ਗਈ। ਇਸ ਤੋਂ ਪਹਿਲਾਂ ਉਹ ਕੋਈ ਸਫ਼ਾਈ ਦਿੰਦੀ, ਕਲੇਸ਼ ਹੋਰ ਵਧਣਾ ਸੀ। ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਉਹ ਸਿਸਕੀਆਂ ਭਰਦੀ ਆਪਣੇ ਕਮਰੇ ਵਿਚ ਜਾ ਪਈ ਤੇ ਸਾਰਾ ਦਿਨ ਰੋਂਦੀ ਰਹੀ।

'ਦੱਸ ਕੀ ਗੱਲ ਆ ।' ਭਾਜੀ ਇਹ ਸੱਚ ਹੈ, ਇਕ ਮੁੰਡੇ ਨੇ ਮੈਨੂੰ ਇਹ ਚਿੱਠੀ ਲਿਖ ਕੇ ਦੋਸਤੀ ਦੀ ਮੰਗ ਕੀਤੀ ਸੀ। ਮੈਂ ਉਸ ਮੁੰਡੇ ਨੂੰ ਸਪਸ਼ਟ ਕਹਿ ਚੁੱਕੀ ਹਾਂ। ਇਸ ਸਮੇਂ ਮੇਰਾ ਕੰਮ ਹੈ ਪੜ੍ਹਨਾ, ਫ਼ਜ਼ੂਲ ਕੰਮਾਂ ਲਈ ਸਾਰੀ ਉਮਰ ਪਈ ਆ। ਭਾਜੀ ਉਹ ਮੁੰਡਾ ਵੀ ਸਮਝ ਗਿਆ ਹੈ। ਮੈਨੂੰ ਖਾਨਦਾਨ ਦੀ ਇੱਜ਼ਤ ਪਿਆਰੀ ਹੈ, ਤੁਹਾਡਾ ਦਿੱਤਾ ਮੈਂ ਜ਼ਿੰਦਗੀ ਭਰ ਨਹੀਂ ਭੁੱਲ ਸਕਦੀ।' ਪਾਲ ਦਾ ਦਿਲ ਪਸੀਜ ਗਿਆ, ਉਸ ਨੇ ਉੱਠ ਜੀਤੀ ਨੂੰ ਗਲ਼ੇ ਲੱਗਾ ਲਿਆ ਤੇ ਸਿਰ 'ਤੇ ਹੱਥ ਫੇਰਦੇ ਅਸੀਸ ਦਿੱਤੀ। ਸਾਰੇ ਘਰੇਲੂ ਗਿਲੇ-ਸ਼ਿਕਵੇ ਦੂਰ ਹੋ ਗਏ। ਜੀਤੀ ਨੇ ਦੋ ਸਾਲ ਲਗਨ ਨਾਲ ਪੜ੍ਹਾਈ ਕਰ ਕੇ ਚੰਗੀ

ਕਰ ਲਈ ਸੀ। ਉਸ ਨੂੰ ਵੱਡੇ ਘਰਾਂ ਵਿੱਚੋਂ ਵੱਡੇ ਅਫ਼ਸਰਾਂ ਦੇ ਰਿਸ਼ਤੇ ਆ ਰਹੇ ਸਨ। ਘਰ ਵਿਚ ਖ਼ੁਸ਼ੀਆਂ ਬਹਾਰਾਂ ਸਨ।

ਪਾਲ ਤੇ ਜੀਤੀ ਇੱਕਠੇ ਹੀ ਸਵੇਰੇ ਦਫ਼ਤਰ ਜਾਂਦੇ। ਸਿਮਰਤ ਦੋਹਾਂ ਦੇ ਖਾਣੇ ਤਿਆਰ ਕਰਕੇ, ਟਿੱਫ਼ਨ ਵਿਚ ਪਾ ਕੇ ਘਰੋਂ ਤੋਰਦੀ ਸੀ। ਇਕ ਦਿਨ ਦੋਨੋਂ ਭੈਣ-ਭਰਾ ਤਿਆਰ ਸਨ ਪਰ ਖਾਣਾ ਨਹੀਂ ਸੀ ਤਿਆਰ ! ਜੀਤੀ ਨੇ ਕਿਹਾ, 'ਭਾਜੀ ਤੁਹਾਡੀ ਕਮੀਜ਼ ਤੇ ਆਹ ਕਿੰਨਾ ਗੰਦਾ ਦਾਗ਼ ਲੱਗਾ ਹੋਇਆ ਹੈ, ਹੋਰ ਬਦਲ ਲਵੋ। ਕੋਲ ਦੀ ਅਲਮਾਰੀ ਉਸ ਨੇ ਖੋਲ੍ਹੀ , ਪ੍ਰੈਸ ਕੀਤੇ ਕੱਪੜਿਆਂ ਵਿੱਚੋਂ ਕਮੀਜ਼ ਕੱਢਦੇ ਸਾਰੇ ਕੱਪੜੇ ਤੇ ਕੁਝ ਕਾਗ਼ਜ਼ ਹੇਠਾਂ ਫ਼ਰਸ਼ 'ਤੇ ਆ ਡਿੱਗੇ ! ਦੋਨੋਂ ਭੈਣ-ਭਰਾ ਵੇਖ ਕੇ ਹੈਰਾਨ ਹੋ ਰਹੇ ਸਨ ! ਉਨ੍ਹਾਂ ਨੇ ਸਾਰੇ ਪੱਤਰ ਚੁੱਕ ਲਏ! ਸਿਮਰਤ ਖਾਣਾ ਲੈ ਕੇ ਸਾਹਮਣੇ ਆ ਖਲੋਈ। ਖਿੱਲਰੇ ਕੱਪੜੇ ਵੇਖ ਉਹ ਬੋਲੀ, 'ਮੈਨੂੰ ਦੱਸਣਾ ਸੀ, ਕੀ ਚਾਹੀਦਾ ਹੈ।' ਪਰ ਪਾਲ ਪੂਰੇ ਗੁੱਸੇ ਵਿਚ ਚਿੱਠੀਆਂ ਨਾਲ ਭਰਿਆ ਆਪਣਾ ਬੁੱਕ ਵਿਖਾਉਂਦੇ ਬੋਲਿਆ, 'ਆਹ ਕੀ ਆ? ਸਾਡੇ ਜਾਣ ਮਗਰੋਂ ਇਹ ਕਮਾਈਆਂ ਕਰਦੀ ਰਹੀ ਏਂ। ਮੇਰੇ ਹੀ ਦੋਸਤ ਨਾਲ ਮੇਰੀ ਪਿੱਠ 'ਤੇ ਛੁਰਾ ਮਾਰਿਆ। ਸੱਤ ਘਰ ਤਾਂ ਡਾਇਨ ਵੀ ਛੱਡ ਦਿੰਦੀ ਹੈ।' ਸਿਮਰਤ, ਪਾਲ ਦੇ ਗੁੱਸੇ ਤੋਂ ਡਰ ਚੁੱਕੀ ਸੀ। ਪਾਲ ਉਸ ਨੂੰ ਗੁੱਸੇ ਵਿਚ ਮਾਰਦਾ ਲੱਗਾ ਤਾਂ ਜੀਤੀ ਬੋਲੀ, 'ਭਾਜੀ ਸਮਝਦਾਰ ਬਣੋ। ਘਰ ਦੀ ਇੱਜ਼ਤ ਦਾ ਸਵਾਲ ਹੈ! ਸਿਆਣੇ ਆਖਦੇ ਹਨ, ਕੰਧਾਂ ਦੇ ਵੀ ਕੰਨ ਹੁੰਦੇ ਨੇ। ਦੁਨੀਆ ਤਾਂ ਚਾਹੁੰਦੀ ਹੈ ਅਸੀਂ ਤਮਾਸ਼ਾ ਵੇਖੀਏ।' ਸਿਮਰਤ, ਪਾਲ ਅਤੇ ਦੁਨੀਆ ਤੋਂ ਡਰਦੀ, ਰੋਂਦੀ-ਸਿਸਕੀਆਂ ਭਰਦੀ ਹੋਈ ਕੰਬਦੀ ਆਵਾਜ਼ ਵਿਚ ਸਿਮਰਤ ਨਾਲ ਲਿਪਟੀ ਬੋਲੀ, 'ਮੈਨੂੰ ਮਾਫ਼ ਕਰ ਦੇਵੋ, ਮੈਂ ਦਿਲੋਂ ਗ਼ਲਤੀ ਮਹਿਸੂਸ ਕਰਦੀ ਹਾਂ।' ਪਾਲ ਦਾ ਗੁੱਸਾ ਵੱਧ ਰਿਹਾ ਸੀ। ਜੀਤੀ ਨੇ ਪਾਲ ਨੂੰ ਸਮਝਾਇਆ, 'ਵੱਸਦੇ ਘਰ ਦੀਆਂ ਛੱਤਾਂ ਦੇ ਕੱਖਾਂ ਨੂੰ ਉੱਡਣ ਨਾ ਦੇਵੋ। ਖਿਲਰੇ ਕੱਖਾਂ ਨੂੰ ਮੁੜ ਸਮੇਟ ਕੇ, ਸੁਧਰਨ ਦਾ ਮੌਕਾ ਦੇਣਾ ਹੀ ਅਕਲਮੰਦੀ ਹੈ।' ਸਿਮਰਤ ਨੇ ਪਾਲ ਤੋਂ ਆਪਣੀ ਗ਼ਲਤੀ ਦੀ ਮਾਫ਼ੀ ਮੰਗੀ। ਜੀਤੀ ਦੀ ਸੂਝ-ਬੂਝ ਕਰਕੇ ਘਰ ਵਿਚ ਕਲੇਸ਼ ਦਾ ਉੱਠਿਆ ਵਾਵਰੋਲਾ ਰੁੱਕ ਗਿਆ ਸੀ। ਕੁਝ ਸਮੇਂ ਬਾਅਦ ਦੋਨੋਂ ਭੈਣ-ਭਰਾ ਆਪਣੀ-ਆਪਣੀ ਡਿਊਟੀ 'ਤੇ ਜਾ ਰਹੇ ਸਨ। ਪਾਲ ਸੋਚ ਰਿਹਾ ਸੀ ਕਿ ਉਸ ਦੀ ਭੈਣ ਨੇ ਦਾਗ਼ ਲੱਗੀ ਕਮੀਜ਼ ਤਾਂ ਬਦਲਵਾ ਦਿੱਤੀ ਹੈ ਪਰ ਘਰ ਦੀ ਇੱਜ਼ਤ 'ਤੇ ਲੱਗਾ ਦਾਗ਼ ਕੌਣ ਉਤਾਰੇਗਾ। •

98144- 2347



---

**ਸ਼ਮਿੰਦਰ ਕੌਰ**

## ਪਰਦੇਸੀਆਂ ਦੇ ਦੁੱਖ ਡਾਹਢੇ

ਆਪਣੀ ਜਨਮ ਭੂਮੀ ਤੋਂ ਦੂਰ ਰਹਿਣ ਦਾ ਦੁੱਖ ਪਰਦੇਸਾਂ ਵਿਚ ਲੱਭਦੇ ਆਪਣਾਪਨ ਡਾਲਰਾਂ ਦੀ ਚਮਕ ਆਪਣੀ ਮਿੱਟੀ ਤੋਂ ਦੂਰ ਜਾ ਕੇ ਰਹਿਣਾ ਪੰਜਾਬੀਆਂ ਦੀ ਮਜਬੂਰੀ ਤੇ ਤੜਫ਼ ਹੈ। ਉਨ੍ਹਾਂ ਦੇ ਮਨ ਨੂੰ ਸਮਝਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਕਿਸ ਦਾ ਜੀ ਕਰਦਾ ਹੈ ਪਰਦੇਸੀ ਹੋਣ ਨੂੰ। ਗ਼ਰੀਬ ਘਰ ਦੇ ਹਾਲਾਤ ਇਨਸਾਨ ਨੂੰ ਮਜਬੂਰ ਕਰਦੇ ਹਨ। ਘਰ-ਬਾਰ ਛੱਡਣ ਨੂੰ ਪੰਜਾਬ 'ਚ ਰਹਿ ਕੇ ਬੇਰੁਜ਼ਗਾਰੀ ਅਤੇ ਭਵਿੱਖ ਦੀ ਚਿੰਤਾ ਹਰ ਇਕ ਨੂੰ ਸਤਾਉਂਦੀ ਹੈ। ਵਿਦੇਸ਼ਾਂ ਵਿਚ ਹੱਡ ਭੰਨਵੀਂ ਮਿਹਨਤ ਕਰ ਕੇ ਪੈਸਾ ਤਾਂ ਬਹੁਤ ਮਿਲਦਾ ਹੈ, ਜੇ ਨਹੀਂ ਮਿਲਦਾ ਤਾਂ ਪਿਆਰ ਹੀ ਨਹੀਂ ਮਿਲਦਾ, ਆਪਣਾਪਨ ਰਿਸ਼ਤਿਆਂ ਦੀ ਸਾਂਝ, ਮਾਂ ਦੇ ਹੱਥ ਦੀ ਬਣੀ ਰੋਟੀ ਨਹੀਂ ਮਿਲਦੀ। ਅੱਜ ਕੱਲ੍ਹ ਖ਼ੂਨ ਦੇ ਰਿਸ਼ਤੇ ਫਿੱਕੇ ਹੋ ਗਏ ਹਨ। ਜਿਸ ਮਾਂ ਬਾਪ ਨੇ ਪਾਲਿਆ-ਪੋਸਿਆ, ਉਸ ਨੂੰ ਹੀ ਅੱਖਾਂ ਦਿਖਾਉਂਦੀ ਹੈ ਅਜੋਕੀ ਪੀੜ੍ਹੀ। ਬਾਹਰ ਗਏ ਬੱਚੇ ਸੰਸਕਾਰ ਨਹੀਂ ਸਿੱਖ। ਉਹ ਮਾਪਿਆ ਨੂੰ ਤੇਹ-ਮੋਹ ਨਹੀਂ ਕਰਦੇ। ਉਨ੍ਹਾਂ ਨੂੰ ਕੀ ਪਤਾ ਸਾਂਝੇ ਪਰਿਵਾਰਾਂ ਬਾਰੇ। ਲੋਕ ਡਾਲਰਾਂ ਦੀ ਚਮਕ ਤਾਂ ਵੇਖਦੇ ਹਨ ਪਰ ਭੁੱਲ ਜਾਂਦਾ ਹੈ ਕਿ ਡਾਲਰ ਕਮਾਉਣਾ ਕਿੰਨਾ ਔਖਾ ਹੈ।



ਪੱਥਰ ਦਿਲ ਬਣ ਕੇ ਦਿਨ ਕੱਟਦੇ ਹਨ ਪਰਦੇਸੀ। ਕੰਮ ਵਿਚ ਰੁੱਝੇ ਹੋਣ ਕਰਕੇ ਖਾਣਾ-ਪੀਣਾ ਵੀ ਭੁੱਲ ਜਾਂਦੇ ਹਨ। ਥੋੜ੍ਹੇ-ਥੋੜ੍ਹੇ ਪੈਸੇ ਬਚਾ ਕੇ ਘਰ ਭੇਜਦੇ ਹਨ ਤਾਂ ਕਿ ਗ਼ਰੀਬੀ ਖ਼ਤਮ ਹੋ ਸਕੇ। ਅੱਜ ਕੱਲ੍ਹ ਦੀ ਪੀੜ੍ਹੀ ਦੀ ਇਹੀ ਇੱਛਾ ਹੈ ਕਿ ਬਾਰ੍ਹਵੀਂ ਕਰ ਕੇ ਬਾਹਰ ਚਲੇ ਜਾਣ। ਮੁੰਡਿਆਂ ਕੋਲ ਆਇਲੈਂਟਸ ਹੁੰਦੀ ਨਹੀਂ, ਫਿਰ ਕੁੜੀ ਲੱਭਦੇ ਨੇ ਜਿਸ ਨੇ ਚੰਗੇ ਬੈਂਡ ਲਏ ਹੋਣ। ਕਈ ਵਾਰ ਇਹ ਵੀ ਦੇਖਣ 'ਚ ਆਇਆ ਹੈ ਕਿ ਮਾਪੇ ਵਧੀਆ ਨੌਕਰੀ 'ਤੇ ਸੈੱਟ ਹੁੰਦੇ ਹਨ ਪਰ ਫਿਰ ਵੀ ਬੱਚੇ ਬਾਹਰਲੇ ਮੁਲਕ ਜਾਣਾ ਪਸੰਦ ਕਰਦੇ ਹਨ। ਕਈ ਵਾਰ ਪੰਜਾਬੀ ਵਿਦੇਸ਼ ਜਾਣ ਲਈ ਆਪਣੀ ਜਾਣ ਖ਼ਤਰੇ ਵਿਚ ਪਾ ਲੈਂਦੇ ਹਨ। ਮਿਸਾਲ ਲਈ ਤੁਹਾਨੂੰ ਮਾਲਟਾ ਕਾਂਡ ਯਾਦ ਹੀ ਹੋਵੇਗਾ। ਪਰਵਾਸੀ ਆਪਣੇ ਸੱਭਿਆਚਾਰ ਨੂੰ ਪਸੰਦ ਕਰਦੇ ਹਨ। ਖੇਡਾਂ ਨੂੰ ਉਤਸ਼ਾਹਿਤ ਕਰਦੇ ਹਨ। ਦੂਰ ਵੱਸਦੇ ਵੀ ਇਹ ਪਰਦੇਸੀ ਆਪਣੇ ਦੇਸ਼ ਨਾਲ ਪਿਆਰ ਕਰਦੇ ਹਨ। •

---

**ਮਨਪ੍ਰੀਤ ਕੌਰ ਭੰਮਰਾ**

**ਅਜੋਕੇ ਸਮੇਂ ਕੋਈ ਵੀ ਪੋਤਾ-ਪੋਤੀ ਆਪਣੇ ਦਾਦੇ-ਦਾਦੀ ਦੀ ਰਜਾਈ ਦਾ ਨਿੱਘ ਮਾਣ ਕੇ ਬਾਤਾਂ ਨਹੀਂ ਸੁਣਦਾ ਸਗੋਂ ਮੋਬਾਈਲ ਫੋਨ 'ਤੇ ਆਪਣੀ ਮਨਪਸੰਦ ਵੀਡੀਓ ਗੇਮ ਖੇਡਣ ਨੂੰ ਪਹਿਲ ਦਿੰਦਾ ਹੈ...**



## ਭਾਵਨਾਵਾਂ ਦੀ ਕਦਰ

ਰਿਸ਼ਤਿਆਂ ਦੇ ਮੋਹ ਦੀ ਤਸਵੀਰ ਸੀ ਕਦੇ ਪੰਜਾਬ। ਇਸ ਵਿਚ ਰਿਸ਼ਤਿਆਂ ਦੀ ਇੰਨੀ ਵਿਸ਼ਾਲਤਾਂ ਤੇ ਗੂੜ੍ਹੀ ਰੰਗਤ ਵੇਖਣ ਨੂੰ ਮਿਲ ਦੀ ਹੋਰ ਕਿਧਰੇ ਨਹੀਂ ਸੀ। ਪਿਆਰ ਲਈ ਜਾਨ ਵਾਰਨ ਵਾਲੇ ਪੰਜਾਬੀ ਸੂਰਮਿਆ ਦੀ ਬਹਾਦਰੀ ਅਨੇਕਾਂ ਕਿੱਸਿਆ ਵਿਚ ਵੇਖਣ ਤੇ ਸੁਣਨ ਨੂੰ ਮਿਲ ਜਾਂਦੀ ਹੈ। ਪੰਜਾਬ ਵਿਚ ਪਹਿਲਾਂ ਸਿਰਫ਼ ਪਦਾਰਥਵਾਦੀ ਸੱਭਿਆਚਾਰ ਵਿਕਸਿਤ ਨਹੀਂ ਸੀ, ਸਗੋਂ ਹਰ ਪਦਾਰਥਵਾਦੀ ਚੀਜ਼ਾਂ ਭਾਵੇਂ ਉਹ ਪੁਰਾਤਨ ਚੁੱਲ੍ਹਾ-ਚੌਂਕਾ, ਮਧਾਣੀ, ਚਰਖਾ, ਕੂੰਡੀ-ਘੋਟਣਾ ਆਦਿ ਕਿਉਂ ਨਾ ਹੋਵੇ ਇਨ੍ਹਾਂ ਨਾਲ ਇਕ ਭਾਵਨਾਤਮਿਕ ਰਿਸ਼ਤਾ ਜ਼ਰੂਰ ਬੱਝਿਆ ਹੁੰਦਾ ਸੀ।

### ਸੱਭਿਆਚਾਰ ਦਾ ਪੱਧਰ

ਕਦੇ ਹਰ ਸੁਆਣੀ ਮਧਾਣੀ ਨਾਲ ਹੱਥੀ ਦੁੱਧ ਰਿੜਕ ਕੇ ਦਹੀ, ਲੱਸੀ ਜਦ ਘਰ ਦੇ ਮੈਂਬਰਾਂ ਨੂੰ ਪਰੋਸਦੀ ਹੈ ਤਾਂ ਇਕ ਵੱਖਰੇ ਹੀ ਸਵਾਦ ਦਾ ਸਰੂਰ ਚੜ੍ਹਦਾ। ਚਰਖਿਆਂ ਦੀ ਘੂਕਰ ਵੀ ਤ੍ਰਿੰਞਣਾ ਵਿਚ ਬੰਸਰੀ ਦੀ ਹੇਕ ਜਿੰਨਾ ਅਨੰਦ ਦਿੰਦੀ ਪਰ ਅੱਜ ਕੱਲ੍ਹ ਸੱਭਿਆਚਾਰ ਦਾ ਵੱਡੇ ਪੱਧਰ 'ਤੇ ਮਜ਼ਾਕ ਉਡਾਇਆ ਜਾਂਦਾ ਹੈ। ਵਿਆਹ ਜਾਂ ਸ਼ਗਨਾ ਦੇ ਹੋਰ ਮੌਕਿਆਂ 'ਤੇ ਇਨ੍ਹਾਂ ਦੁਆਰਾ ਸਟੇਜ ਤੇ ਗੀਤਾਂ ਦੇ ਬੋਲਾਂ ਨਾਲ ਇਨ੍ਹਾਂ ਚੀਜ਼ਾਂ ਜਾਂ ਪੰਜਾਬੀ ਪਹਿਰਾਵਿਆਂ ਦਾ ਕੋਈ ਮੇਲ ਨਹੀਂ ਹੁੰਦਾ।

### ਸੰਸਕਾਰਾਂ ਦੀ ਸਮਝ

ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਬੱਸ ਇਕੱਲਪੁਣੇ ਤੇ ਪਦਾਰਥਕ ਚੀਜ਼ਾ ਤਕ ਹੀ ਸੀਮਿਤ ਹੈ। ਪੁਰਾਣੇ ਸਮੇਂ ਦੇ ਸੰਸਕਾਰਾਂ ਦੀ

ਲਵੇ ਕਿ ਉਨ੍ਹਾਂ ਨੂੰ ਇਸ ਗੱਲ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਅੱਜ ਦੇ ਨੌਜਵਾਨਾਂ ਨੂੰ ਇਹ ਜ਼ਰੂਰ ਪਤਾ ਹੈ ਕਿ ਜੇਕਰ ਗੁਰਦੁਆਰੇ ਦੀ ਇਮਾਰਤ ਦਿਖਦੀ ਹੈ ਤਾਂ ਉਸ ਅੱਗੇ ਸਿਰ ਜ਼ਰੂਰ ਝੁਕਾਣਾ ਹੈ ਪਰ ਕਿਉਂ ਝੁਕਾਣਾ ਹੈ ਇਹ ਪਤਾ ਨਹੀਂ? ਇਸ ਪਿੱਛੇ ਇਤਿਹਾਸ ਕੀ ਹੈ? ਇਸ ਦੀ ਜਾਣਕਾਰੀ ਹਾਸਲ ਕਰਨਾ ਉਹ

ਵਰਗ ਨੂੰ ਹੀ ਨਹੀਂ ਸਗੋਂ ਬੱਚਿਆ ਦੇ ਬਚਪਨ ਨੂੰ ਵੀ ਕੈਦ ਕਰ ਲਿਆ ਹੈ। ਹੁਣ ਕਿਸੇ ਵੀ ਦਾਦੇ-ਦਾਦੀ ਦਾ ਪੋਤਾ/ਪੋਤੀ ਉਨ੍ਹਾਂ ਦੀ ਰਜਾਈ ਦਾ ਨਿੱਘ ਮਾਣ ਕੇ ਬਾਤਾਂ ਨਹੀਂ ਸੁਣਦਾ ਸਗੋਂ ਮੋਬਾਈਲ ਫੋਨ 'ਤੇ ਵੀਡਿਓ ਗੇਮ ਖੇਡਣ ਨੂੰ ਪਹਿਲ ਦਿੰਦਾ ਹੈ।

### ਕਮਾਊ ਪੁੱਤ

ਹਨ। ਉਨ੍ਹਾਂ ਦੇ ਕਮਾਊ ਪੁੱਤ ਕਮਾਈ ਤਾਂ ਬਥੇਰੀ ਕਰ ਰਹੇ ਹਨ ਪਰ ਮਾਂ ਬਾਪ ਨੂੰ ਦੋ ਵਕਤ ਦੀ ਰੋਟੀ ਦੇਣ ਤੋਂ ਅਸਮਰਥ ਹਨ। ਇਸ ਪਿੱਛੇ ਪ੍ਰਮੁੱਖ ਕਾਰਨ ਨੈਤਿਕ ਕਦਰਾਂ ਕੀਮਤਾਂ ਵਿਚ ਆ ਰਹੀ ਗਿਰਾਵਟ ਹੀ ਹੈ। ਘਰ ਵਿਚ ਮਾਂ ਬਾਪ ਦੁਆਰਾ ਪੈਸਾ ਕਮਾਉਣ ਦੀ ਹੋੜ੍ਹ ਵਿਚ ਲੱਗ ਜਾਣਾ, ਬੱਚਿਆਂ ਨੂੰ ਬਣਦਾ ਸਮਾਂ ਨਾ ਦੇਣਾ, ਇਕੱਠੇ ਜੁੜ ਕੇ ਗੱਲਾਂ-ਬਾਤਾਂ ਕਰਨੀਆਂ, ਇਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਨਾ ਕਰਨਾ ਆਦਿ।

### ਅਧਿਆਪਕ ਦਾ ਦਰਜਾ

ਸਕੂਲ ਪੱਧਰ 'ਤੇ ਪੜ੍ਹ ਕੇ ਬੱਚੇ ਜਦ ਕਾਲਜ ਵਿਚ ਪ੍ਰਵੇਸ਼ ਕਰਦੇ ਹਨ ਤਾਂ ਉਨ੍ਹਾਂ ਵਿਚ ਨੈਤਿਕ ਗਿਰਾਵਟ ਦੇ ਲੱਛਣ ਸਹਿਜੇ ਹੀ ਵੇਖਣ ਨੂੰ ਮਿਲ ਜਾਂਦੇ ਹਨ। ਪਹਿਲਾਂ ਅਧਿਆਪਕ ਨੂੰ ਗੁਰੂ ਤਾਂ ਕੀ ਰੱਬ ਦਾ ਦਰਜਾ ਦਿੱਤਾ ਜਾਂਦਾ ਸੀ ਪਰ ਹੁਣ ਰੱਬ ਜਾਂ ਗੁਰੂ ਤਾਂ ਕੀ ਇਕ ਸਤਿਕਾਰਯੋਗ ਅਧਿਆਪਕ ਦਾ ਵੀ ਦਰਜਾ ਪ੍ਰਾਪਤ ਨਹੀਂ ਹੁੰਦਾ। ਵਿਦਿਆਰਥੀਆਂ ਦੇ ਸੁਭਾਅ ਵਿਚ ਪ੍ਰਮੁੱਖ ਸਮੱਸਿਆ ਇਹ ਆਈ ਹੈ ਕਿ ਉਹ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਹੋੜ ਵਿਚ ਇੰਨਾ ਕੁ ਮਹਾਨ ਹੋ ਜਾਂਦਾ ਹੈ ਕਿ ਉਹ ਆਪਣੇ ਅੱਗੇ ਖੜ੍ਹੇ ਅਧਿਆਪਕ ਦੀ ਵੀ ਪਰਵਾਹ

# ਭਾਰਤ 'ਚ ਪਿਛਲੇ ਸਾਲ ਰੋਕੇ ਗਏ ਦੋ ਲੱਖ ਦੇ ਕਰੀਬ ਬਾਲ ਵਿਆਹ : ਮੰਤਰੀ

**ਏਜੰਸੀਆਂ**

ਨਵੀਂ ਦਿੱਲੀ 2 ਦਸੰਬਰ। ਭਾਰਤ ਵਿੱਚ ਪਿਛਲੇ ਇੱਕ ਸਾਲ ਵਿੱਚ ਤਕਰੀਬਨ ਦੋ ਲੱਖ ਬਾਲ ਵਿਆਹਾਂ ਨੂੰ ਰੋਕਿਆ ਗਿਆ ਸੀ, ਪਰ ਫਿਰ ਵੀ ਦੇਸ ਵਿੱਚ ਪੰਜ ਵਿੱਚੋਂ ਇੱਕ ਲੜਕੀ ਦਾ ਵਿਆਹ 18 ਸਾਲ ਦੀ ਕਾਨੂੰਨੀ ਉਮਰ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਹੈ।



ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅੰਨਪੂਰਣਾ ਦੇਵੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਦੇਸ ਨੂੰ ਇਸ ਬੁਰਾਈ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੋਵੇਗਾ। ਮੰਤਰੀ ਨੇ 'ਬਾਲ ਵਿਆਹ ਮੁਕਤ ਭਾਰਤ ਮੁਹਿੰਮ' ਦੀ ਸੁਰੂਆਤ ਕਰਨ ਲਈ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਸਾਰੇ ਰਾਜਾਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਨੂੰ 2029 ਤੱਕ ਬਾਲ ਵਿਆਹ ਦਰ ਨੂੰ 5 ਫੀਸਦੀ ਤੋਂ ਹੇਠਾਂ ਲਿਆਉਣ ਦੇ ਉਦੇਸ ਨਾਲ ਵਿਸੇਸ ਕਾਰਜ ਯੋਜਨਾਵਾਂ ਬਣਾਉਣ ਦੀ ਅਪੀਲ ਕੀਤੀ। 'ਬਾਲ ਵਿਆਹ ਮੁਕਤ ਭਾਰਤ ਮੁਹਿੰਮ' ਖਾਸ ਤੌਰ 'ਤੇ ਪੱਛਮੀ ਬੰਗਾਲ, ਬਿਹਾਰ, ਝਾਰਖੰਡ, ਰਾਜਸਥਾਨ, ਤ੍ਰਿਪੁਰਾ, ਅਸਾਮ ਅਤੇ ਆਂਧਰਾ ਪ੍ਰਦੇਸ 'ਤੇ ਕੇਂਦਰਿਤ ਹੈ, ਜਿੱਥੇ ਅਜਿਹੇ ਮਾਮਲੇ ਸਭ ਤੋਂ ਵੱਧ ਹਨ। ਇਸ ਤਹਿਤ ਕਰੀਬ 300 ਜ?ਿਲ੍ਹਿਆਂ ਵੱਲ ਵੀ ਧਿਆਨ ਦਿੱਤਾ ਜਾਵੇਗਾ, ਜਿੱਥੇ ਬਾਲ ਵਿਆਹ ਦੀ ਦਰ ਰਾਸਟਰੀ ਔਸਤ ਤੋਂ ਵੱਧ ਹੈ। ਦੇਵੀ ਨੇ ਕਿਹਾ, "ਬਾਲ ਵਿਆਹ ਸਾਡੇ ਸਾਹਮਣੇ ਇੱਕ ਵੱਡੀ ਚੁਣੌਤੀ ਹੈ ਅਤੇ ਇਹ ਇੱਕ ਬੁਰਾ ਅਭਿਆਸ ਹੈ, ਜੋ ਲੱਖਾਂ ਲੜਕੀਆਂ ਦੀ ਸਮਰੱਥਾ ਨੂੰ ਸੀਮਤ ਕਰਦਾ ਹੈ। ਅੱਜ ਸਾਡੇ ਦੇਸ ਵਿੱਚ ਹਰ ਪੰਜ ਵਿੱਚੋਂ ਇੱਕ ਕੁੜੀ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦਾ ਹੈ। ਬਾਲ ਵਿਆਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸਭ ਤੋਂ ਗੰਭੀਰ ਰੂਪਾਂ ਵਿੱਚੋਂ ਇੱਕ ਹੈ ਅਤੇ ਕਾਨੂੰਨ ਦੇ ਤਹਿਤ ਇੱਕ ਅਪਰਾਧ ਹੈ।" ਉਨ੍ਹਾਂ ਕਿਹਾ ਕਿ ਭਾਵੇਂ ਬਾਲ ਵਿਆਹ ਰੋਕੂ ਕਾਨੂੰਨ ਵਰਗੇ ਕਾਨੂੰਨ ਮਹੱਤਵਪੂਰਨ ਹਨ ਪਰ "ਸਾਨੂੰ ਜਾਗਰੂਕਤਾ ਪੈਦਾ ਕਰਨ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਇਕੱਲੇ ਕਾਨੂੰਨ ਇਸ ਭੈੜੀ ਪ੍ਰਥਾ ਨੂੰ ਖਤਮ ਨਹੀਂ ਕਰ ਸਕਦੇ।" ਇਸ ਖੇਤਰ ਵਿੱਚ ਭਾਰਤ ਵੱਲੋਂ ਕੀਤੀ ਗਈ ਪ੍ਰਗਤੀ ਨੂੰ ਉਜਾਗਰ ਕਰਦੇ ਹੋਏ ਦੇਵੀ ਨੇ ਕਿਹਾ ਕਿ ਦੱਖਣੀ ਏਸੀਆ ਵਿੱਚ ਬਾਲ ਵਿਆਹ ਦਰਾਂ ਵਿੱਚ ਆਈ ਤੇਜੀ ਨਾਲ ਵਿਸਵਵਿਆਪੀ ਗਿਰਾਵਟ ਵਿੱਚ ਭਾਰਤ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਬਾਲ ਵਿਆਹ ਮੁਕਤ ਭਾਰਤ ਮੁਹਿੰਮ ਦਾ ਉਦੇਸ ਬਾਲ ਵਿਆਹ ਦੇ ਖਾਤਮੇ ਲਈ ਸਮੂਹਿਕ ਯਤਨਾਂ ਵਿੱਚ ਵੱਖ-ਵੱਖ ਹਿੱਸੇਦਾਰਾਂ ਨੂੰ ਸਾਮਲ ਕਰਨਾ ਹੈ।

# ਸਾਈਬਰ ਠੱਗਾਂ ਨੇ ਵਾਪਸ ਕਰ ਦਿੱਤੇ 15 ਲੱਖ, ਇਸ ਮਗਰੋਂ ਔਰਤ ਨਾਲ ਜੋ ਹੋਇਆ, ਸੁਣ ਕੇ ਰਹਿ ਜਾਓਗੇ ਦੰਗ

**ਸਰਦੂਲ ਸਿੰਘ**

ਮੁੰਬਈ 2 ਦਸੰਬਰ। ਮੁੰਬਈ 'ਚ ਇਕ 77 ਸਾਲਾ ਬਜੁਰਗ ਔਰਤ ਨਾਲ ਸਾਈਬਰ ਧੋਖਾਧੜੀ ਦਾ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਠੱਗਾਂ ਨੇ ਖੁਦ ਨੂੰ ਲਾਅ ਇਨਫੋਰਸਮੈਂਟ ਅਧਿਕਾਰੀ ( ) ਦੱਸ ਕੇ ਔਰਤ ਨੂੰ ਡਿਜੀਟਲ ਅਰੈਸਟ ਕਰ ਲਿਆ ਸੀ। ਉਸ ਨੂੰ ਡਰ ਦਿਖਾ ਕੇ 3.80 ਕਰੋੜ ਰੁਪਏ ਠੱਗ ਲਏ। ਇਹ ਸਾਰਾ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਮਹਿਲਾ ਨੇ ਵਿਦੇਸ 'ਚ ਰਹਿੰਦੀ ਆਪਣੀ ਧੀ ਨੂੰ ਫੋਨ ਕੀਤਾ। ਮੁੰਬਈ ਪੁਲਸ ਇਸ ਪੂਰੇ ਮਾਮਲੇ ਦੀ ਜਾਂਚ ਵਿਚ ਲੱਗੀ ਹੋਈ ਹੈ। ਏਜੰਸੀ ਮੁਤਾਬਕ ਪਿਛਲੇ ਮਹੀਨੇ ਕਿਸੇ ਅਣਪਛਾਤੇ ਵਿਅਕਤੀ ਨੇ ਮਹਿਲਾ ਨੂੰ ਵ੍ਹਟਸਐਪ 'ਤੇ ਕਾਲ ਕੀਤੀ ਸੀ। ਕਾਲ ਕਰਨ ਵਾਲੇ ਨੇ ਕਿਹਾ ਸੀ ਕਿ ਔਰਤ ਦੁਆਰਾ ਤਾਈਵਾਨ ਭੇਜੇ ਗਏ ਪਾਰਸਲ ਵਿਚ ਪਾਬੰਦੀਸੁਦਾ ਦਵਾਈਆਂ, ਪੰਜ ਪਾਸਪੋਰਟ, ਇਕ ਬੈਂਕ ਕਾਰਡ ਅਤੇ ਕੱਪੜੇ ਮਿਲੇ ਹਨ। ਔਰਤ ਨੇ ਕਿਹਾ ਕਿ ਉਸ ਨੇ ਕੋਈ ਪਾਰਸਲ ਨਹੀਂ ਭੇਜਿਆ ਤਾਂ ਫੋਨ ਕਰਨ ਵਾਲੇ ਨੇ ਕਿਹਾ ਕਿ ਇਸ ਕੰਮ ਲਈ ਤੁਹਾਡਾ ਆਧਾਰ ਕਾਰਡ ਵਰਤਿਆ ਗਿਆ ਹੈ। ਇਸ ਦੌਰਾਨ ਫੋਨ ਕਰਨ ਵਾਲੇ ਦਾ ਕਹਿਣਾ ਹੈ ਕਿ ਉਹ ਮੁੰਬਈ ਪੁਲਸ ਦੇ ਇਕ ਅਧਿਕਾਰੀ ਨਾਲ ਜੁੜਿਆ ਹੋਇਆ ਹੈ। ਇਸ ਤੋਂ ਬਾਅਦ ਕਾਲਰ ਕਿਸੇ ਅਜਿਹੇ ਵਿਅਕਤੀ ਨਾਲ ਜੁੜਦਾ ਹੈ, ਜੋ ਕਿ ਪੁਲਸ ਵਾਲਾ ਦਿਖਾਈ ਦਿੰਦਾ ਹੈ। ਪੁਲਸ ਮੁਲਾਜਮ ਔਰਤ ਨੂੰ ਕਹਿੰਦਾ ਹੈ ਕਿ ਤੁਹਾਡਾ ਆਧਾਰ ਕਾਰਡ ਮਨੀ ਲਾਂਡਰਿੰਗ ਕੇਸ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਔਰਤ ਨੂੰ ਸਕਾਈਪ ਐਪ ਡਾਊਨਲੋਡ ਕਰਨ ਲਈ ਕਿਹਾ ਗਿਆ ਹੈ। ਇਸ ਦੇ ਨਾਲ ਕਿਹਾ ਗਿਆ ਸੀ ਕਿ ਕਾਲ ਨਾ ਕੱਟੋ ਅਤੇ ਨਾ




ਹੀ ਇਸ ਮਾਮਲੇ ਨੂੰ ਕਿਸੇ ਨਾਲ ਸਾਂਝਾ ਕਰੋ। ਔਰਤ ਨੂੰ ਇਹ ਸਾਰੀਆਂ ਹਦਾਇਤਾਂ ਦੇਣ ਵਾਲੇ ਨੇ ਆਪਣੀ ਪਛਾਣ ਆਈ. ਪੀ. ਐੱਸ. ਅਧਿਕਾਰੀ ਵਜੋਂ ਦੱਸੀ ਸੀ। ਉਸ ਨੇ ਔਰਤ ਤੋਂ ਬੈਂਕ ਖਾਤੇ ਦੀ ਜਾਣਕਾਰੀ ਮੰਗੀ। ਇਸ ਦੌਰਾਨ ਇਕ ਹੋਰ ਠੱਗ ਜੁੜ ਗਿਆ, ਜੋ ਆਪਣੇ ਆਪ ਨੂੰ ਵਿੱਤ ਵਿਭਾਗ ਦਾ ਅਧਿਕਾਰੀ ਦੱਸਦਾ ਹੈ। ਉਹ ਔਰਤ ਨੂੰ ਕੁਝ ਖਾਤਾ ਨੰਬਰ ਦਿੰਦਾ ਹੈ ਅਤੇ ਉਸ ਨੂੰ ਪੈਸੇ ਉਨ੍ਹਾਂ ਨੂੰ ਟ੍ਰਾਂਸਫਰ ਕਰਨ ਲਈ ਕਹਿੰਦਾ ਹੈ ਅਤੇ ਇਹ ਵੀ ਕਹਿੰਦਾ ਹੈ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਪੈਸੇ ਵਾਪਸ ਕਰ ਦਿੱਤੇ ਜਾਣਗੇ। ਔਰਤ ਦਾ ਭਰੋਸਾ ਹਾਸਲ ਕਰਨ ਲਈ ਧੋਖੇਬਾਜ ਪੈਸੇ ਟ੍ਰਾਂਸਫਰ ਕਰਦੇ ਹਨ ਅਤੇ ਫਿਰ 15 ਲੱਖ ਰੁਪਏ ਵਾਪਸ ਕਰ ਦਿੰਦੇ ਹਨ। ਇਸ ਤੋਂ ਬਾਅਦ ਉਹ ਔਰਤ ਨੂੰ ਆਪਣੇ ਪਤੀ ਦੇ ਸਾਂਝੇ ਖਾਤੇ ਤੋਂ ਸਾਰੇ ਪੈਸੇ ਟਰਾਂਸਫਰ ਕਰਨ ਲਈ ਕਹਿੰਦੇ ਹਨ। ਔਰਤ 6 ਵੱਖ-ਵੱਖ ਖਾਤਿਆਂ ਵਿਚ ਮਲਟੀਪਲ ਟ੍ਰਾਂਜੈਕਸਨਾਂ ਰਾਹੀਂ 3.80 ਕਰੋੜ ਰੁਪਏ ਭੇਜਦੀ ਹੈ। ਇਸ ਤੋਂ ਬਾਅਦ ਜਦੋਂ ਕਾਫੀ ਸਮਾਂ ਬੀਤ ਜਾਣ 'ਤੇ ਵੀ ਪੈਸੇ ਵਾਪਸ ਨਹੀਂ ਹੁੰਦੇ ਹਨ ਅਤੇ ਠੱਗ ਟੈਕਸ ਦੇ ਨਾਂ 'ਤੇ ਹੋਰ ਪੈਸੇ ਮੰਗਦੇ ਹਨ ਤਾਂ ਔਰਤ ਨੂੰ ਸ਼ੱਕ ਹੋਣ ਲੱਗਦਾ ਹੈ। ਇਹ ਔਰਤ ਵਿਦੇਸ ਵਿਚ ਰਹਿੰਦੀ ਆਪਣੀ ਧੀ ਨੂੰ ਫੋਨ ਕਰਦੀ ਹੈ। ਜਿਵੇਂ ਹੀ ਧੀ ਆਪਣੀ ਮਾਂ ਦੀ ਗੱਲ ਸੁਣਦੀ ਹੈ, ਉਹ ਤੁਰੰਤ ਕਹਿ ਦਿੰਦੀ ਹੈ ਕਿ ਉਸ ਨਾਲ ਧੋਖਾ ਹੋਇਆ ਹੈ। ਇਸ ਤੋਂ ਬਾਅਦ ਔਰਤ ਸਾਈਬਰ ਹੈਲਪਲਾਈਨ ਨੰਬਰ 1930 'ਤੇ ਕਾਲ ਕਰ ਕੇ ਜਾਣਕਾਰੀ ਦਿੰਦੀ ਹੈ। ਮਹਿਲਾ ਦੀ ਸ?ਿਕਾਇਤ ਤੋਂ ਬਾਅਦ ਜਿਨ੍ਹਾਂ 6 ਬੈਂਕ ਖਾਤਿਆਂ 'ਚ ਪੈਸੇ ਟਰਾਂਸਫਰ ਕੀਤੇ ਗਏ ਸਨ, ਉਨ੍ਹਾਂ ਨੂੰ ਤੁਰੰਤ ਫ੍ਰੀਜ ਕਰ ਦਿੱਤਾ ਗਿਆ ਹੈ। ਮੁੰਬਈ ਪੁਲਸ ਦੀ ਕ੍ਰਾਈਮ ਬ੍ਰਾਂਚ ਹੁਣ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਰਕਾਰ ਪੂਰਾ ਕਰੇਗੀ ਵਾਅਦਾ ! ਹੁਣ ਔਰਤਾਂ ਦੇ ਖਾਤੇ ਵਿਚ ਆਉਣਗੇ 2100 ਰੁਪਏ

ਨਵੀਂ ਦਿੱਲੀ 2 ਦਸੰਬਰ। ਮਹਾਰਾਸਟਰ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਨੂੰ ਮੁੜ ਸੱਤਾ ਵਿੱਚ ਲਿਆਉਣ ਦਾ ਸਿਹਰਾ 'ਮੁੱਖ ਮੰਤਰੀ ਲਾਡਲੀ ਬਹਿਨਾ ਯੋਜਨਾ' ਨੂੰ ਦਿੱਤਾ ਜਾ ਰਿਹਾ ਹੈ। ਇਸ ਤਹਿਤ ਮਹਾਰਾਸਟਰ ਦੀਆਂ ਲਗਭਗ 2.5 ਕਰੋੜ ਔਰਤਾਂ ਨੂੰ ਹਰ ਮਹੀਨੇ 1500 ਰੁਪਏ ਦੀ ਰਾਸੀ ਦਿੱਤੀ ਜਾਣੀ ਹੈ। ਹਾਲਾਂਕਿ ਇਹ ਐਲਾਨ ਚੋਣਾਂ ਤੋਂ ਪਹਿਲਾਂ ਕੀਤਾ ਗਿਆ ਸੀ ਪਰ ਚੋਣਾਂ ਜਿੱਤਣ ਉਤੇ ਇਹ ਰਾਸੀ ਵਧਾ ਕੇ 2100 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਵੀ ਕੀਤਾ ਗਿਆ ਸੀ। ਹੁਣ ਜਦੋਂ ਮਹਾਰਾਸਟਰ ਵਿੱਚ ਐਨਡੀਏ ਭਾਰੀ ਬਹੁਮਤ ਨਾਲ ਸੱਤਾ ਵਿੱਚ ਵਾਪਸ ਆ ਗਈ ਹੈ ਤਾਂ ਸਰਕਾਰ ਉੱਤੇ ਆਪਣਾ ਵਾਅਦਾ ਪੂਰਾ ਕਰਨ ਦਾ ਦਬਾਅ ਰਹੇਗਾ। ਵਿਸਲੇਸਕਾਂ ਦਾ ਕਹਿਣਾ ਹੈ ਕਿ ਸਰਕਾਰ ਆਪਣਾ ਵਾਅਦਾ ਪੂਰਾ ਕਰਨ ਲਈ ਜਰੂਰ ਅੱਗੇ ਵਧੇਗੀ, ਪਰ ਅਸਲ ਚੁਣੌਤੀ ਇਹ ਹੈ ਕਿ ਇਸ ਨਵੇਂ ਖਰਚੇ ਲਈ ਪੈਸਾ ਕਿੱਥੋਂ ਲਿਆ ਜਾਵੇਗਾ। ਹਾਲਾਂਕਿ ਮਹਾਰਾਸਟਰ ਅਜਿਹਾ ਰਾਜ ਹੈ ਜੋ ਪੂਰੇ ਦੇਸ ਵਿੱਚ ਸਭ ਤੋਂ ਵੱਧ ਮਾਲੀਆ ਇਕੱਠਾ ਕਰਦਾ ਹੈ, ਪਰ ਇੱਥੇ ਖਰਚਾ ਵੀ ਅਨੁਪਾਤਕ ਤੌਰ ਉਤੇ ਵੱਧ ਰਹਿੰਦਾ ਹੈ। ਮਹਾਰਾਸਟਰ ਦੀ ਮੌਜੂਦਾ ਏਕਨਾਥ ਸ?ਿਦੇ ਸਰਕਾਰ ਨੇ ਜਦੋਂ 'ਲਾਡਲੀ ਬਹਿਨ ਯੋਜਨਾ' ਦਾ ਐਲਾਨ ਕੀਤਾ ਸੀ ਤਾਂ ਸੂਬੇ ਦੀਆਂ ਕਰੀਬ 2.5 ਕਰੋੜ ਔਰਤਾਂ ਦੇ ਖਾਤਿਆਂ 'ਚ ਹਰ ਮਹੀਨੇ 1500 ਰੁਪਏ ਜਮ੍ਹਾ ਕਰਨ ਦੀ ਗੱਲ ਕਹੀ ਸੀ। ਇਸ ਲਈ ਸਰਕਾਰ ਨੇ ਲਗਭਗ 35,000 ਕਰੋੜ ਰੁਪਏ ਅਲਾਟ ਕੀਤੇ ਸਨ। ਪਰ, ਚੋਣ ਸੀਜਨ ਵਿੱਚ ਗਠਜੋੜ ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਸੱਤਾ ਵਿੱਚ ਵਾਪਸ ਆਉਂਦੇ ਹਨ, ਤਾਂ ਇਹ ਰਕਮ ਵਧਾ ਕੇ 2,100 ਰੁਪਏ ਕਰ ਦਿੱਤੀ ਜਾਵੇਗੀ। ਜਾਹਿਰ ਹੈ ਕਿ ਰਾਸੀ 600 ਰੁਪਏ ਵਧਾਉਣ ਲਈ ਹੋਰ ਫੰਡਾਂ ਦੀ ਲੋੜ ਪਵੇਗੀ। ਵਿਸਲੇਸਕਾਂ ਦਾ ਕਹਿਣਾ ਹੈ ਕਿ ਜੇਕਰ ਔਰਤਾਂ ਦੇ ਖਾਤਿਆਂ 'ਚ ਜਾਣ ਵਾਲੀ ਰਾਸੀ ਨੂੰ ਵਧਾਇਆ ਜਾਂਦਾ ਹੈ ਤਾਂ ਸਰਕਾਰੀ ਖਜਾਨੇ 'ਤੇ ਵੀ 35 ਹਜਾਰ ਕਰੋੜ ਰੁਪਏ ਤੋਂ ਵਧ ਕੇ ਕਰੀਬ 46 ਹਜਾਰ ਕਰੋੜ ਰੁਪਏ ਦਾ ਬੋਝ ਹੋ ਜਾਵੇਗਾ। ਅਜਿਹੇ 'ਚ ਸਰਕਾਰ ਨੂੰ 11 ਹਜਾਰ ਕਰੋੜ ਰੁਪਏ ਹੋਰ ਅਲਾਟ ਕਰਨੇ ਪੈਣਗੇ। ਸਵਾਲ ਇਹ ਹੈ ਕਿ ਇਹ ਰਕਮ ਕਿੱਥੋਂ ਇਕੱਠੀ ਕੀਤੀ ਜਾਵੇਗੀ ਅਤੇ ਇਸ ਦਾ ਬਦਲ ਕੀ ਹੋ ਸਕਦਾ ਹੈ।

# ਬਜੁਰਗ ਪਿਤਾ ਨਾਲ ਤਾਜ ਮਹਿਲ ਦੇਖਣ ਆਇਆ ਵਿਦੇਸ਼ੀ ਸੈਲਾਨੀ, ਭੀੜ ਦੇਖ ਬਣਾਈ ਵੀਡੀਓ

**ਕਿਸ਼ਨ ਪਾਲ**

ਆਗਰਾ 2 ਦਸੰਬਰ। ਸੋਸਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿਚ ਇਕ ਵਿਦੇਸੀ ਸੈਲਾਨੀ ਦੂਜੇ ਦੇਸਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਤਾਜ ਮਹਿਲ ਵਿਚ ਦਾਖਲ ਹੋਣ ਲਈ ਵੱਖਰੀ ਕਤਾਰ ਦੀ ਮੰਗ ਕਰਦਾ ਸੁਣਿਆ ਜਾ ਰਿਹਾ ਹੈ। ਮੁਗਲ ਬਾਦਸਾਹ ਸਾਹਜਹਾਂ ਦੀ ਪਤਨੀ ਮੁਮਤਾਜ ਮਹਿਲ ਦੇ 17ਵੀਂ ਸਦੀ ਦੇ ਮਕਬਰੇ ਦੇ ਸਾਹੀ ਗੇਟ 'ਤੇ ਫਿਲਮਾਏ ਗਏ ਇਕ ਮਿੰਟ ਦੇ ਵੀਡੀਓ ਵਿਚ ਸੈਲਾਨੀ ਨੇ ਦਾਅਵਾ ਕੀਤਾ ਹੈ ਕਿ ਉਹ ਆਪਣੇ ਬਜੁਰਗ ਪਿਤਾ ਨਾਲ ਤਾਜ ਮਹਿਲ ਦੇਖਣ ਆਇਆ ਇਕ 'ਇੰਫਲੁਐਂਸਰ' ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵੀਡੀਓ ਵਿੱਚ ਸੈਲਾਨੀ ਇਹ ਕਹਿੰਦੇ ਹੋਏ ਸੁਣਾਈ ਦੇ ਰਿਹਾ ਹੈ ਕਿ ਹੁਣ ਤੱਕ ਉਹ 70 ਤੋਂ ਵੱਧ ਦੇਸਾਂ ਦੀ ਯਾਤਰਾ ਕਰ ਚੁੱਕਾ ਹੈ। ਭਾਰਤ ਅਤੇ ਤਾਜ ਮਹਿਲ ਵਿੱਚ ਆ ਕੇ ਬਹੁਤ ਖੁਸੀ ਹੋਈ। ਮੈਂ ਇੱਕ 'ਇੰਫਲੁਐਂਸਰ' ਹਾਂ ਅਤੇ ਪੂਰੀ ਦੁਨੀਆ ਦੀ ਯਾਤਰਾ ਕਰਦਾ ਹਾਂ। ਇੱਥੇ ਸਭ ਕੁਝ ਬਹੁਤ



ਵਧੀਆ ਅਤੇ ਸਾਨਦਾਰ ਹੈ ਪਰ ਮੈਂ ਭਾਰਤ ਸਰਕਾਰ ਨੂੰ ਇੱਕ ਗੱਲ ਵਿੱਚ ਸੁਧਾਰ ਕਰਨ ਦੀ ਬੇਨਤੀ ਕਰਾਂਗਾ। ਉਸ ਨੇ ਵੀਡੀਓ ਵਿਚ ਅਪੀਲ ਕੀਤੀ ਹੈ ਕਿ ਇੱਥੋਂ ਦੀ ਸੁਰੱਖਿਆ ਵਿਵਸਥਾ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇੱਥੇ ਵੱਡੀ ਗਿਣਤੀ ਵਿੱਚ ਸਥਾਨਕ ਸੈਲਾਨੀ ਆਉਂਦੇ ਹਨ। ਉਸ ਨੇ ਕਿਹਾ ਕਿ ਇੱਕ ਵਿਦੇਸੀ ਸੈਲਾਨੀ ਹੋਣ ਦੇ ਨਾਤੇ, ਮੈਂ ਇਹ ਚਾਹਾਂਗਾ ਕਿ ਵਿਦੇਸੀ ਸੈਲਾਨੀਆਂ ਲਈ ਇੱਕ ਵੱਖਰੀ ਕਤਾਰ ਹੋਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਪਰਿਸਰ ਵਿੱਚ ਦਾਖਲ ਹੋਣ ਵਿੱਚ ਕੋਈ ਸਮੱਸਿਆ ਨਾ ਆਵੇ। ਇਸ ਸਮਾਰਕ ਦਾ ਪ੍ਰਬੰਧਨ ਕਰਨ ਵਾਲੇ ਭਾਰਤੀ ਪੁਰਾਤੱਤਵ ਸਰਵੇਖਣ ਦੇ ਸੁਪਰਡੈਂਟ ਪੁਰਾਤੱਤਵ ਵਿਗਿਆਨੀ ਰਾਜ ਕੁਮਾਰ ਪਟੇਲ ਨੂੰ ਜਦੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਕ ਨਿਊਜ ਏਜੰਸੀ ਨੂੰ ਦੱਸਿਆ ਕਿ ਵਿਦੇਸੀ ਸੈਲਾਨੀਆਂ ਲਈ ਕੋਈ ਵੱਖਰੀ ਕਤਾਰ ਨਹੀਂ ਬਣਾਈ ਜਾ ਸਕਦੀ। ਸਾਡੇ ਕੋਲ ਇੱਕ ਸਾਂਝਾ ਦਾਖਲਾ ਪ੍ਰਣਾਲੀ ਹੈ। ਦਾਖਲੇ ਵਿੱਚ ਦੇਰੀ ਮੁੱਖ ਤੌਰ 'ਤੇ ਸੈਲਾਨੀਆਂ ਦੀ ਭਾਰੀ ਭੀੜ ਕਾਰਨ ਹੁੰਦੀ ਹੈ।

# ਪੰਜਾਬ 'ਚ ਵਾਪਰਿਆ ਦਰਦਨਾਕ ਹਾਦਸਾ ; 1 ਮਹੀਨੇ ਦੀ ਮਾਸੂਮ ਬੱਚੀ ਦੀ ਹੋਈ ਮੌਤ

ਫਰੀਦਕੋਟ 2 ਦਸੰਬਰ। ਪੰਜਾਬ ਦੇ ਫਰੀਦਕੋਟ ਜ?ਿਲ੍ਹੇ ਤੋਂ ਬੇਹੱਦ ਦਰਦਨਾਕ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਦੇਰ ਸ਼ਾਮ ਫਰੀਦਕੋਟ-ਫਿਰੋਜ਼ਪੁਰ ਰੋਡ 'ਤੇ ਪਿੰਡ ਪਿਪਲੀ ਕੋਲ ਇੱਕ ਭਿਆਨਕ ਹਾਦਸਾ ਵਾਪਰ ਗਿਆ। ਇਸ ਹਾਦਸੇ 'ਚ ਇੱਕ ਮਹੀਨੇ ਦੀ ਮਾਸੂਮ ਬੱਚੀ ਦੀ ਮੌਤ ਹੋ ਗਈ, ਜਦਕਿ ਚਾਰ ਲੋਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨ੍ਹਾਂ ਨੂੰ ਗੁਰੂ ਗੋਬਿੰਦ ਮੈਡੀਕਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਿਕ ਇੱਕ ਪਰਿਵਾਰ ਫ਼ਰੀਦਕੋਟ ਵੱਲੋਂ ਇੱਕ ਆਲਟੋ ਕਾਰ 'ਚ ਸਵਾਰ ਹੋ ਕੇ ਜਾ ਰਿਹਾ ਸੀ ਕਿ ਫਿਰੋਜ਼ਪੁਰ ਵੱਲੋਂ ਆਉਂਦੇ ਇੱਕ ਟਰੱਕ ਨੇ ਕਾਰ ਨੂੰ ਸਾਹਮਣੇ ਤੋਂ ਜ਼ਬਰਦਸਤ ਟੱਕਰ ਮਾਰ ਦਿੱਤੀ ਅਤੇ ਇਸੇ ਟੱਕਰ ਕਾਰਨ ਇਕ ਰਿਕਸ਼ਾ ਵੀ ਚਪੇਟ 'ਚ ਆ ਗਿਆ। ਟੱਕਰ ਇੰਨੀ ਜਬਰਦਸਤ ਸੀ ਕਿ ਕਾਰ 'ਚ ਬੈਠੀ ਇਕ ਮਹੀਨੇ ਦੀ ਮਾਸੂਮ ਬੱਚੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਬਾਕੀ ਸਾਰੀਆਂ ਸਵਾਰੀਆਂ ਅਤੇ ਇੱਕ ਰਿਕਸ਼ਾ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ। ਟੱਕਰ ਤੋਂ ਬਾਅਦ ਟਰੱਕ ਚਾਲਕ ਮੌਕੇ ਤੋਂ ਟਰੱਕ ਭਜਾ ਕੇ ਲੈ ਗਿਆ, ਜਿਸ ਦੀ ਹਾਲੇ ਤੱਕ ਪਹਿਚਾਣ ਨਹੀਂ ਹੋ ਸਕੀ। ਪਿੰਡ ਵਾਸੀਆਂ ਮੁਤਾਬਿਕ ਕਾਰ 'ਚੋਂ ਬਹੁਤ ਹੀ ਮੁਸ਼ਕਿਲ ਨਾਲ ਸਵਾਰੀਆਂ ਨੂੰ ਬਾਹਰ ਕੱਢਿਆ ਗਿਆ, ਜਿਨ੍ਹਾਂ 'ਚੋਂ ਕਾਰ ਚਾਲਕ ਦੀਆ ਲੱਤਾਂ ਟੁੱਟ ਗਈਆਂ ਇੱਕ ਮਹਿਲਾ ਦੇ ਸਿਰ 'ਚ ਗੰਭੀਰ ਸੱਟ ਲੱਗੀ ਹੈ। ਇਸੇ ਦੌਰਾਨ ਕਰੀਬ ਇੱਕ ਮਹੀਨੇ ਦੀ ਬੱਚੀ ਦੀ ਮੌਕੇ 'ਤੇ ਮੌਤ ਹੋ ਗਈ ਤੇ ਨਾਲ ਹੀ ਰਿਕਸ਼ਾ ਚਾਲਕ ਦੇ ਵੀ ਕਾਫੀ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਹਸਪਤਾਲ ਭੇਜ ਦਿੱਤਾ ਗਿਆ।

## ਕੁੱਟਮਾਰ ਕਰਨ 'ਤੇ 6 ਲੋਕਾਂ ਖਿਲਾਫ ਪਰਚਾ ਦਰਜ

ਜਲਾਲਾਬਾਦ ਬੰਟੀ, 2 ਦਸੰਬਰ। ਥਾਣਾ ਸਦਰ ਪੁਲਸ ਨੇ ਕੁੱਟਮਾਰ ਕਰਨ ਵਾਲੇ ਅੱਧਾ ਦਰਜਨ ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਐੱਚ. ਸੀ. ਅਮਨਦੀਪ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਤੋ ਬਾਈ ਪਤਨੀ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਢਾਣੀ ਨੱਥਾ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਬਾਕੀ ਪਰਿਵਾਰ ਪਿੰਡ ਵਿਆਹ 'ਤੇ ਗਿਆ ਸੀ। ਉਹ ਘਰ ਵਿਚ ਸੀ ਤਾਂ ਮੰਗਤ ਸਿੰਘ ਉਰਫ ਮੰਗੀ ਪੁੱਤਰ ਬਲਦੇਵ ਸਿੰਘ, ਕਰਨਦੀਪ ਸਿੰਘ ਉਰਫ ਕਰਨੀ ਦੋਹਤਰਾ ਕਰਤਾਰ ਸਿੰਘ (ਮਾਤਾ ਹਰਮੇਸ਼ ਕੌਰ), ਮਲੂਕ ਸਿੰਘ ਪੁੱਤਰ ਅਮਰ ਸਿੰਘ, ਜੱਜ ਸਿੰਘ ਪੁੱਤਰ ਦੇਸਾ ਸਿੰਘ, ਸ਼ਰਮਾ ਸਿੰਘ ਪੁੱਤਰ ਵਰਿਆਮ ਸਿੰਘ, ਰਾਜ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ ਢਾਣੀ ਨੱਥਾ ਸਿੰਘ ਘਰ 'ਚ ਦਾਖਲ ਹੋ ਗਏ। ਉਨ੍ਹਾਂ ਨੇ ਉਸ ਦੇ ਸੱਟਾਂ ਮਾਰੀਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਜਿਨ੍ਹਾਂ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ।

# ਭਾਜਪਾ ਨੇ ਨਗਰ ਨਿਗਮ ਲੁਧਿਆਣਾ ਲਈ ਕੇਵਲ ਸਿੰਘ ਢਿੱਲੋਂ ਨੂੰ ਲਾਇਆ ਚੋਣ ਇੰਚਾਰਜ

ਬਰਨਾਲਾ 2 ਦਸੰਬਰ। ਭਾਰਤੀ ਜਨਤਾ ਪਾਰਟੀ ਵੱਲੋਂ ਨਗਰ ਨਿਗਮ ਅਤੇ ਨਗਰ ਪੰਚਾਇਤ ਚੋਣਾਂ ਲਈ ਤਿਆਰੀ ਵਿੱਢ ਦਿੱਤੀ ਗਈ ਹੈ। ਜਿਸ ਤਹਿਤ ਪਾਰਟੀ ਨੇ ਸੂਬੇ ਦੇ ਵੱਡੇ ਕੱਦਾਵਰ ਲੀਡਰਾਂ ਨੂੰ ਵੱਡੀਆਂ ਜ਼?ਿੰਮੇਵਾਰੀਆਂ ਦਿੱਤੀਆਂ ਹਨ। ਬੀ.ਜੇ.ਪੀ. ਦੇ ਸੂਬਾ ਕੋਰ ਕਮੇਟੀ ਮੈਂਬਰ ਕੇਵਲ ਸਿੰਘ ਢਿੱਲੋਂ ਸਾਬਕਾ ਵਿਧਾਇਕ ਨੂੰ ਵੀ ਪਾਰਟੀ ਨੇ ਇਨ੍ਹਾਂ ਚੋਣਾਂ ਲਈ ਵੱਡੀ ਜ਼?ਿੰਮੇਵਾਰੀ ਦਿੱਤੀ ਹੈ। ਭਾਜਪਾ ਵੱਲੋਂ ਕੇਵਲ ਢਿੱਲੋਂ ਨੂੰ ਲੁਧਿਆਣਾ ਨਗਰ ਨਿਗਮ ਦਾ ਚੋਣ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਸਮੁੱਚੇ ਲੁਧਿਆਣਾ ਸ਼ਹਿਰ ਦੇ ਨਗਰ ਨਿਗਮ ਕੇਵਲ ਸਿੰਘ ਢਿੱਲੋਂ ਦੀ ਅਗਵਾਈ 'ਚ ਬੀ.ਜੇ.ਪੀ. ਵੱਲੋਂ ਲੜੀ ਜਾਵੇਗੀ। ਉਨ੍ਹਾਂ ਦੇ ਨਾਲ ਅਵਿਨਾਸ਼ ਰਾਏ ਖੰਨਾ, ਡਾ. ਹਰਜੋਤ ਕਮਲ ਅਤੇ ਜਤਿੰਦਰ ਮਿੱਤਲ ਨੂੰ ਵੀ ਨਾਲ ਡਿਊਟੀ ਦਿੱਤੀ ਗਈ ਹੈ। ਇਸ ਸਬੰਧੀ ਕੇਵਲ ਢਿੱਲੋਂ ਨੇ ਕਿਹਾ ਕਿ ਲੁਧਿਆਣਾ ਨਗਰ ਨਿਗਮ ਚੋਣਾਂ ਭਾਰਤੀ ਜਨਤਾ ਪਾਰਟੀ ਪੂਰੀ ਤਨਦੇਹੀ ਨਾਲ ਲੜੇਗੀ। ਪਾਰਟੀ ਦੇ ਹਰ ਆਗੂ ਅਤੇ ਵਰਕਰ ਨਾਲ ਲੁਧਿਆਣਾ ਦੇ ਹਰ ਵੋਟਰ ਤੱਕ ਪਹੁੰਚ ਕੀਤੀ ਜਾਵੇਗੀ ਅਤੇ ਪਾਰਟੀ ਦੀਆਂ ਨੀਤੀਆਂ ਘਰ-ਘਰ ਪਹੁੰਚਾ ਕੇ ਭਾਜਪਾ ਨੂੰ ਵੱਡੇ ਪੱਧਰ 'ਤੇ ਜਿਤਾਇਆ ਜਾਵੇਗਾ।

# ਟਰੇਨ 'ਚ ਮਿਲੇ ਕੰਬਲ ਅਤੇ ਬੈੱਡਸੀਟ ਕਦੋਂ ਧੋਤੇ ਜਾਂਦੇ ਹਨ?: ਰੇਲ ਮੰਤਰੀ ਅਸ਼ਵਿਨੀ ਵੈਸ਼ਨਵ

**ਏਜੰਸੀਆਂ**

ਨਵੀਂ ਦਿੱਲੀ 2 ਦਸੰਬਰ। ਰੇਲ ਮੰਤਰੀ ਅਸਵਿਨੀ ਵੈਸਨਵ ਨੇ ਲੋਕ ਸਭਾ 'ਚ ਸਪੱਸਟ ਕੀਤਾ ਕਿ ਟਰੇਨ ਦੇ ਕੰਬਲ ਹਰ ਸਫਰ ਤੋਂ ਬਾਅਦ ਸਾਫ ਨਹੀਂ ਕੀਤੇ ਜਾਂਦੇ। ਉਨ੍ਹਾਂ ਨੇ ਦੱਸਿਆ ਕਿ ਯਾਤਰੀਆਂ ਨੂੰ ਦਿੱਤੇ ਜਾਣ ਵਾਲੇ ਊਨੀ ਕੰਬਲ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਧੋਤੇ ਜਾਂਦੇ ਹਨ। ਇਸ ਤੋਂ ਇਲਾਵਾ, ਬੈੱਡਰੋਲ ਕਿੱਟ ਵਿਚ ਇਕ ਵਾਧੂ ਸੀਟ ਦਿੱਤੀ ਗਈ ਹੈ, ਜਿਸ ਨੂੰ ਕੰਬਲ ਲਈ ਕਵਰ ਵਜੋਂ ਵਰਤਿਆ ਜਾ ਸਕਦਾ ਹੈ। ਦਰਅਸਲ, ਇਹ ਜਵਾਬ ਕਾਂਗਰਸ ਦੇ ਸੰਸਦ ਮੈਂਬਰ ਕੁਲਦੀਪ ਇੰਦੌਰਾ ਦੇ ਉਸ ਸਵਾਲ 'ਤੇ ਆਇਆ ਹੈ, ਜਿਸ 'ਚ ਉਨ੍ਹਾਂ ਨੇ ਪੁੱਛਿਆ ਸੀ ਕਿ ਯਾਤਰੀਆਂ ਵਲੋਂ ਸਾਫ-ਸੁਥਰੇ ਬਿਸਤਰੇ ਦੀ ਫੀਸ ਦੇਣ ਦੇ ਬਾਵਜੂਦ ਊਨੀ ਕੰਬਲ ਮਹੀਨੇ 'ਚ ਸਿਰਫ ਇਕ ਵਾਰ ਹੀ ਕਿਉਂ ਧੋਤੇ ਜਾਂਦੇ ਹਨ। ਮੰਤਰੀ ਨੇ ਕਿਹਾ ਕਿ ਮੌਜੂਦਾ ਮਾਪਦੰਡਾਂ ਅਨੁਸਾਰ, ਭਾਰਤੀ ਰੇਲਵੇ ਵਿੱਚ ਵਰਤੇ ਜਾਣ ਵਾਲੇ ਕੰਬਲ ਹਲਕੇ ਭਾਰ ਵਾਲੇ, ਧੋਣ ਵਿੱਚ ਆਸਾਨ ਅਤੇ ਬਿਹਤਰ ਨਿੱਘ ਪ੍ਰਦਾਨ ਕਰਦੇ ਹਨ, ਜਿਸ ਨਾਲ ਯਾਤਰੀਆਂ ਨੂੰ



ਆਰਾਮਦਾਇਕ ਯਾਤਰਾ ਦਾ ਅਨੁਭਵ ਮਿਲਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਯਾਤਰੀਆਂ ਦੀ ਸਹੂਲਤ ਅਤੇ ਸਾਫ-ਸਫਾਈ ਨੂੰ ਬਣਾਈ ਰੱਖਣ ਲਈ ਕਈ ਕਦਮ ਚੁੱਕੇ ਗਏ ਹਨ। ਇਨ੍ਹਾਂ ਵਿੱਚ ਬਿਹਤਰ ਗੁਣਵੱਤਾ ਵਾਲੇ ਲਿਨੇਨ ਦੀ ਖਰੀਦ, ਮਸੀਨੀ ਲਾਂਡਰੀ ਵਿੱਚ ਸਫਾਈ ਨੂੰ ਯਕੀਨੀ ਬਣਾਉਣਾ, ਮਿਆਰੀ ਮਸੀਨਾਂ ਅਤੇ ਵਿਸੇਸ ਰਸਾਇਣਾਂ ਦੀ ਵਰਤੋਂ ਕਰਨਾ ਅਤੇ ਧੋਤੇ ਹੋਏ ਲਿਨੇਨ ਦੀ ਗੁਣਵੱਤਾ ਦੀ ਜਾਂਚ ਕਰਨ ਲਈ 'ਵਹੀਟੋ-ਮੀਟਰ' ਦੀ ਵਰਤੋਂ ਸਾਮਲ ਹੈ। ਰੇਲਵੇ ਨੇ ਲਿਨੇਨ ਦੀ ਜੀਵਨ ਮਿਆਦ ਨੂੰ ਵੀ ਘਟਾ ਦਿੱਤਾ ਹੈ ਤਾਂ ਜੋ ਨਵੀਆਂ ਚੀਜਾਂ ਜਲਦੀ ਉਪਲਬਧ ਕਰਵਾਈਆਂ ਜਾ ਸਕਣ। ਰੇਲਮੈਡ ਪੋਰਟਲ 'ਤੇ ਦਰਜ ਸ?ਿਕਾਇਤਾਂ ਲਈ 'ਵਾਰ ਰੂਮ' ਬਣਾਏ ਗਏ ਹਨ, ਜਿੱਥੇ ਸ?ਿਕਾਇਤਾਂ 'ਤੇ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਮੰਤਰੀ ਨੇ ਇਹ ਵੀ ਦੱਸਿਆ ਕਿ ਬੈੱਡਰੋਲ ਈਕੋ-ਫਰੈਂਡਲੀ ਪੈਕੇਜਿੰਗ ਵਿੱਚ ਉਪਲਬਧ ਕਰਵਾਏ ਗਏ ਹਨ ਅਤੇ ਸਟੇਸਨਾਂ ਅਤੇ ਰੇਲਗੱਡੀਆਂ ਵਿੱਚ ਸਟੋਰ ਕਰਨ, ਟਰਾਂਸਪੋਰਟ ਕਰਨ, ਲੋਡ ਕਰਨ ਅਤੇ ਉਤਾਰਨ ਲਈ ਬਿਹਤਰ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

# ਨਾਨ-ਵੈੱਜ ਨਹੀਂ ਖਾਣ ਦਿੰਦਾ ਸੀ ਪ੍ਰੇਮੀ, ਤੰਗ ਆ ਕੇ ਮਹਿਲਾ ਪਾਇਲਟ ਨੇ ਜੋ ਕੀਤਾ ਜਾਣ ਉੱਡ ਜਾਣਗੇ ਹੋਸ਼

**ਏਜੰਸੀਆਂ**

ਮੁੰਬਈ 2 ਦਸੰਬਰ। ਉੱਤਰ ਪ੍ਰਦੇਸ਼ ਦੇ ਗੋਰਖਪੁਰ ਦੀ ਪਹਿਲੀ ਮਹਿਲਾ ਪਾਇਲਟ ਸ੍ਰਿਸ਼ਟੀ ਤੁਲੀ ਦੀ ਮੌਤ ਦੇ ਮਾਮਲੇ ਵਿਚ ਨਵੇਂ ਖੁਲਾਸੇ ਹੋਏ ਹਨ। ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ ਦੋਸ਼ੀ ਪ੍ਰੇਮੀ ਸ੍ਰਿਸ਼ਟੀ ਤੁਲੀ ਨੂੰ ਤੰਗ-ਪਰੇਸ਼ਾਨ ਕਰਦਾ ਸੀ। ਉਸ ਦੀ ਬੇਇੱਜਤੀ ਕਰਦਾ ਸੀ। ਦੋਹਾਂ ਵਿਚਾਲੇ ਨਾਨ-ਵੈੱਜ ਖਾਣ ਨੂੰ ਲੈ ਕੇ ਵੀ ਲੜਾਈ ਹੁੰਦੀ ਰਹਿੰਦੀ ਸੀ। ਪ੍ਰੇਮੀ ਆਦਿਤਿਆ ਪੰਡਿਤ ਤੋਂ ਤੰਗ ਸ੍ਰਿਸ਼ਟੀ ਤੁਲੀ ਨੇ ਖੁਦਕੁਸ਼ੀ ਕਰ ਲਈ। ਮੁੰਬਈ ਦੇ ਪਵਈ ਇਲਾਕੇ ਵਿਚ ਸੋਮਵਾਰ ਨੂੰ ਸ੍ਰਿਸ਼ਟੀ ਤੁਲੀ ਦੀ ਲਾਸ਼ ਫਲੈਟ ਵਿਚੋਂ ਮਿਲੀ । ਗੋਰਖਪੁਰ ਦੀ ਰਹਿਣ ਵਾਲੀ ਸ੍ਰਿਸ਼ਟੀ ਤੁਲੀ ਮੁੰਬਈ ਵਿਚ ਏਅਰ ਇੰਡੀਆ 'ਚ ਪਾਇਲਟ ਸੀ। ਉਹ ਏਅਰ ਇੰਡੀਆ ਵਿਚ ਪਾਇਲਟ ਬਣਨ ਵਾਲੀ ਗੋਰਖਪੁਰ ਦੀ ਪਹਿਲੀ ਮਹਿਲਾ ਸੀ। 25 ਸਾਲ ਤੁਲੀ ਮੁੰਬਈ ਦੇ ਅੰਧੇਰੀ ਵਿਚ ਕਿਰਾਏ ਦੇ ਫਲੈਟ ਵਿਚ ਰਹਿੰਦੀ ਸੀ। ਐਤਵਾਰ ਨੂੰ ਸ੍ਰਿਸ਼ਟੀ ਅਤੇ ਉਸ ਦੇ ਪ੍ਰੇਮੀ ਆਦਿਤਿਆ ਵਿਚਾਲੇ ਝਗੜਾ ਹੋਇਆ ਸੀ। ਸ੍ਰਿਸ਼ਟੀ ਨੇ ਫੋਨ ਕਰ ਕੇ ਉਸ ਨੂੰ ਖੁਦਕੁਸ਼ੀ ਦੀ ਧਮਕੀ ਦਿੱਤੀ ਸੀ। ਸ੍ਰਿਸਟੀ ਦੇ ਚਾਚਾ ਵਿਵੇਕ ਕੁਮਾਰ ਤੁਲੀ ਦੀ ਸ?ਿਕਾਇਤ 'ਤੇ ਪਵਈ ਪੁਲਸ ਸਟੇਸਨ 'ਚ ਦਰਜ ਕਰਵਾਈ ਗਈ 'ਚ ਕਈ ਗੱਲਾਂ ਸਾਹਮਣੇ ਆਈਆਂ



ਹਨ। ਆਦਿਤਿਆ ਅਕਸਰ ਆਪਣੀ ਪ੍ਰੇਮਿਕਾ ਨਾਲ ਮਾੜਾ ਵਤੀਰਾ ਕਰਦਾ ਸੀ। ਪਿਛਲੇ ਸਾਲ ਨਵੰਬਰ 'ਚ ਆਦਿਤਿਆ ਸ੍ਰਿਸ਼ਟੀ ਅਤੇ ਉਸਦੀ ਭੈਣ ਰਾਸੀ ਨੂੰ ਚਾਚੇ ਦੀ ਕਾਰ 'ਤੇ ਦਿੱਲੀ 'ਚ ਸਾਪਿੰਗ ਲਈ ਲੈ ਗਿਆ ਸੀ। ਇਸ ਗੱਲ ਨੂੰ ਲੈ ਕੇ ਬਾਜਾਰ 'ਚ ਦੋਵਾਂ ਵਿਚਾਲੇ ਬਹਿਸ ਹੋ ਗਈ। ਆਦਿਤਿਆ ਨੇ ਰਾਸੀ ਦੇ ਸਾਹਮਣੇ ਸ੍ਰਿਸਟੀ ਨੂੰ ਗਾਲ੍ਹਾਂ ਕੱਢੀਆਂ। ਚਾਚਾ ਮੁਤਾਬਕ ਸ੍ਰਿਸਟੀ ਆਦਿਤਿਆ ਨਾਲ ਆਪਣੇ ਰਿਸਤੇ ਨੂੰ ਲੈ ਕੇ ਕਾਫੀ ਪਰੇਸਾਨ ਸੀ ਪਰ ਉਹ ਉਸ ਨੂੰ ਛੱਡਣਾ ਨਹੀਂ ਚਾਹੁੰਦੀ ਸੀ। 'ਚ ਇਕ ਹੋਰ ਘਟਨਾ ਦਾ ਜ?ਿਕਰ ਹੈ, ਜੋ ਇਸ ਸਾਲ ਮਾਰਚ 'ਚ ਵਾਪਰੀ ਸੀ। ਆਦਿਤਿਆ ਅਤੇ ਸ੍ਰਿਸਟੀ ਗੁਰੂਗ੍ਰਾਮ ਵਿਚ ਆਪਣੇ ਦੋਸਤਾਂ ਨਾਲ ਡਿਨਰ ਕਰਨ ਗਏ ਸਨ। ਰੈਸਟੋਰੈਂਟ ਵਿਚ ਵੀ ਆਦਿਤਿਆ ਨੇ ਸ੍ਰਿਸਟੀ ਦੀ ਬੇਇੱਜਤੀ ਕੀਤੀ। ਉਸ ਨੇ ਸ੍ਰਿਸਟੀ ਨੂੰ ਮਾਸਾਹਾਰੀ ਭੋਜਨ ਖਾਣ ਤੋਂ ਰੋਕਿਆ ਅਤੇ ਉ ਸਨੂੰ ਸਾਕਾਹਾਰੀ ਭੋਜਨ ਖਾਣ ਲਈ ਬਾਹਰ ਲੈ ਗਿਆ। ਕੁਝ ਸਮੇਂ ਬਾਅਦ ਸ੍ਰਿਸਟੀ ਨੇ ਰਾਸੀ ਨੂੰ ਫੋਨ ਕੀਤਾ ਅਤੇ ਕਿਹਾ ਕਿ ਆਦਿਤਿਆ ਉਸ ਨੂੰ ਸੜਕ 'ਤੇ ਇਕੱਲੇ ਛੱਡ ਕੇ ਘਰ ਚਲਾ ਗਿਆ ਹੈ। ਆਦਿਤਿਆ ਦੇ ਲਗਾਤਾਰ ਮਾਨਸਿਕ ਸ਼ੋਸ਼ਣ ਤੋਂ ਪਰੇਸ਼ਾਨ ਹੋ ਕੇ ਸ੍ਰਿਸ਼ਟੀ ਨੇ ਖੁਦਕੁਸ਼ੀ ਜਿਹਾ ਕਦਮ ਚੁੱਕਿਆ। ਪਰਿਵਾਰ ਨੇ ਪੁਲਸ ਅਤੇ ਪ੍ਰਸ਼ਾਸਨ ਤੋਂ ਇਨਸਾਫ ਦੀ ਗੁਹਾਰ ਲਾਈ ਹੈ।

# ਸਾਨੂੰ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਖੁਸ਼ੀ ਬਣਾਈ ਰੱਖਣ ਲਈ ਉਪਕਰਨ ਤੇ ਤਕਨੀਕ ਦੇਣ ਦੀ ਲੋੜ

**ਏਜੰਸੀਆਂ**

ਬੈਂਗਲੁਰੂ 2 ਦਸੰਬਰ। ਇੱਕ ਇਤਿਹਾਸਕ ਪਹਿਲਕਦਮੀ ਵਿੱਚ, ਵਿਸਵ ਅਧਿਆਤਮਿਕ ਗੁਰੂ ਅਤੇ ਮਾਨਵਤਾਵਾਦੀ ਗੁਰੂਦੇਵ ਸ੍ਰੀ ਸ੍ਰੀ ਰਵੀ ਸੰਕਰ ਦੁਆਰਾ ਸਥਾਪਿਤ ਆਰਟ ਆਫ ਲਿਵਿੰਗ ਨੇ 70 ਸਕੂਲਾਂ ਅਤੇ ਯੂਨੀਵਰਸਿਟੀਆਂ ਨਾਲ ਸਾਂਝੇਦਾਰੀ ਕੀਤੀ ਹੈ ਅਤੇ ਕਈ ਸਮਝੌਤਿਆਂ (ਐਮਓਯੂ) 'ਤੇ ਹਸਤਾਖਰ ਕੀਤੇ ਹਨ। ਜਿਸ ਵਿੱਚ ਪੰਜਾਬ ਦੇ ਕੈਂਬਰਿਜ ਇੰਟਰਨੈਸਨਲ ਸਕੂਲ ਸੰਗਰੂਰ, ਜੇ.ਐਮ.ਕੇ ਇੰਟਰਨੈਸਨਲ ਸਕੂਲ ਪਠਾਨਕੋਟ, ਐਡਮੌਂਟ ਵਰਲਡ ਸਕੂਲ ਨਾਭਾ ਨੇ ਵੀ ਆਰਟ ਆਫ ਲਿਵਿੰਗ ਨਾਲ ਐਮ.ਓ.ਯੂ. 'ਤੇ ਹਸਤਾਖਰ ਕੀਤੇ ਹਨ। ਡੈਰਿਕ ਇੰਟਰਨੈਸਨਲ ਸਕੂਲ ਭਰੋਂ ਮਜਾਰਾ ਨੇ ਆਨਲਾਈਨ ਭਾਗ ਲਿਆ। ਸਹਿਯੋਗ ਦਾ ਉਦੇਸ 178,000 ਤੋਂ ਵੱਧ ਵਿਦਿਆਰਥੀਆਂ ਨੂੰ ਸੁਦਰਸਨ ਕ੍ਰਿਆ ਅਤੇ ਹੋਰ ਧਿਆਨ ਤਕਨੀਕਾਂ ਦੇ ਪਰਿਵਰਤਨਸੀਲ ਸਾਹ ਲੈਣ ਦੇ ਅਭਿਆਸ ਨਾਲ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਕਤੀ ਪ੍ਰਦਾਨ ਕਰਨਾ ਹੈ ਜੋ ਮਾਨਸਿਕ ਸਪੱਸਟਤਾ, ਭਾਵਨਾਤਮਕ ਤੰਦਰੁਸਤੀ ਅਤੇ ਤਣਾਅ-ਮੁਕਤ ਵਾਤਾਵਰਣ ਨੂੰ ਉਤਸਾਹਿਤ ਕਰਦੇ ਹਨ। ਗੁਰੂਦੇਵ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਜਦੋਂ ਬੱਚੇ ਪੈਦਾ ਹੁੰਦੇ ਹਨ ਤਾਂ ਉਹ ਖੁਸ ਹੁੰਦੇ ਹਨ ਪਰ ਜਦੋਂ ਉਹ ਜਵਾਨੀ ਵਿੱਚ ਪਹੁੰਚਦੇ ਹਨ, ਉਹ ਹੁਣ ਖੁਸ ਨਹੀਂ ਰਹਿੰਦੇ ਹਨ। ਉਨ੍ਹਾਂ ਦੀ ਖੁਸੀ ਨੂੰ ਬਣਾਈ ਰੱਖਣ ਲਈ ਸਾਨੂੰ ਸੰਦ ਅਤੇ ਤਕਨੀਕ ਦੇਣਾ ਬਹੁਤ ਮਹੱਤਵਪੂਰਨ ਹੈ।" ਗੁਰੂਦੇਵ ਆਪਣੇ ਸੰਬੋਧਨ ਵਿੱਚ ਦੱਸਦੇ ਹਨ, "ਮੈਂ ਅਕਸਰ ਦੁਨੀਆ ਭਰ ਵਿੱਚ ਦੇਖਦਾ ਹਾਂ ਕਿ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀ ਬਹੁਤ ਜ?ਿਆਦਾ ਤਣਾਅ ਵਿੱਚੋਂ ਗੁਜਰ ਰਹੇ ਹਨ। ਇੱਕ ਪਾਸੇ ਵਿਦਿਆਰਥੀ ਡਿਪਰੈਸਨ ਦਾ ਸ?ਿਕਾਰ ਹੋ ਰਹੇ ਹਨ ਅਤੇ ਦੂਜੇ ਪਾਸੇ ਉਹ ਹਮਲਾਵਰ ਹੋ ਰਹੇ ਹਨ। ਸਕੂਲ ਕੈਂਪਸ ਵਿੱਚ ਖੁਦਕੁਸੀ ਕਰਕੇ ਮਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਸਮਾਨ ਨੂੰ ਛੂਹ ਰਹੀ ਹੈ। ਆਰਟ ਆਫ ਲਿਵਿੰਗ ਇੰਟਰਨੈਸਨਲ ਸੈਂਟਰ, ਬੰਗਲੌਰ ਵਿਖੇ ਗੁਰੂਦੇਵ ਦੀ ਮੌਜੂਦਗੀ ਵਿੱਚ 70 ਭਾਰਤੀ ਵਿਦਿਅਕ ਸੰਸਥਾਵਾਂ ਨਾਲ ਸਮਝੌਤਿਆਂ 'ਤੇ ਅਧਿਕਾਰਤ ਤੌਰ 'ਤੇ ਹਸਤਾਖਰ ਕੀਤੇ ਗਏ। ਇਹ ਪਹਿਲਕਦਮੀ ਆਰਟ ਆਫ ਲਿਵਿੰਗ ਦਾ ਖੁਸਹਾਲ, ਨਸਾ ਮੁਕਤ ਕੈਂਪਸ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਇਸ ਸਮੇਂ ਭਾਰਤੀ ਨੌਜਵਾਨਾਂ ਵਿੱਚ ਡਿਪਰੈਸਨ ਦੀ ਦਰ 31% ਤੋਂ 57% ਤੱਕ ਪਹੁੰਚ ਗਈ ਹੈ ਜੋ ਕਿ ਬਹੁਤ ਜ?ਿਆਦਾ ਹੈ। ਅਜਿਹੇ 'ਚ ਆਰਟ ਆਫ ਲਿਵਿੰਗ ਪ੍ਰੋਗਰਾਮ ਬਹੁਤ ਜਰੂਰੀ ਹਨ। ਸਕੂਲੀ ਬੱਚਿਆਂ ਲਈ ਮੇਧਾ ਯੋਗਾ, ਉਤਕਰਸ ਯੋਗਾ ਅਤੇ ਕਾਲਜ ਦੇ ਵਿਦਿਆਰਥੀਆਂ ਲਈ !+ (ਯੁਵਾ ਸਸਕਤੀਕਰਨ ਅਤੇ ਹੁਨਰ) ਵਰਗੇ ਵਿਸੇਸ ਤੌਰ 'ਤੇ ਤਿਆਰ ਕੀਤੇ ਪ੍ਰੋਗਰਾਮਾਂ ਨੂੰ ਬਹੁਤ ਪ੍ਰਸੰਸਾ ਮਿਲੀ ਹੈ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਤਣਾਅ ਨਾਲ ਨਜਿੱਠਣ, ਇਕਾਗਰਤਾ ਵਿੱਚ ਸੁਧਾਰ ਕਰਨ, ਰਚਨਾਤਮਕਤਾ ਨੂੰ ਵਧਾਉਣ, ਅਤੇ ਲੀਡਰਸ?ਿਪ ਯੋਗਤਾਵਾਂ




ਨੂੰ ਵਿਕਸਤ ਕਰਨ ਵਿੱਚ ਮਦਦ ਕਰਨ ਲਈ ਸਾਹ ਲੈਣ ਦੀਆਂ ਤਕਨੀਕਾਂ, ਧਿਆਨ, ਅਤੇ ਜੀਵਨ ਦੇ ਹੁਨਰ ਨੂੰ ਏਕੀਕ੍ਰਿਤ ਕਰਦੇ ਹਨ। ਇਹ ਪ੍ਰੋਗਰਾਮ ਬੱਚਿਆਂ ਅਤੇ ਕਿਸੋਰਾਂ ਵਿੱਚ ਡਿਜੀਟਲ ਲਤ ਵਰਗੀਆਂ ਚੁਣੌਤੀਆਂ ਨਾਲ ਲੜਨ ਵਿੱਚ ਵੀ ਮਦਦ ਕਰ ਰਹੇ ਹਨ। ਆਰਟ ਆਫ ਲਿਵਿੰਗ ਨੇ ਦੁਨੀਆ ਭਰ ਦੀਆਂ ਵੱਕਾਰੀ ਸੰਸਥਾਵਾਂ ਜਿਵੇਂ ਕਿ ਏਮਜ, ਆਈ.ਆਈ.ਟੀ., ਆਈ.ਆਈ.ਐਮ., ਐਨ.ਆਈ.ਟੀ., ਐਨ.ਐਲ.ਯੂ., ਆਈ.ਆਈ.ਆਈ.ਟੀ. ਆਦਿ ਸਮੇਤ ਕਈ ਪ੍ਰਮੁੱਖ ਯੂਨੀਵਰਸਿਟੀਆਂ ਵਿੱਚ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਹੈ। ਸੰਸਥਾ ਦੇ ਪ੍ਰੋਗਰਾਮ ਅਮਰੀਕਾ ਵਿੱਚ 135 ਤੋਂ ਵੱਧ ਕੈਂਪਸਾਂ ਵਿੱਚ ਸਰਗਰਮ ਹਨ। ਇਹਨਾਂ ਭਾਈਵਾਲੀ ਦੇ ਮਾਧਿਅਮ ਨਾਲ, ਆਰਟ ਆਫ ਲਿਵਿੰਗ ਨੌਜਵਾਨਾਂ ਦੇ ਦਿਮਾਗ ਨੂੰ ਆਕਾਰ ਦੇ ਰਹੀ ਹੈ ਅਤੇ ਨਾਲ ਹੀ ਸਿੱਖਿਆ ਪ੍ਰਣਾਲੀਆਂ ਵਿੱਚ ਵੱਧ ਰਹੀਆਂ ਚੁਣੌਤੀਆਂ ਨੂੰ ਹੱਲ ਕਰ ਰਹੀ ਹੈ। "ਸਾਡੇ ਅਤੇ ਦੇ ਵਿਦਿਆਰਥੀਆਂ ਲਈ ਸੁਰੂ ਕੀਤਾ ਗਿਆ ਮੇਧਾ ਯੋਗ ਅਤੇ ਉਤਕਰਸ ਯੋਗ ਪ੍ਰੋਗਰਾਮ ਪਹਿਲਾਂ ਹੀ ਸਕਾਰਾਤਮਕ ਤਬਦੀਲੀਆਂ ਦਾ ਗਵਾਹ ਹੈ, ਬਹੁਤ ਸਾਰੇ ਵਿਦਿਆਰਥੀਆਂ ਨੇ ਸਿਹਤ ਲਾਭ, ਬਿਹਤਰ ਸਬੰਧਾਂ ਅਤੇ ਮਾਨਸਿਕ ਸਾਂਤੀ ਦਾ ਅਨੁਭਵ ਕੀਤਾ ਹੈ ਇੱਕ ਖੇਡ ਬਦਲਣ ਵਾਲਾ," ਅਰੁਣਾ ਰਾਮਕ੍ਰਿਸਨ, ਚੇਅਰਪਰਸਨ, ਭਾਰਤੀ ਵਿਦਿਆ ਭਵਨ ਹਾਇਰ ਸੈਕੰਡਰੀ ਸਕੂਲ, ਇਰੋਡ ਨੇ ਸਾਂਝਾ ਕੀਤਾ। ਮੇਓ ਕਾਲਜ ਅਜਮੇਰ ਦੇ ਡਾਇਰੈਕਟਰ ਐੱਸ.ਐੱਚ. ਕੁਲਕਰਨੀ ਇਸ ਦਾ ਸਮਰਥਨ ਕਰਦੇ ਹੋਏ ਕਹਿੰਦੇ ਹਨ, "ਆਰਟ ਆਫ ਲਿਵਿੰਗ ਵਰਕਸਾਪਾਂ ਵਿੱਚ ਸਿਖਾਈ ਜਾਣ ਵਾਲੀ ਸੁਦਰਸਨ ਕਿਰਿਆ ਨੇ ਵਿਦਿਆਰਥੀਆਂ ਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਅ ਕੀਤਾ ਹੈ। ਵਿਦਿਆਰਥੀਆਂ ਨੇ ਬਿਹਤਰ ਤਣਾਅ ਪ੍ਰਬੰਧਨ, ਭਾਵਨਾਤਮਕ ਸਥਿਰਤਾ ਅਤੇ ਉੱਚ ਇਕਾਗਰਤਾ ਦੇ ਪੱਧਰਾਂ ਦੀ ਰਿਪੋਰਟ ਕੀਤੀ ਹੈ। ਇਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਲਈ ਲਾਭਦਾਇਕ ਹੈ।" ਅਕਾਦਮਿਕ ਨੌਜਵਾਨ ਪੀੜ੍ਹੀ ਦੀ ਸਖਸੀਅਤ ਨੂੰ ਘੜਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹ ਨੌਜਵਾਨ ਦਿਮਾਗਾਂ ਨੂੰ ਪ੍ਰੇਰਿਤ ਕਰ ਸਕਦੇ ਹਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸਾ ਵਿੱਚ ਚਲਾ ਸਕਦੇ ਹਨ, ਜਿਸ ਨਾਲ ਸਮਾਜ ਵਿੱਚ ਵੱਡੀ ਤਬਦੀਲੀ ਆ ਸਕਦੀ ਹੈ। ਇਹ ਪ੍ਰੋਗਰਾਮ ਵਿਸੇਸ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਤਿਆਰ ਕੀਤੇ ਗਏ ਹਨ। ਗੁਰੂਦੇਵ ਸ੍ਰੀ ਸ੍ਰੀ ਰਵੀਸੰਕਰ ਇੱਕ ਮਾਨਵਤਾਵਾਦੀ, ਅਧਿਆਤਮਿਕ ਨੇਤਾ ਅਤੇ ਸਾਂਤੀ ਬਣਾਉਣ ਵਾਲੇ ਹਨ। ਗੁਰੂਦੇਵ ਨੇ ਆਪਣੇ ਜੀਵਨ ਅਤੇ ਕੰਮਾਂ ਰਾਹੀਂ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਤਣਾਅ-ਮੁਕਤ ਅਤੇ ਹਿੰਸਾ-ਮੁਕਤ ਸੰਸਾਰ ਦੇ ਆਪਣੇ ਦ੍ਰਿਸਟੀਕੋਣ ਨਾਲ ਪ੍ਰੇਰਿਤ ਕੀਤਾ ਹੈ। ਉਨ੍ਹਾਂ ਨੇ ਅਜਿਹੇ ਪ੍ਰੋਗਰਾਮ ਤਿਆਰ ਕੀਤੇ ਹਨ ਜੋ ਡੂੰਘੇ ਅਤੇ ਖੁਸਹਾਲ ਜੀਵਨ ਜਿਊਣ ਲਈ ਤਕਨੀਕਾਂ ਅਤੇ ਸਾਧਨ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਆਰਟ ਆਫ ਲਿਵਿੰਗ ਅਤੇ ਇੰਟਰਨੈਸਨਲ ਐਸੋਸੀਏਸਨ ਫਾਰ ਹਿਊਮਨ ਵੈਲਯੂਜ ਵਰਗੀਆਂ ਗੈਰ-ਲਾਭਕਾਰੀ ਸੰਸਥਾਵਾਂ ਦੀ ਸਥਾਪਨਾ ਕੀਤੀ ਹੈ ਜੋ ਲਿੰਗ, ਜਾਤ, ਕੌਮੀਅਤ ਅਤੇ ਧਰਮ ਦੀਆਂ ਸੀਮਾਵਾਂ ਤੋਂ ਪਾਰ ਮਨੁੱਖਤਾ ਦਾ ਸਮਰਥਨ ਕਰਦੀ ਹੈ।